13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 29
October 23, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਬਾਬਾ ਸਾਹਿਬ ਡਾ. ਅੰਬੇਡਕਰ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਪੰਜਾਬ ਫੇਰੀ (27 ਅਕਤੂਬਰ 1951) ਦੀ ਇਤਿਹਾਸਕ ਯਾਦਗਾਰੀ ਤਸਵੀਰ




ਸਮੂਹ ਲੋਕਾਂ ਦੇ ਸਹਿਯੋਗ ਨਾਲ ਅੰਬੇਦਕਰ ਭਵਨ, ਜਲੰਧਰ ਦਾ 27 ਅਕਤੂਬਰ 2024 ਨੂੰ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਸਬੰਧਤ ਇਸ਼ਤਿਹਾਰ ਅਤੇ ਇਤਿਹਾਸਕ ਦਸਤਾਵੇਜ਼ ਸਫਾ 6 ਅਤੇ ਸਫਾ 25 'ਤੇ ਦੇਖੋ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

## ਪ੍ਰਿਯੰਕਾ ਗਾਂਧੀ ਵਾਇਨਾਡ ਤੋਂ ਕਾਂਗਰਸ ਦੀ ਉਮੀਦਵਾਰ



**ਵਾਇਨਾਡ (ਬਿਊਰੋ–** ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਬੁੱਧਵਾਰ ਨੂੰ ਕੇਰਲ ਦੇ ਵਾਇਨਾਡ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਆਪਣੇ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ। ਇਸ ਦੇ ਨਾਲ ਹੀ ਪ੍ਰਿਯੰਕਾ ਗਾਂਧੀ ਪਹਿਲੀ ਵਾਰ ਕਿਸੇ ਚੋਣ ਮੈਦਾਨ ਵਿਚ ਨਿੱਤਰ ਆਏ ਹਨ। ਉਨ੍ਹਾਂ ਵਾਇਨਾਡ ਚੋਣ ਦੀ ਰਿਟਰਨਿੰਗ ਅਫ਼ਸਰ ਅਤੇ ਜ਼ਿਲ੍ਹਾ ਕੁਲੈਕਟਰ ਮੇਘਾਸ਼੍ਰੀ ਕੋਲ ਨਾਮਜ਼ਦਗੀ ਕਾਗਜ਼ਾਂ ਦੇ ਤਿੰਨ ਸੈੱਟ ਦਾਖ਼ਲ ਕੀਤੇ ਹਨ। ਜਦੋਂ ਉਨ੍ਹਾਂ ਕਾਗਜ਼ਾਂ ਉਤੇ ਦਸਤਖ਼ਤ ਕੀਤੇ ਤਾਂ ਉਨ੍ਹਾਂ ਦੇ ਪਤੀ ਰੌਬਰਟ ਵਾਡਰਾ ਅਤੇ ਉਨ੍ਹਾਂ ਦਾ ਪੁੱਤਰ ਉਨ੍ਹਾਂ ਨਾਲ ਸਨ। ਉਨ੍ਹਾਂ ਦੀ ਮਾਤਾ ਤੇ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਪਿੱਛੇ ਬੈਠੇ ਸਨ। ਇਸ ਦੌਰਾਨ ਉਦੋਂ ਕੁਝ ਭੰਬਲਭੂਸਾ ਪੈਦਾ ਹੋਇਆ ਜਦੋਂ ਅਧਿਕਾਰੀਆਂ ਨੇ ਜ਼ੋਰ ਦਿੱਤਾ ਕਿ ਕਾਗਜ਼ ਭਰਨ ਲਈ ਰਿਟਰਨਿੰਗ ਅਫ਼ਸਰ ਦੇ ਚੈਂਬਰ ਵਿਚ ਉਮੀਦਵਾਰ ਨਾਲ ਸਿਰਫ਼ ਪੰਜ ਜਣੇ ਹੀ ਜਾ ਸਕਦੇ ਹਨ।

## ਹੁਣ ਪੰਜਾਬ 'ਚ ਜ਼ਿਮਨੀ ਚੋਣਾਂ ਦੀ ਦਸਤਕ

**ਚੰਡੀਗੜ੍ਹ (ਬਿਊਰੋ–** ਪੰਜਾਬ ਵਿਧਾਨ ਸਭਾ ਦੀਆਂ ਖਾਲੀ ਹੋਈਆਂ 4 ਸੀਟਾਂ ਉਤੇ 13 ਨਵੰਬਰ ਨੂੰ ਜ਼ਿਮਨੀ ਚੋਣਾਂ ਹੋਣ ਜਾ ਰਹੀਆਂ ਹਨ। ਇਹਨਾਂ ਚੋਣਾਂ ਲਈ ਲਗਭਗ ਸਾਰੀਆਂ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਨੇ ਗਿੱਦੜਬਾਹਾ ਸੀਟ ਤੋਂ ਰਾਜਾ ਵੜਿੰਗ ਦੇ ਘਰੇ ਹੀ ਟਿਕਟ ਪਕੜਾ ਦਿੱਤੀ, ਜਦਕਿ ਭਾਜਪਾ ਨੇ ਇਸ ਵਾਰ ਮਨਪ੍ਰੀਤ ਬਾਦਲ ਨੂੰ ਉਥੋਂ ਉਤਾਰਿਆ ਹੈ। ਡੇਰਾ ਬਾਬਾ ਨਾਨਕ ਤੋਂ ਸੁਖਜਿੰਦਰ ਰੰਧਾਵਾ ਦੇ ਹੱਥ ਹੀ ਕਮਾਨ ਹੈ। ਆਮ ਆਦਮੀ ਪਾਰਟੀ ਨੇ ਵੀ ਆਪਣੇ ਚਾਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਅਕਾਲੀ ਦਲ ਹਾਲੇ ਦੁਚਿੱਤੀ ਵਿਚ ਨਜ਼ਰ ਆ ਰਿਹਾ ਹੈ ਪਰ ਅੱਜਕਲ੍ਹ ਵਿਚ ਉਮੀਦਵਾਰ ਐਲਾਨ ਸਕਦਾ ਹੈ। ਇਹਨਾਂ ਚੋਣਾਂ ਦਾ ਪੰਜਾਬ ਵਿਧਾਨ ਸਭਾ ਤੇ ਬਹੁਤਾ ਅਸਰ ਨਹੀਂ ਪਵੇਗਾ ਅਤੇ ਨਾ ਹੀ ਸਰਕਾਰ ਲਈ ਕੋਈ ਸਮੱਸਿਆ ਆਵੇਗੀ ਪਰ ਇਸ ਦੇ ਬਾਵਜੂਦ ਪੰਚਾਇਤ ਚੋਣਾਂ ਹੋਣ ਤੋਂ ਤੁਰੰਤ ਬਾਅਦ ਇਹ ਚੋਣਾਂ ਪੰਜਾਬ ਵਾਸੀਆਂ ਨੂੰ ਉਤਸ਼ਾਹਿਤ ਨਹੀਂ ਕਰ ਪਾ ਰਹੀਆਂ।




# ਟਰੰਪ ਤੇ ਹੈਰਿਸ ਹੁਣ ਲੈਟਿਨ ਵੋਟਰਾਂ ਤੱਕ ਪਹੁੰਚਣ ਲਈ ਜ਼ੋਰ ਲਾਉਣ ਲੱਗੇ

**ਵਾਸ਼ਿੰਗਟਨ (ਬਿਊਰੋ)–** ਕਮਲਾ ਹੈਰਿਸ ਤੇ ਡੋਨਲਡ ਟਰੰਪ ਦੋਵੇਂ ਆਰਥਿਕ ਨੀਤੀਆਂ ਨੂੰ ਲੈਟਿਨ ਵੋਟਰਾਂ ਨੂੰ ਜਿੱਤਣ ਦਾ ਸਭ ਤੋਂ ਚੰਗਾ ਮੌਕਾ ਮੰਨਦੇ ਹਨ ਪਰ ਦੋਵਾਂ ਦਾ ਨਜ਼ਰੀਆ ਵੱਖੋ-ਵੱਖਰਾ ਹੈ।

ਬੀਤੀ ਦੁਪਹਿਰ ਨੂੰ ਉਪ ਰਾਸ਼ਟਰਪਤੀ ਹੈਰਿਸ ਨੇ ਇਸ ਗੱਲ 'ਤੇ ਰੋਸ਼ਨੀ ਪਾਉਂਦਿਆਂ ਯੋਜਨਾ ਬਣਾਈ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦਾ ਏਜੰਡਾ ਲਾਤੀਨੀ ਲੋਕਾਂ ਲਈ ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰੇਗਾ। ਡੈਮੋਕਰੈਟਿਕ ਉਮੀਦਵਾਰ ਦਾ ਇਰਾਦਾ ਰਜਿਸਟਰਡ ਟਰੇਨੀਆਂ ਦੀ ਗਿਣਤੀ ਦੁੱਗਣਾ ਕਰਨ ਦੀ ਆਪਣੀ ਯੋਜਨਾ ਨੂੰ ਪੇਸ਼ ਕਰਨਾ ਹੈ। ਉਹ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦੀ ਹੈ ਕਿ ਉਹ ਕੁਝ ਸੰਘੀ ਸਰਕਾਰੀ ਨੌਕਰੀਆਂ ਲਈ ਕਾਲਜ ਦੀ ਡਿਗਰੀ ਦੀ ਲੋੜ ਨੂੰ ਕਿਸ ਤਰ੍ਹਾਂ ਹਟਾਏਗੀ ਅਤੇ ਨਿੱਜੀ ਰੁਜ਼ਗਾਰ ਦੇਣ ਵਾਲਿਆਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰੇਗੀ। ਹੈਰਿਸ 10 ਲੱਖ ਛੋਟੇ ਕਾਰੋਬੀਆਂ ਨੂੰ 20 ਹਜ਼ਾਰ ਡਾਲਰ ਤੱਕ ਦਾ ਮੁਆਫ ਕਰਨ ਯੋਗ ਕਰਜ਼ਾ ਮੁਹੱਈਆ ਕਰਨਾ ਚਾਹੁੰਦੀ ਹੈ।



ਦੂਜੇ ਪਾਸੇ ਸਾਬਕਾ ਰਾਸ਼ਟਰਪਤੀ ਤੇ ਰਿਪਬਲਿਕਨ ਉਮੀਦਵਾਰ ਟਰੰਪ ਮਿਆਮੀ ਦੇ ਨੀਮ ਸ਼ਹਿਰੀ ਇਲਾਕੇ ਡੋਰਲ 'ਚ ਲਾਤੀਨੀ ਲੋਕਾਂ ਨਾਲ ਇੱਕ ਗੋਲ ਮੇਜ਼ ਸੰਮੇਲਨ ਕਰਕੇ ਉਨ੍ਹਾਂ ਤੱਕ ਆਪਣੀ ਪਹੁੰਚ ਬਣਾ ਰਹੇ ਹਨ।

ਉਨ੍ਹਾਂ ਦੀ ਪ੍ਰਚਾਰ ਮੁਹਿੰਮ 'ਚ ਕਿਹਾ ਗਿਆ ਹੈ ਕਿ ਉਹ ਦਾਅਵਾ ਕਰਨਗੇ ਕਿ ਉਨ੍ਹਾਂ ਦੇ ਦਫ਼ਤਰ 'ਚ ਰਹਿਣ ਦੌਰਾਨ ਲਾਤਿਨੀ ਲੋਕਾਂ ਲਈ ਰੁਜ਼ਗਾਰ, ਮਜ਼ਦੂਰੀ ਤੇ ਘਰ ਦੀ ਮਾਲਕੀ 'ਚ ਵਾਧਾ ਹੋਇਆ ਹੈ।

# ਬਰਿੱਕਸ ਸੰਮੇਲਨ: ਮੋਦੀ ਨੇ ਅਤਿਵਾਦ ਖ਼ਿਲਾਫ਼ ਇਕਮਤ ਹੋ ਕੇ ਲੜਨ 'ਤੇ ਦਿੱਤਾ ਜ਼ੋਰ

**ਕਜ਼ਾਨ (ਰੂਸ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਤਿਵਾਦ ਖ਼ਿਲਾਫ਼ ਲੜਨ ਵਿੱਚ ਸਾਰਿਆਂ ਦੇ ਇਕਮਤ ਹੋ ਕੇ ਦ੍ਰਿੜ੍ਹਤਾ ਨਾਲ ਸਹਿਯੋਗ ਕਰਨ ਦੀ ਜ਼ੋਰਦਾਰ ਵਕਾਲਤ ਕਰਦਿਆਂ ਅੱਜ ਕਿਹਾ ਕਿ ਇਸ ਚੁਣੌਤੀ ਨਾਲ ਨਜਿੱਠਣ ਲਈ ਦੋਹਰੇ ਮਾਪਦੰਡਾਂ ਲਈ ਕੋਈ ਥਾਂ ਨਹੀਂ ਹੈ। ਮੋਦੀ ਨੇ ਇੱਥੇ 16ਵੇਂ ਬਰਿੱਕਸ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਵਿੱਚ ਕੱਟੜਵਾਦ ਨੂੰ ਰੋਕਣ ਲਈ ਸਾਨੂੰ ਸਰਗਰਮ ਤੌਰ 'ਤੇ ਕਦਮ ਚੁੱਕਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਇਰਾਨ ਦੇ ਮਸੂਦ ਪੇਜੇਸ਼ਕੀਅਨ ਸਮੇਤ ਬ੍ਰਿਕਸ ਦੇ ਸੀਨੀਅਰ ਨੇਤਾਵਾਂ ਦੀ ਮੌਜੂਦਗੀ ਵਿੱਚ ਇਹ ਗੱਲ ਕਹੀ। ਮੋਦੀ ਨੇ ਕਿਹਾ, ''ਅਤਿਵਾਦ ਅਤੇ ਇਸ ਦੀ ਫੰਡਿੰਗ ਨਾਲ ਨਜਿੱਠਣ ਲਈ ਸਾਨੂੰ ਸਾਰਿਆਂ ਨੂੰ ਇਕਮੱਤ ਹੋ ਕੇ ਦ੍ਰਿੜ੍ਹਤਾ ਨਾਲ ਸਹਿਯੋਗ ਕਰਨਾ ਹੋਵੇਗਾ।'' ਮੋਦੀ ਦੀ ਅਤਿਵਾਦ ਨਾਲ ਨਜਿੱਠਣ ਵਾਸਤੇ 'ਦੋਹਰੇ ਮਾਪਦੰਡਾਂ' ਲਈ ਕੋਈ ਥਾਂ ਨਹੀਂ ਹੈ, ਵਾਲੀ ਟਿੱਪਣੀ ਇਸ ਲਈ ਮਾਅਨੇ ਰੱਖਦੀ ਹੈ ਕਿਉਂਕਿ ਚੀਨ ਨੇ ਪਾਕਿਸਤਾਨ ਅਤਿਵਾਦੀਆਂ ਨੂੰ ਨੋਟੀਫਾਈ ਕਰਨ ਸਬੰਧੀ ਕਈ ਮਤਿਆਂ ਨੂੰ ਸੰਯੁਕਤ ਰਾਸ਼ਟਰ ਵਿੱਚ ਰੋਕ ਦਿੱਤਾ ਸੀ। ਇਸ ਦੌਰਾਨ ਬਰਿੱਕਸ ਸੰਮੇਲਨ ਤੋਂ ਵੱਖਰੇ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਦੁਵੱਲੀ ਗੱਲਬਾਤ ਕੀਤੀ। ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਇੱਕ ਦਿਨ ਪਹਿਲਾਂ ਹੀ ਭਾਰਤ ਤੇ ਚੀਨ ਨੇ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐਲਏਸੀ) 'ਤੇ ਆਪਣੀਆਂ ਫੌਜਾਂ ਵੱਲੋਂ ਗਸ਼ਤ ਕਰਨ ਦੇ ਸਮਝੌਤੇ ਉੱਤੇ ਸਹਿਮਤੀ ਪ੍ਰਗਟਾਈ ਸੀ।



### ਬਰਿੱਕਸ ਮੁਲਕ ਵਪਾਰ ਅਤੇ ਵਿੱਤੀ ਲੈਣ-ਦੇਣ ਸਥਾਨਕ ਕਰੰਸੀਆਂ 'ਚ ਕਰਨ 'ਤੇ ਸਹਿਮਤ

ਕਜ਼ਾਨ: ਬਰਿੱਕਸ ਮੁਲਕਾਂ ਨੇ ਅੱਜ ਕਾਰੋਬਾਰ ਅਤੇ ਵਿੱਤੀ ਲੈਣ-ਦੇਣ ਸਥਾਨਕ ਕਰੰਸੀਆਂ 'ਚ ਕਰਨ 'ਤੇ ਸਹਿਮਤੀ ਜ਼ਾਹਿਰ ਕੀਤੀ ਹੈ। ਆਗੂਆਂ ਨੇ ਸਾਂਝੇ ਤੌਰ 'ਤੇ ਨਿਊ ਡਿਵੈਲਪਮੈਂਟ ਬੈਂਕ ਵਿਕਸਤ ਕਰਨ 'ਤੇ ਵੀ ਸਹਿਮਤੀ ਜਤਾਈ ਅਤੇ ਬਰਿੱਕਸ ਦੀ ਅਗਵਾਈ ਹੇਠਲੇ ਬੈਂਕ ਦੀ ਮੈਂਬਰਸ਼ਿਪ ਵਧਾਉਣ ਦੀ ਹਮਾਇਤ ਕੀਤੀ। ਸਿਖਰ ਸੰਮੇਲਨ ਮਗਰੋਂ ਜਾਰੀ ਐਲਾਨਨਾਮੇ 'ਚ ਆਗੂਆਂ ਨੇ ਬਰਿੱਕਸ ਅੰਦਰ ਵਿੱਤੀ ਸਹਿਯੋਗ ਵਧਾਉਣ ਪ੍ਰਤੀ ਵਚਨਬੱਧਤਾ ਦੁਹਰਾਈ। ਐਲਾਨਨਾਮੇ 'ਚ ਕਿਹਾ ਗਿਆ ਹੈ ਕਿ ਉਹ ਵਪਾਰ ਦੇ ਅੜਿੱਕੇ ਘਟਾਉਣ ਅਤੇ ਬਿਨਾਂ ਪੱਖਪਾਤ ਪਹੁੰਚ ਦੇ ਸਿਧਾਂਤ ਉੱਤੇ ਤਿਆਰ ਸੁਰੱਖਿਅਤ ਅਤੇ ਸਰਹੱਦ ਪਾਰ ਭੁਗਤਾਨ ਉਤਪਾਦਾਂ ਦੇ ਵੱਡੇ ਲਾਭ ਨੂੰ ਸਮਝਦੇ ਹਨ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY




Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Sabha Pittsburg (CA) Program






**November 01, 2024,**
**Diwali celebration – hosted by Suman family**

Suman family will be hoisting Diwali celebration at Gurughar. Sukhmani Sahib Path will start at 6 PM and followed by Kirtan Diwan. Entire Sangat is requested to paricipate.

**November 15-16-17, 2024,**
**Gurpurab Sri Guru Nanak dev Ji**

Guru Nanak Dev Ji was the founder of Sikhism and is the first of ten Sikh Gurus. Gurpurab will be celebrated in Gurdwara on Nov 15-16-17, 2024. Arambh Akhand Path Friday, Nov 15, 2024, and will conclude with Bhog on Sunday, Nov 17,2024

**November 22-23-24, 2024,**
**Akhand Path Sahib Sewa by Bhai Jagir Singh Family**

Bhai Jagir Singh ji is retiring from job and thanking Waheguru ji for all HIS blessing and praying for Future life. Arambh Akhand Path Friday, Nov 22, 2024, and conclude with Bhog on Sunday, Nov 24,2024

**December 8, 2024,**
**Sukhmani Sahib Path Sewa by Laskar Family**

Sukhmani Sahib Path and Langar Sewa will be hoisted by Lashkar Family for blessing and celebrating the Birthday of their child and seek blessing of Waheguru ji. Entire Sangat is requested to participate.

**December 31, 2024,**
**Rain Savai**

**February 14-15-16, 2025,**
**Gurpurab Shri Guru Ravidas ji**

Gurpurab Sri Guru Ravidas ji will be celebrated in Gurughar on February 14-15-16, 2025. Akhand Path will Arambh on Friday, Feb 14, 2024, and conclude with Bhog on Sunday Feb 16, 2025.

Katha Watchak and Kirtani Jathas will adorn the occasion.

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruuravidasstemple.com



Chairman
Vinod Kumar Jakhu



President
Sunita Bangar




Gen. Secretary
Upinder Pal Ricky



Treasurer
Shinder Pal Narabut

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 27 ਅਕਤੂਬਰ ਨੂੰ ਵਲੇਹੋ, ਅਮੈਰੀਕਨ ਕੈਨੀਅਨ ਵਿਖੇ ਮਨਾਇਆ ਜਾਵੇਗਾ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਮਹਾਨ ਕਥਾਵਾਚਕ ਅਤੇ ਸ਼ਬਦ ਗੁਰਬਾਣੀ ਦੇ ਗਿਆਤਾ ਇਤਿਹਾਸਕ ਤੱਥਾਂ ਦੀ ਸਾਂਝ ਸੰਗਤਾਂ ਨਾਲ ਸਾਂਝੀ ਕਰਨਗੇ। ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਬਹੁਤ ਸਾਰੇ ਬੁਲਾਰੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 27, 2024 (SUNDAY)

## Time: 9:00AM to 4:00PM

## 300 Napa Junction Road (Near City Hall) American Canyon CA 94503

**ਇਸ ਮੌਕੇ ਭਗਵਾਨ ਵਾਲਮੀਕ ਜੀ ਦੀਆਂ ਸਿਖਿਆਵਾਂ ਬਾਰੇ ਬਹੁਪੱਖੀ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।**

### ਹੋਰ ਜਾਣਕਾਰੀ ਲਈ ਸੰਪਰਕ ਕਰੋ

Kewal Sidhu 707-704-3869
Bhinda Singh 916-613-3311
Rajinder Hans 925-214-6454
Avtar Uppal 408-613-4790
Madan Lal : 669-235-0507

Sodhi Nahar 707-704-5216
Baljiwan Dass 408-394-6729
Dr. Gurjit Singh 925-321-0117
Gurpal Singh 916-873-0311
Sushil kumar 209-764-0281

## ਜਾਰੀ ਕਰਤਾ: ਭਗਵਾਨ ਵਾਲਮੀਕ ਜੀ ਦੇ ਸਮੂਹ ਸ਼ਰਧਾਲੂ (ਕੈਲੇਫੋਰਨੀਆ)

# ਇਤਿਹਾਸਕ ਸਥਾਨ ਅੰਬੇਡਕਰ ਭਵਨ 'ਤੇ ਲਾਇਆ ਜਾਵੇਗਾ ਫ੍ਰੀ ਮੈਡੀਕਲ ਚੈਕਅੱਪ ਕੈਂਪ

**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਬੋਰਡ ਆਫ ਟਰੱਸਟੀਜ ਦੀ ਮੀਟਿੰਗ ਚੇਅਰਮੈਨ ਸ੍ਰੀ ਸੋਹਨ ਲਾਲ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ। ਅੰਬੇਡਕਰ ਮਾਰਗ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਜੀ ਦਾ 27 ਅਕਤੂਬਰ 1951 ਨੂੰ ਅੰਬੇਡਕਰ ਭਵਨ ਵਿਖੇ ਆਗਮਨ ਦਿਵਸ ਮਨਾਉਣ ਲਈ 27 ਅਕਤੂਬਰ 2024 ਨੂੰ ਫ੍ਰੀ ਮੈਡੀਕਲ ਚੈੱਕ ਅਪ ਕੈਂਪ ਲਗਾਇਆ ਜਾਵੇਗਾ। ਯਾਦ ਰਹੇ ਕਿ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾ। ਭੀਮ ਰਾਉ ਅੰਬੇਡਕਰ ਜਲੰਧਰ ਵਿਖੇ ਇਸ ਸਥਾਨ 'ਤੇ ਪਧਾਰੇ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਬਾਬਾ ਸਾਹਿਬ ਦੀ ਇਸ ਚਰਨ ਛੋਹ ਪ੍ਰਾਪਤ ਭੂਮੀ ਨੂੰ ਉੱਘੇ ਅੰਬੇਡਕਰਵਾਦੀ, ਨਿਡਰ ਬੁਲਾਰੇ, ਮਹਾਨ ਚਿੰਤਕ, ਭੀਮ ਪਤ੍ਰਿਕਾ ਦੇ ਸੰਪਾਦਕ ਸ੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਸ੍ਰੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਲੋਕਾਂ ਕੋਲੋਂ ਇੱਕ ਇੱਕ ਰੁਪਈਆ ਇਕੱਠਾ ਕਰਕੇ 1963 ਵਿੱਚ ਇਹ ਭੂਮੀ ਖਰੀਦੀ ਅਤੇ 1972 ਵਿੱਚ ਇਸ ਦਾ ਟਰੱਸਟ ਬਣਾ ਕੇ ਆਪਣੇ ਟਰੱਸਟੀ ਸਾਥੀਆਂ ਦੇ ਸਹਿਯੋਗ ਨਾਲ ਇਸ ਇਤਿਹਾਸਿਕ, ਪਵਿੱਤਰ ਭੂਮੀ ਤੇ ਬਹੁਤ ਆਲੀ ਸ਼ਾਨ ਅੰਬੇਡਕਰ ਭਵਨ ਦਾ ਨਿਰਮਾਣ ਕੀਤਾ। ਇਹ ਅੰਬੇਡਕਰ ਭਵਨ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ




ਸਮਾਜਿਕ, ਅੰਬੇਡਕਰੀ ਅਤੇ ਬੋਧੀ ਗਤੀਵਿਧੀਆਂ ਦਾ ਕੇਂਦਰ ਹੈ। ਅੰਬੇਡਕਰ ਭਵਨ ਵਿੱਚ ਦੋ ਵੱਡੇ ਹਾਲ, ਜਿੱਥੇ ਮਿਸ਼ਨਰੀ ਅਤੇ ਸਮਾਜਿਕ ਸੰਸਥਾਵਾਂ ਦੀਆਂ ਗਤੀਵਿਧੀਆਂ ਚਲਦੀਆਂ ਰਹਿੰਦੀਆਂ ਹਨ। ਇਹ ਹਾਲ ਆਮ ਜਨਤਾ ਨੂੰ ਆਪਣੇ ਸਮਾਜਿਕ ਅਤੇ ਪ੍ਰਵਾਰਿਕ ਸਮਾਗਮ ਕਰਨ ਵਾਸਤੇ ਨਾਮ-ਮਾਤਰ ਕਿਰਾਏ ਤੇ ਉਪਲਬਧ ਕਰਾਏ ਜਾਂਦੇ ਹਨ। ਭਵਨ ਵਿਚ ਇੱਕ ਡਾ. ਅੰਬੇਡਕਰ ਲਾਇਬ੍ਰੇਰੀ ਵੀ ਹੈ ਜਿੱਥੇ ਵਿਦਿਆਰਥੀ ਆਪਣਾ ਖੋਜ ਦਾ ਕੰਮ ਕਰਦੇ ਹਨ। ਅੰਬੇਡਕਰ ਭਵਨ ਦੇ ਵਿਹੜੇ ਵਿਚ ਦਸ ਫੁੱਟ ਉੱਚੀ ਬੁੱਧ ਦੀ ਇਕ ਬਹੁਤ ਹੀ ਸੁੰਦਰ ਚਿੱਟੀ ਮੂਰਤੀ ਹੈ, ਜਿੱਥੇ ਆ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ। 27 ਅਕਤੂਬਰ 2024 ਐਤਵਾਰ ਨੂੰ ਲਗਾਏ ਜਾ ਰਹੇ ਫ੍ਰੀ ਮੈਡੀਕਲ ਚੈਕਅੱਪ ਕੈਂਪ ਵਿੱਚ ਯੋਗਤਾ ਪ੍ਰਾਪਤ ਅਤਿ ਤਜਰਬੇਕਾਰ ਡਾ. ਚਰਨਜੀਤ ਸਿੰਘ ਐਮਐਸ ਔਰਥੋ, ਸਾਬਕਾ ਪੀਸੀਐਮਐਸ, ਐਸਐਮ; ਡਾ. ਚੰਦਰ ਪ੍ਰਕਾਸ਼ ਐਮਬੀਬੀਐਸ, ਸਾਬਕਾ ਪੀਸੀਐਮਐਸ, ਐਸਐਸ ; ਡਾ. ਅਮਰਦੀਪ ਸਿੰਘ ਐਮਬੀਬੀਐਸ, ਪੀਸੀ ਐਮ ਐਸ; ਡਾ. (ਸ਼੍ਰੀਮਤੀ) ਨਵਦੀਪ ਐਮਬੀਬੀਐਸ, ਅਤੇ ਡਾ. (ਸ਼੍ਰੀਮਤੀ) ਜੈਸਮੀਨ ਐਮਬੀਬੀਐਸ, ਪੀਸੀਐਮਐਸ ਪਹੁੰਚ ਰਹੇ ਹਨ। ਮਰੀਜ਼ਾਂ ਦਾ ਫ੍ਰੀ ਮੈਡੀਕਲ ਚੈਕਅੱਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਅੰਬੇਡਕਰ ਭਵਨ ਦੇ ਟਰੱਸਟੀਆਂ ਨੇ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਮਰੀਜ਼ ਇਸ ਫ੍ਰੀ ਮੈਡੀਕਲ ਚੈਕਅੱਪ ਕੈਂਪ ਦਾ ਲਾਭ ਉਠਾਉਣ।

ਇਸ ਮੌਕੇ ਡਾ. ਜੀਸੀ ਕੌਲ, ਡਾ. ਸੁਰਿੰਦਰ ਅਜਨਾਤ, ਬਲਦੇਵ ਰਾਜ ਭਾਰਦਵਾਜ, ਚਰਨ ਦਾਸ ਸੰਧੂ, ਹਰਮੇਸ਼ ਜੱਸਲ ਅਤੇ ਮਹਿੰਦਰ ਪਾਲ ਸੰਧੂ ਹਾਜ਼ਰ ਸਨ।

**– ਬਲਦੇਵ ਰਾਜ ਭਾਰਦਵਾਜ**

# ਰੂਸੀ ਹਮਲੇ ਤੋਂ ਬਾਅਦ ਯੂਕਰੇਨ ਦੀ ਆਬਾਦੀ 'ਚ ਭਾਰੀ ਗਿਰਾਵਟ

**ਕੀਵ (ਬਿਊਰੋ)–** ਰੂਸ ਅਤੇ ਯੂਕਰੇਨ ਵਿਚਾਲੇ ਜੰਗ ਜਾਰੀ ਹੈ। ਇਸ ਜੰਗ ਵਿੱਚ ਹੁਣ ਤੱਕ ਕਈ ਲੋਕ ਮਾਰੇ ਜਾ ਚੁੱਕੇ ਹਨ। ਇਸ ਦੇ ਨਾਲ ਹੀ, ਸੰਯੁਕਤ ਰਾਸ਼ਟਰ ਨੇ ਮੰਗਲਵਾਰ ਨੂੰ ਕਿਹਾ ਕਿ ਰੂਸ ਦੇ ਹਮਲੇ ਤੋਂ ਬਾਅਦ, ਸ਼ਰਨਾਰਥੀਆਂ ਦੇ ਕੂਚ, ਉਪਜਾਊ ਸ਼ਕਤੀ ਵਿੱਚ ਗਿਰਾਵਟ ਅਤੇ ਯੁੱਧ ਵਿੱਚ ਹੋਣ ਵਾਲੀਆਂ ਮੌਤਾਂ ਕਾਰਨ ਯੂਕਰੇਨ ਦੀ ਆਬਾਦੀ 10 ਮਿਲੀਅਨ, ਜਾਂ ਲਗਭਗ ਇੱਕ ਚੌਥਾਈ ਤੱਕ ਘੱਟ ਗਈ ਹੈ। ਜਿਨੀਵਾ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਬੋਲਦਿਆਂ, ਸੰਯੁਕਤ ਰਾਸ਼ਟਰ ਆਬਾਦੀ ਫੰਡ ਦੇ ਪੂਰਬੀ ਯੂਰਪ ਦੇ ਮੁਖੀ ਫਲੋਰੈਂਸ ਬਾਉਰ ਨੇ ਕਿਹਾ ਕਿ ਫਰਵਰੀ 2022 ਵਿੱਚ ਹੋਏ ਹਮਲੇ ਨੇ ਪਹਿਲਾਂ ਤੋਂ ਹੀ ਮੁਸ਼ਕਲ ਜਨਸੰਖਿਆ ਦੀ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਉਸ ਨੇ ਕਿਹਾ ਕਿ ਜਨਮ ਦਰ ਵਿੱਚ ਭਾਰੀ ਗਿਰਾਵਟ ਆਈ ਹੈ ਅਤੇ ਵਰਤਮਾਨ ਵਿੱਚ ਪ੍ਰਤੀ ਔਰਤ ਲਗਭਗ ਇੱਕ ਬੱਚਾ ਹੈ, ਜੋ ਕਿ ਸੰਸਾਰ ਵਿੱਚ ਸਭ ਤੋਂ ਘੱਟ ਹੈ। ਇੱਕ ਸਥਿਰ ਆਬਾਦੀ ਨੂੰ ਬਣਾਈ ਰੱਖਣ ਲਈ ਪ੍ਰਤੀ ਔਰਤ



2.1 ਬੱਚਿਆਂ ਦੀ ਜਣਨ ਦਰ ਦੀ ਲੋੜ ਹੁੰਦੀ ਹੈ। 1991 ਵਿੱਚ ਸੋਵੀਅਤ ਯੂਨੀਅਨ ਦੇ ਢਹਿਣ ਵੇਲੇ ਯੂਕਰੇਨ ਦੀ ਆਬਾਦੀ 50 ਮਿਲੀਅਨ ਤੋਂ ਵੱਧ ਸੀ ਪਰ ਲਗਭਗ ਸਾਰੇ ਪੂਰਬੀ ਯੂਰਪੀਅਨ ਅਤੇ ਮੱਧ ਏਸ਼ੀਆਈ ਗੁਆਂਢੀਆਂ ਵਾਂਗ, ਇਸਦੀ ਆਬਾਦੀ ਵਿੱਚ ਕਾਫ਼ੀ ਕਮੀ ਆਈ ਹੈ। 2021 ਵਿੱਚ, ਰੂਸ ਦੇ ਪੂਰੇ ਪੈਮਾਨੇ ਦੇ ਹਮਲੇ ਤੋਂ ਪਹਿਲਾਂ ਆਖਰੀ ਸਾਲ, ਇਸਦੀ ਆਬਾਦੀ ਲਗਭਗ 40 ਮਿਲੀਅਨ ਸੀ। ਬਾਉਰ ਨੇ ਕਿਹਾ ਕਿ ਯੂਕਰੇਨ ਦੀ ਆਬਾਦੀ 'ਤੇ ਯੁੱਧ ਦੇ ਪ੍ਰਭਾਵ ਦਾ ਸਹੀ ਬਿਰਤਾਂਤ ਉਦੋਂ ਤੱਕ ਉਪਲਬਧ ਨਹੀਂ ਹੋਵੇਗਾ ਜਦੋਂ ਤੱਕ ਸੰਘਰਸ਼ ਖਤਮ ਨਹੀਂ ਹੋ ਜਾਂਦਾ, ਜਦੋਂ ਪੂਰੀ ਜਨਗਣਨਾ ਕੀਤੀ ਜਾ ਸਕਦੀ ਹੈ।

ਉਸਨੇ ਕਿਹਾ ਕਿ ਇਸਦਾ ਤੁਰੰਤ ਪ੍ਰਭਾਵ ਉਹਨਾਂ ਖੇਤਰਾਂ 'ਤੇ ਪਿਆ ਜੋ ਲਗਭਗ ਪੂਰੀ ਤਰ੍ਹਾਂ ਅਬਾਦ ਸਨ, ਪਿੰਡ ਜਿੱਥੇ ਸਿਰਫ ਬਜ਼ੁਰਗ ਲੋਕ ਬਚੇ ਸਨ, ਅਤੇ ਜੋੜੇ ਜੋ ਪਰਿਵਾਰ ਸ਼ੁਰੂ ਕਰਨ ਵਿੱਚ ਅਸਮਰੱਥ ਸਨ।

### ਵਿਦੇਸ਼ 'ਚ ਰਹਿ ਰਹੇ ਸ਼ਰਨਾਰਥੀ

ਰੂਸ ਦੀ ਜਨਸੰਖਿਆ ਦੀ ਸਥਿਤੀ, 140 ਮਿਲੀਅਨ ਤੋਂ ਵੱਧ ਦੀ ਪੂਰਵ-ਯੁੱਧ ਅਬਾਦੀ ਵਾਲਾ ਇੱਕ ਬਹੁਤ ਵੱਡਾ ਦੇਸ਼, ਯੂਕਰੇਨ ਦੇ ਹਮਲੇ ਤੋਂ ਬਾਅਦ ਵੀ ਵਿਗੜ ਗਿਆ ਹੈ: ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਵਿੱਚ ਇਸਦੀ ਜਨਮ ਦਰ 1999 ਤੋਂ ਬਾਅਦ ਸਭ ਤੋਂ ਘੱਟ ਦਰਜ ਕੀਤੀ ਗਈ ਸੀ, ਜੋ ਕਿ ਕ੍ਰੇਮਲਿਨ ਨੇ ਵੀ ਵਿਨਾਸ਼ਕਾਰੀ ਦੱਸਿਆ ਹੈ।

ਯੂਕਰੇਨ ਦੀ ਆਬਾਦੀ ਵਿੱਚ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ 6.7 ਮਿਲੀਅਨ ਸ਼ਰਨਾਰਥੀ ਹਨ ਜੋ ਹੁਣ ਵਿਦੇਸ਼ਾਂ ਵਿੱਚ ਰਹਿੰਦੇ ਹਨ, ਮੁੱਖ ਤੌਰ 'ਤੇ ਯੂਰਪ ਵਿੱਚ। ਜੰਗੀ ਮੌਤਾਂ ਵੀ ਇੱਕ ਕਾਰਕ ਸਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਕਮਲਾ ਹੈਰਿਸ ਨੇ ਬਾਈਡਨ ਪ੍ਰਸ਼ਾਸਨ ਦੀ ਗੈਰ ਕਾਨੂੰਨੀ ਪ੍ਰਵਾਸੀਆਂ ਪ੍ਰਤੀ ਪਹੁੰਚ ਦੀ ਕੀਤੀ ਜੋਰਦਾਰ ਵਕਾਲਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਡੈਮੋਕਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਕਮਲਾ ਹੈਰਿਸ ਨੇ ਇਕ ਮੁਲਾਕਾਤ/ਬਹਿਸ ਦੌਰਾਨ ਬਾਈਡਨ ਪ੍ਰਸ਼ਾਸਨ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਨਜਿੱਠਣ ਦੇ ਮਾਮਲੇ ਵਿਚ ਅਪਣਾਈ ਪਹੁੰਚ ਦੀ ਜੋਰਦਾਰ ਵਕਾਲਤ ਕੀਤੀ ਹੈ ਤੇ ਰਿਪਬਲੀਕਨਾਂ ਉਪਰ ਦੋਸ਼ ਲਾਇਆ ਹੈ ਕਿ ਉਹ ਸਰਹੱਦ ਸੁਰੱਖਿਆ ਬਿੱਲ ਪਾਸ ਕਰਨ ਵਿੱਚ ਨਾਕਾਮ ਰਹੇ ਹਨ। ਇਕ ਟੈਲੀਵੀਜ਼ਨ ਉਪਰ ਮੁਲਾਕਾਤ/ਬਹਿਸ ਦੌਰਾਨ ਫੌਕਸ ਨਿਊਜ਼ ਮੇਜ਼ਬਾਨ ਬਰੈਟ ਬੇਰ ਨੇ ਉਸ ਨੂੰ ਵਾਰ ਵਾਰ ਟੋਕਿਆ । ਆਮ ਤੌਰ 'ਤੇ ਚੈਨਲ ਅਜਿਹਾ ਨਹੀਂ ਕਰਦੇ। ਹਾਲਾਂ ਕਿ ਹੈਰਿਸ ਤੇ ਬਰੈਟ ਇਕ ਦੂਸਰੇ ਨੂੰ ਨਿਰੰਤਰ ਟੋਕਦੇ ਰਹੇ ਤੇ ਇਕ ਮੌਕੇ 'ਤੇ ਹੈਰਿਸ ਕੁਝ ਪ੍ਰੇਸ਼ਾਨ ਵੀ ਨਜਰ ਆਈ ਪਰੰਤੂ ਉਹ ਰਿਪਬਲੀਕਨ ਸਰੋਤਿਆਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਵਿਚ ਸਫਲ ਰਹੀ ਜਿਸ ਨੂੰ ਅਕਸਰ ਉਹ ਸੁਣਦੇ ਨਹੀਂ ਹਨ। ਜਦੋਂ ਹੈਰਿਸ ਨੂੰ ਪੁੱਛਿਆ ਗਿਆ ਕਿ ਡੋਨਾਲਡ ਟਰੰਪ ਜਦੋਂ ਰਾਸ਼ਟਰਪਤੀ ਸਨ ਤਾਂ ਉਨਾਂ ਦੀਆਂ ਸਰਹੱਦ ਉਪਰ ਰੋਕਾਂ ਸਬੰਧੀ ਨੀਤੀਆਂ ਵਿਚੋਂ ਕੁਝ ਨੂੰ ਬਾਈਡਨ ਪ੍ਰਸ਼ਾਸਨ ਵੱਲੋਂ ਸੱਤਾ ਸੰਭਾਲਦਿਆਂ ਹੀ ਵਾਪਿਸ ਲੈਣ ਨੂੰ ਉਹ ਕਿਵੇਂ ਜਾਇਜ਼ ਠਹਿਰਾਉਂਦੇ ਹਨ ਤਾਂ ਉਨਾਂ ਕਿਹਾ ਕਿ ਟਰੰਪ ਨੇ ਰਿਪਬਲੀਕਨਾਂ ਨੂੰ ਇਸ ਸਾਲ ਦੇ ਸ਼ੁਰੂ ਵਿਚ ਕਿਹਾ ਸੀ ਕਿ ਉਹ ਇਮੀਗ੍ਰੇਸ਼ਨ ਬਿੱਲ ਨੂੰ ਰੱਦ ਕਰ ਦੇਣ ਜਦ ਕਿ ਇਸ ਬਿੱਲ ਉਪਰ ਦੋਨਾਂ ਧਿਰਾਂ ਦੀ ਸਹਿਮਤੀ ਸੀ। ਹੈਰਿਸ ਨੇ ਕਿਹਾ ਕਿ ਟਰੰਪ ਨੇ ਇਹ ਇਸ ਲਈ ਕੀਤਾ ਸੀ ਕਿਉਂਕਿ ਉਹ ਸਮੱਸਿਆ ਹੱਲ ਕਰਨ ਦੀ ਬਜਾਏ ਇਸ ਨੂੰ ਜਿਉਂ ਦਾ ਤਿਉਂ ਕਾਇਮ ਰੱਖਣਾ ਚਹੁੰਦੇ ਸਨ। ਇਥੇ ਇਹ ਵੀ ਜਿਕਰਯੋਗ ਹੈ ਕਿ ਟਰੰਪ ਤੇ ਰਿਪਬਲੀਕਨ ਦਾਅਵਾ ਕਰਦੇ ਆ ਰਹੇ ਹਨ ਕਿ ਪ੍ਰਵਾਸੀ ਹਿੰਸਕ ਅਪਰਾਧਾਂ ਨੂੰ ਬੜਾਵਾ ਦੇ ਰਹੇ ਹਨ ਪਰੰਤੂ ਵਿਸ਼ਲੇਸ਼ਣਾਂ ਵਿਚ ਸਪੱਸ਼ਟ ਹੋਇਆ ਹੈ ਕਿ ਦੂਸਰਿਆਂ ਦੀ ਤੁਲਨਾ ਵਿਚ ਪ੍ਰਵਾਸੀਆਂ ਦੀ ਅਪਰਾਧ ਦਰ ਘੱਟ ਹੈ। ਬਰੈਟ ਵੱਲੋਂ ਹੈਰਿਸ ਨੂੰ ਪੁੱਛਿਆ ਗਿਆ ਕਿ ਬਹੁਤ ਸਾਰੇ ਅਮਰੀਕੀ ਟਰੰਪ ਦਾ ਸਮਰਥਨ ਕਰ ਰਹੇ ਹਨ ਕੀ ਉਹ ਮੂਰਖ ਹਨ? ਹੈਰਿਸ ਨੇ ਜਵਾਬ ਵਿਚ ਕਿਹਾ 'ਪ੍ਰਮਾਤਮਾ ਮੁਆਫ ਕਰੀਂ, ਮੈ ਅਮਰੀਕੀ ਲੋਕਾਂ ਬਾਰੇ ਅਜਿਹਾ ਕਦੇ ਵੀ ਕਹਿ ਜਾਂ ਸੋਚ ਨਹੀਂ ਸਕਦੀ।' ਮੁਲਾਕਾਤ ਦੌਰਾਨ ਬਰੈਟ ਬੇਰ ਨੇ ਟਰੰਪ ਦੀ ਇਕ ਟਿੱਪਣੀ ਵਿਖਾਈ ਜਿਸ ਵਿਚ ਉਸ ਨੇ ਕਿਹਾ 'ਮੈ ਕਿਸੇ ਨੂੰ ਵੀ ਧਮਕਾ ਨਹੀਂ ਰਿਹਾ' ਦੇ ਜਵਾਬ ਵਿਚ ਹੈਰਿਸ ਨੇ ਕਿਹਾ ਤੁਸੀਂ ਉਹ ਸਾਰਾ ਕੁਝ ਨਹੀਂ ਵਿਖਾਇਆ ਜੋ ਟਰੰਪ ਨੇ ਕਿਹਾ ਸੀ ਇਹ ਤਾਂ ਕੇਵਲ ਆਖਰੀ ਲਾਈਨ ਹੈ। ਟਰੰਪ ਨੇ ਵਾਰ ਵਾਰ ਜੋ ਦੁਹਰਾਇਆ ਸੀ ਤੁਸੀਂ ਤੇ ਮੈ ਬਾਖੂਬੀ ਜਾਣਦੇ ਹਾਂ। ਤੁਸੀਂ ਤੇ ਮੈ ਜਾਣਦੇ ਹਾਂ ਕਿ ਟਰੰਪ ਨੇ ਕਿਹਾ ਸੀ ਕਿ ਉਹ ਅਮਰੀਕੀ ਲੋਕਾਂ ਉਪਰ ਫੌਜ ਤਾਇਨਾਤ ਕਰ ਦੇਣਗੇ। ਕੀ ਇਹ ਲੋਕਤੰਤਰ ਹੈ? ਇਹ ਪੁੱਛੇ ਜਾਣ 'ਤੇ ਕਿ ਬਾਈਡਨ ਪ੍ਰਸ਼ਾਸਨ ਦੀ ਕੋਈ ਵੀ ਅਜਿਹੀ ਚੀਜ਼ ਨਹੀਂ ਹੈ ਜਿਸ ਨੂੰ ਉਹ ਬਦਲਣਾ ਚਹੁੰਣਗੇ ਤਾਂ ਹੈਰਿਸ ਨੇ ਕਿਹਾ ਮੈ ਸਪੱਸ਼ਟ ਕਰਨਾ ਚਹੁੰਦੀ ਹਾਂ ਕਿ ਮੇਰਾ ਕਾਰਜਕਾਲ ਬਾਈਡਨ ਪ੍ਰਸ਼ਾਸਨ ਦੇ ਕਾਰਜਕਾਲ ਦੀ ਨਿਰੰਤਰਤਾ ਨਹੀਂ ਹੋਵੇਗਾ।



ਮੈ ਆਪਣੇ ਤਰੀਕੇ ਨਾਲ ਕੰਮ ਕਰਾਂਗੀ। ਹੈਰਿਸ ਨੇ ਕਿਹਾ ਕਿ ਉਹ ਘਰਾਂ ਦੀ ਘਾਟ ਦੀ ਸਮੱਸਿਆ ਨੂੰ ਹੱਲ ਕਰਨ ਤੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਰਿਪਬਲੀਕਨਾਂ ਤੇ ਕਾਰੋਬਾਰੀ ਮਾਲਕਾਂ ਦੇ ਵਿਚਾਰਾਂ ਨੂੰ ਅਹਿਮੀਅਤ ਦੇਣਗੇ। ਉਨਾਂ ਕਿਹਾ ਬਾਈਡਨ ਕੋਲ ਨਿਰਨੇ ਲੈਣ ਤੇ ਰਾਸ਼ਟਰਪਤੀ ਵਜੋਂ ਕੰਮ ਕਰਨ ਦਾ ਤਜ਼ਰਬਾ ਹੈ । ਉਨਾਂ ਨੇ ਅਹੁੱਦਾ ਸੰਭਾਲਣ ਸਬੰਧੀ ਟਰੰਪ ਦੀ ਯੋਗਤਾ ਉਪਰ ਸਵਾਲ ਉਠਾਇਆ ਤੇ ਕਿਹਾ ਚੋਣ ਟਰੰਪ ਲੜ ਰਿਹਾ ਹੈ ਬਾਈਡਨ ਨਹੀਂ। ਇਹ ਪਹਿਲੀ ਵਾਰ ਹੈ ਕਿ ਹੈਰਿਸ ਨੇ ਇਕ ਰਾਸ਼ਟਰਪਤੀ ਉਮੀਦਵਾਰ ਵਜੋਂ ਕੰਜ਼ਰਵੇਟਿਵ ਮੀਡੀਆ ਨੈੱਟਵਰਕ ਉਪਰ 30 ਮਿੰਟ ਗੱਲਬਾਤ ਕੀਤੀ ਹੈ ਜੋ ਮੀਡੀਆ ਅਕਸਰ ਅਜਿਹੇ ਪ੍ਰੋਗਰਾਮ ਅਯੋਜਿਤ ਕਰਦਾ ਹੈ ਜਿਨਾਂ ਵਿਚ ਹੈਰਿਸ ਤੇ ਹੋਰ ਡੈਮੋਕਰੈਟਿਕ ਆਗੂਆਂ ਦਾ ਮਜ਼ਾਕ ਉਡਾਇਆ ਜਾਂਦਾ ਹੈ ਤੇ ਟਰੰਪ ਦੀਆਂ ਨੀਤੀਆਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ। ਮੁਲਾਕਾਤ ਉਪਰੰਤ ਹੈਰਿਸ ਦੇ ਇਕ ਬੁਲਾਰੇ ਬਰੀਅਨ ਫਾਲੋਨ ਨੇ ਕਿਹਾ ਕਿ 'ਅਸੀਂ ਮਹਿਸੂਸ ਕਰਦੇ ਹਾਂ ਕਿ ਨਿਸ਼ਚਤ ਤੌਰ 'ਤੇ ਜੋ ਅਸੀਂ ਚਹੁੰਦੇ ਸੀ ਉਹ ਹਾਸਲ ਕੀਤਾ ਹੈ ਤੇ ਹੈਰਿਸ ਉਨਾਂ ਅਮਰੀਕੀਆਂ ਤੱਕ ਪਹੁੰਚ ਕਰਨ ਵਿਚ ਕਾਮਯਾਬ ਹੋਈ ਹੈ ਜੋ ਸੰਭਾਵੀ ਤੌਰ 'ਤੇ ਪਹਿਲਾਂ ਹੈਰਿਸ ਬਾਰੇ ਸਹਿਜ ਨਹੀਂ ਸਨ।' ਬੁਲਾਰੇ ਨੇ ਹੋਰ ਕਿਹਾ ਇਕ ਗੈਰ ਦੋਸਤ ਮੇਜ਼ਬਾਨ ਅੱਗੇ ਹੈਰਿਸ ਮਜ਼ਬੂਤੀ ਨਾਲ ਪੇਸ਼ ਆਈ ਹੈ। ਇਥੇ ਜਿਕਰਯੋਗ ਹੈ ਕਿ ਇਹ ਮੁਲਾਕਾਤ ਹੈਰਿਸ ਦੁਆਰਾ ਰਿਪਬਲੀਕਨਾਂ ਵੋਟਰਾਂ ਨੂੰ ਸਿੱਧੀ ਅਪੀਲ ਕਰਨ ਦਾ ਹਿੱਸਾ ਹੈ। ਫੌਕਸ ਨਿਊਜ਼ ਨਾਲ ਮੁਲਾਕਾਤ ਤੋਂ ਪਹਿਲਾਂ ਹੈਰਿਸ ਨੇ ਕਿਹਾ ਸੀ ਕਿ ਪੈਨਸਿਲਵਾਨੀਆ ਵਿਚ ਅਹਿਮ ਕਾਊਂਟੀ ਦੇ ਰਿਪਬਲੀਕਨ ਉਸ ਦਾ ਸਮਰਥਨ ਕਰ ਰਹੇ ਹਨ।

# ਭਾਸ਼ਾ ਵਿਭਾਗ ਨੇ ਕਰਵਾਇਆ ਸ਼ਾਨਦਾਰ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਾ

**ਹੁਸ਼ਿਆਰਪੁਰ (ਵਿਵੇਕ ਭਾਟੀਆ)–** ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਚੇਤਨਾ ਪੈਦਾ ਕਰਨ ਹਿੱਤ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ ਅਤੇ ਸਥਾਨਕ ਜ਼ਿਲ੍ਹਾ ਭਾਸ਼ਾ ਦਫ਼ਤਰ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਰੇਲਵੇ ਮੰਡੀ ਵਿਖੇ ਸ਼ਾਨਦਾਰ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਾ ਕਰਵਾਇਆ ਗਿਆ।ਕੁਇਜ਼ ਮੁਕਾਬਲੇ ਬਾਅਦ ਕਰਵਾਏ ਗਏ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪ੍ਰਿੰਸੀਪਲ ਸ਼੍ਰੀ ਰਾਜਨ ਅਰੋੜਾ ਨੇ ਮੁਕਾਬਲੇ ਲਈ ਭਾਗੀਦਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਆਖਿਆ ਕਿ ਆਪਣੇ ਵਿਰਸੇ ਨਾਲ ਸਾਂਝ ਪੈਦਾ ਕਰਨ ਲਈ ਭਾਸ਼ਾ ਵਿਭਾਗ ਵੱਲੋਂ ਅਜਿਹੇ ਕਰਵਾਏ ਜਾਂਦੇ ਮੁਕਾਬਲੇ ਪਾੜ੍ਹਿਆਂ ਲਈ ਬੜੇ ਉਪਯੋਗੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਮੁਕਾਬਲੇ ਵਿਦਿਆਰਥੀਆਂ ਲਈ ਆਉਣ ਵਾਲੇ ਵੱਡੇ ਇਮਤਿਹਾਨਾਂ ਦੌਰਾਨ ਵੀ ਸਹਾਈ ਹੁੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਉਪਰਾਲਿਆਂ ਵਿਚ ਸਰਗਰਮੀ ਨਾਲ ਭਾਗ ਲੈਣ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ ਨੇ ਦੱਸਿਆ ਜ਼ਿਲ੍ਹੇ ਭਰ ਦੇ ਵਿਦਿਆਰਥੀਆਂ ਨੇ ਇਸ ਕੁਇਜ਼ ਮੁਕਾਬਲੇ ਵਿੱਚ ਗਹਿਰੀ ਦਿਲਚਸਪੀ ਦਿਖਾਈ।



ਉਨ੍ਹਾਂ ਦੱਸਿਆ ਕਿ ਮੁਕਾਬਲਿਆਂ ਦੇ 'ੳ' ਵਰਗ ਛੇਵੀਂ ਤੋਂ ਅੱਠਵੀਂ ਜਮਾਤ ਵਿੱਚ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਕ੍ਰਮਵਾਰ ਤਾਨੀਆ ਸੈਕੰਡਰੀ ਸਕੂਲ ਨਸਰਾਲਾ, ਦੂਸਰਾ ਜਸਕੀਰਤ ਸੈਕੰਡਰੀ ਸਕੂਲ ਕੋ-ਐਜੂਕੇਸ਼ਨ ਘੰਟਾ ਘਰ ਅਤੇ ਨਿਸ਼ਾ ਚੌਧਰੀ ਹਾਈ ਸਕੂਲ, ਚੱਗਰਾਂ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰਾਂ 'ਅ' ਵਰਗ ਵਿੱਚੋਂ ਪਹਿਲਾ ਸਥਾਨ ਰਸ਼ਮੀ ਹਾਈ ਸਕੂਲ ਚੱਗਰਾਂ, ਦੂਸਰਾ ਨਵਜੀਤ ਕੌਰ ਸੈਕੰਡਰੀ ਸਕੂਲ ਅਹਿਰਾਣਾ ਕਲਾਂ ਅਤੇ ਹਰਮਨਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਾਂਬੜਾ ਨੇ ਤੀਸਰਾ ਸਥਾਨ ਹਾਸਲ ਕੀਤਾ। ਮੁਕਾਬਲਿਆਂ ਦੇ 'ੲ' ਵਰਗ ਵਿੱਚੋਂ ਪਹਿਲਾ ਸਥਾਨ ਸ਼ਬਨਮਪ੍ਰੀਤ ਕੌਰ ਜੀ ਟੀ ਬੀ ਖ਼ਾਲਸਾ ਕਾਲਜ ਦਸੂਹਾ, ਦੂਸਰਾ ਸਥਾਨ ਬਲਰੀਨ ਕੌਰ ਖ਼ਾਲਸਾ ਕਾਲਜ ਦਸੂਹਾ ਅਤੇ ਹਰਜੋਤ ਸਿੰਘ ਸਨਾਤਨ ਧਰਮ ਕਾਲਜ ਹੁਸ਼ਿਆਰਪੁਰ ਨੇ ਤੀਜਾ ਸਥਾਨ ਹਾਸਲ ਕੀਤਾ।

ਭਾਸ਼ਾ ਵਿਭਾਗ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਕ੍ਰਮਵਾਰ ਭਾਸ਼ਾ ਵਿਭਾਗ ਦੀਆਂ 1000, 750 ਅਤੇ 500 ਰੁਪਏ ਦੀਆਂ ਕਿਤਾਬਾਂ ਦੇ ਸੈੱਟਾਂ ਅਤੇ ਪ੍ਰਮਾਣ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਸ਼ਾ ਵਿਭਾਗ ਵੱਲੋਂ ਸਕੂਲ ਪ੍ਰਿੰਸੀਪਲ ਰਾਜਨ ਅਰੋੜਾ ਨੂੰ ਭਾਸ਼ਾ ਵਿਭਾਗ ਦੀ ਸੰਸਾਰ ਪ੍ਰਸਿੱਧ ਪੁਸਤਕ ਗੁਲਸਿਤਾਂ ਬੋਸਤਾਂ ਨਾਲ ਅਤੇ ਕੁਇਜ਼ ਮੁਕਾਬਲੇ ਵਿੱਚ ਸਹਿਯੋਗ ਕਰਨ ਵਾਲੇ ਸਕੂਲ ਅਧਿਆਪਕਾਂ ਅਤੇ ਬੀ. ਐੱਡ. ਵਾਲੇ ਵਿਦਿਆਰਥੀਆਂ ਦਾ ਵੀ ਕਿਤਾਬਾਂ ਦੇ ਸੈੱਟਾਂ ਨਾਲ ਸਨਮਾਨ ਕੀਤਾ ਗਿਆ। ਧੰਨਵਾਦੀ ਸ਼ਬਦ ਡਾ. ਜਸਵੰਤ ਰਾਏ ਨੇ ਆਖੇ।

HAPPY BAZAAR

HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com

# ਮਾਣ ਪੱਤਰ (27-10-1951)

## ਜੋ ਕਿ ਪੰਜਾਬ ਪਰੋਵੈਨਸ਼ੀਅਲ ਸ਼ੈਡਿਊਲਡ ਕਾਸਟ ਫੈਡਰੇਸ਼ਨ ਕੀ ਤਰਫ ਸੇ ਸ੍ਰੀ ਕਿਸ਼ਨ ਦਾਸ ਸਾਹਿਬ ਪ੍ਰਧਾਨ ਫੈਡਰੇਸ਼ਨ ਨੇ ਪਰਮ ਪੂਜਯ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਕੀ ਖਿਦਮਤ ਮੇਂ ਬਰਤਕਰੀਬ ਕਾਨਫਰੰਸ ਮੁਨੱਕਦਾ (ਆਯੋਜਿਤ) 27 ਅਕਤੂਬਰ ਸੰਨ 1951, ਜਲੰਧਰ ਮੇਂ ਪੇਸ਼ ਕੀਆ



**ਪਰਮ ਪੂਜਯ ਬਾਬਾ ਸਾਹਿਬ**

ਇਸੇ ਮੈਂ ਪੰਜਾਬ ਕੇ ਅਛੂਤੋਂ ਕੀ ਖੁਸ਼ਕਿਸਮਤੀ ਕਹੂੰ ਯਾ ਕੁਦਰਤ ਕਾ ਏਕ ਕਰਿਸ਼ਮਾ ਕਿ ਆਖਿਰਕਾਰ ਵੋ ਮੁਬਾਰਕ ਦਿਨ ਆ ਹੀ ਪਹੁੰਚਾ ਹੈ। ਜਬ ਹਮ ਆਪ ਕੀ ਪਵਿੱਤਰ ਹਸਤੀ ਕੋ ਅਪਨੇ ਦਰਮਿਆਨ ਦੇਖ ਰਹੇ ਹੈਂ। ਦਿਲ ਕੋ ਵਿਸ਼ਵਾਸ ਨਹੀਂ ਆਤਾ ਆਖੋਂ ਕੋ ਯਕੀਂ ਨਹੀਂ ਆ ਰਹਾ ਯਾ ਵਾਕਈਂ ਆਜ ਹਮ ਅਪਨੇ ਉਸ ਮੋਹਸਿਨ ਦੇਵਤਾ ਕਾ ਦਰਸ਼ਨ ਕਰ ਰਹੇ ਹੈਂ। ਆਪਨੇ ਇਸ ਬੇਬਸ ਔਰ ਬਦਕਿਸਮਤ ਅਛੂਤ ਕੌਮ ਕੋ ਬੜੇ ਬੜੇ ਮਜ਼ਹਬੀ ਔਰ ਸਮਾਜੀ ਦੇਵੋਂ, ਰਾਕਸ਼ਸ਼ੋਂ ਕੇ ਆਹਨੀਂ ਪੰਜੋਂ ਸੇ ਨਿਜਾਤ ਦਿਲਾਨੇ ਮੇਂ ਹਾਤਿਮ-ਤਾਈ ਕੇ ਕਿੱਸੇ ਕੋ ਮਾਤ ਕਰ ਦੀਆ।

ਜਿਸਨੇ ਮੁਰਦਾ ਔਰ ਮਾਯੂਸ ਜਿਸਮੋਂ ਮੇਂ ਨਈ ਰੂਹ ਫੂੰਕ ਕਰ ਮਸੀਹਾ ਕੇ ਕਾਮ ਕੋ ਜ਼ਿੰਦਾ ਕਰ ਦੀਆ। ਜਿਸਨੇ ਇਨਸਾਨੀਅਤ ਜ਼ਿੰਦਾਬਾਦ ਕਾ ਨਾਅਰਾ ਲਗਾ ਕਰ ਹਕੀਕੀ ਮਾਅਨੋਂ ਮੇਂ ਗੁਰੂ ਰਵਿਦਾਸ, ਮਹਾਂਰਿਸ਼ੀ ਵਾਲਮੀਕ ਕੇ ਮਿਸ਼ਨ ਕੋ ਹੈਰਾਨ ਹੋ ਰਹੀ ਦੁਨੀਆਂ ਕੇ ਬੀਚ ਉਜਾਗਰ ਕਰ ਦੀਆ। ਬਹਰਹਾਲ ਮਹਿਬੂਬ ਨੇਤਾ! ਮੈਂ ਆਪਕਾ ਅਪਨੀ ਤਰਫ ਸੇ ਔਰ ਪੰਜਾਬੀ ਅਛੂਤ ਜਨਤਾ ਕੀ ਤਰਫ ਸੇ ਖੁਸ਼ੀਓਂ ਔਰ ਵਲਵਲੋਂ ਸੇ ਭਰੇ ਦਿਲ ਕੇ ਸਾਥ ਸਾਦਰ ਸਵਾਗਤ ਕਰਤਾ ਹੂੰ। ਔਰ ਦਿਲੀ ਸ਼ੁਕਰੀਆ ਕਾ ਇਜ਼ਹਾਰ ਕਰਤਾ ਹੂੰ ਕਿ ਆਪਨੇ ਹਮਾਰੀ ਦਰਖਾਸਤ ਕੋ ਕਬੂਲ ਫਰਮਾਤੇ ਹੁਏ ਹਮਾਰੇ ਜਲੰਧਰ ਮੇਂ ਕਦਮ ਰੰਜਾ (ਤਸ਼ਰੀਫ ਲਾਏ) ਫਰਮਾਇਆ।

ਇਨਕਲਾਬ ਕੇ ਨਾਅਰੇ ਲਗਾਨੇ ਕਿਤਨੇ ਆਸਾਨ ਹੈਂ ਔਰ ਉਨਕੋ ਅਮਲੀ ਜਾਮ੍ਹਾ ਪਹਿਨਾਨਾ ਕਿਤਨਾ ਮੁਸ਼ਕਿਲ ਹੈ। ਯੇ ਡਰਾਮਾ ਹਮ ਆਜ ਹੀ ਨਹੀਂ ਬਲਕਿ ਏਕ ਮੁੱਦਤ ਸੇ ਦੇਖ ਰਹੇ ਹੈਂ ਜੋ ਕਿ ਖਸੂਸਨ ਫੀ ਜ਼ਮਾਨਾ ਹਰ ਉਸ ਸਿਆਸੀ ਪਾਰਟੀ ਕਾ ਸ਼ੇਵਾ ਬਣ ਗਿਆ ਹੈ। ਜੋ ਏਕ ਹਕੂਮਤ ਸੇ ਤਾਕਤ ਛੀਨ ਕਰ ਅਪਨਾ ਤਸੁੱਲਤ (ਕਬਜ਼ਾ) ਜਮਾਨਾ ਚਾਹਤੀ ਹੈ।

ਜਿਸ ਨਾਅਰੇ ਸੇ ਬਹੁਤ ਸੀ ਪਾਰਟੀਆਂ ਕਾਮਯਾਬ ਹੋਤੀ ਭੀ ਰਹੀ ਹੈਂ। ਔਰ ਕਈ ਕਾਮਯਾਬ ਹੋਨੇ ਕੀ ਜੱਦੋ ਜਹਿਦ ਮੇਂ ਹੈਂ। ਲੇਕਿਨ ਹਕੀਕਤ ਸੇ ਕਿਤਨੀ ਦੂਰ ਚਲੇ ਗਏ ਯੇ ਲੋਗ! ਕਿਆ ਦੇਸ਼ ਮੇਂ ਸਦੀਓਂ ਸੇ ਏਕ ਐਸਾ ਤਬਕਾ ਨਹੀਂ ਰਹਾ ਹੈ, ਜਿਸਨੇ ਇਨਸਾਨ ਕੋ ਅਪਨੇ ਬਨਾਏ ਹੁਏ ਕਾਨੂੰਨੋਂ ਕੇ ਨੀਚੇ ਕੀੜੇ ਮਕੌੜੇ ਕੀ ਜ਼ਿੰਦਗੀ ਬਸਰ ਕੀ ਹੈ ਔਰ ਜਿਸੇ ਹਰ ਹਕੂਮਤ ਨੇ ਕੁਚਲਨੇ ਮੇਂ ਕੋਈ ਕਸਰ ਨਹੀਂ ਛੋੜੀ ਔਰ ਜਿਸਕੇ ਬੁਨਿਆਦੀ ਮਸਲੋਂ ਕੋ ਹੱਲ ਕਰਨੇ ਕੀ ਤਰਫ ਇਸ ਰੌਸ਼ਨੀ ਕੇ ਜ਼ਮਾਨੇ ਮੇਂ ਭੀ ਕਿਸੇ ਸਿਆਸੀ ਪਾਰਟੀ ਨੇ ਧਿਆਨ ਨਹੀਂ ਦੀਆ ਤੋ ਐਸੀ ਹਾਲਤ ਮੇਂ ਯੇ ਇਨਕਲਾਬ ਕੇ ਨਾਅਰੇ ਫੋਕੇ ਨਹੀਂ ਤੋ ਔਰ ਕਿਹਾ ਹੈ?

ਜਹਾਂ ਆਪਨੇ ਅਛੂਤ ਮਸੱਲਾ ਕੋ ਇਤਨੀ ਅਹਿਮੀਅਤ ਦੀ ਔਰ ਉਸੇ ਲੜਨੇ ਮੇਂ ਕਾਮਯਾਬੀ ਹਾਸਿਲ ਕੀ ਵਹਾਂ ਹਮੇਂ ਫਖਰ ਹੈ ਕਿ ਆਪ ਨੇ ਦੇਸ਼ ਕੇ ਮਜਮੂਈ (ਸਮੁੱਚੇ) ਮਫਾਦਾਤ ਕੋ ਭੀ ਨਜ਼ਰਅੰਦਾਜ਼ ਨਹੀਂ ਕੀਆ। ਅਪਨੇ ਜ਼ਾਤੀਂ ਖੁਦਾਦਾਦ (ਰੱਬ ਵੱਲੋਂ ਬਖਸ਼ੀ) ਲਿਆਕਤ ਕੋ ਇਸਤੇਮਾਲ ਮੇਂ ਲਾਕਰ ਹਿੰਦੋਸਤਾਨ ਕੋ ਏਕ ਐਸਾ ਜਾਮ੍ਹੇ (ਸੰਪੂਰਨ) ਔਰ ਬੇਨਜ਼ੀਰ (ਅਨਮੋਲ) ਵਿਧਾਨ ਦੀਆ ਕਿ ਦੇਸ਼ ਕੀ ਏਕ ਬਹੁਤ ਅਹਿਮ ਔਰ ਬੜੀ ਖਿਦਮਤ ਸਰਅੰਜਾਮ ਦੀ ਜਿਸ ਪਰ ਦੇਸ਼ ਜਿਤਨਾ ਭੀ ਫਖਰ ਕਰੇ ਕਮ ਹੈ। ਇਸ ਬਿਮਾਰ ਹਿੰਦੋਸਤਾਨ ਕੇ ਮਰਜ਼ ਕੀ ਸਹੀ ਤੌਰ ਪਰ ਤਸ਼ਖੀਸ (ਜਾਂਚ-ਪੜਤਾਲ) ਕਰਨੇ ਔਰ ਉਸਕਾ ਦਰੁੱਸਤ ਇਲਾਜ ਕਰਨੇ ਕੇ ਲੀਏ ਏਕ ਕਾਬਿਲ ਡਾਕਟਰ ਕੀ ਹੈਸੀਅਤ ਸੇ ਜੋ ਕਾਰਆਮਦ (ਫਾਇਦੇਮੰਦ) ਨੁਸਖੇ ਆਪ ਨੇ ਅਪਨੀ ਮੁਖਤਲਿਫ ਸੈਂਕੜੇ ਕਿਤਾਬੋਂ ਮੇਂ ਲਿਖ ਦੀਏ ਹੈਂ ਉਨਕੀ ਅਹਿਮੀਅਤ ਸੇ ਕੌਣ ਹੋਸ਼ਮੰਦ ਇਨਕਾਰ ਕਰ ਸਕਤਾ ਹੈ? ਤੇਜ਼ ਨਸ਼ਤਰ ਕੋ ਦੇਖ ਕਰ ਕੁਛ ਲੋਗ ਘਬਰਾ ਜ਼ਰੂਰ ਰਹੇ ਹੈਂ ਲੇਕਿਨ ਵੋ ਦਿਨ ਦੂਰ ਨਹੀਂ ਜਬ ਉਨਕੋ ਭੀ ਮਾਲੂਮ ਹੋ ਜਾਏਗਾ ਕਿ ਡਾਕਟਰ ਕੇ ਯੇ ਤੇਜ਼ ਨਸ਼ਤਰ ਇਲਾਜ ਕਾ ਬਾਇਸ (ਕਾਰਨ) ਹੈ ਕੋਈ ਨੁਕਸਾਨ ਦੇਨੇ ਵਾਲੀ ਚੀਜ਼ ਨਹੀਂ ਹੈ।





ਬਾਬਾ ਸਾਹਿਬ ਡਾ. ਅੰਬੇਡਕਰ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਪੰਜਾਬ ਫੇਰੀ (27 ਅਕਤੂਬਰ 1951) ਦੀਆਂ ਕੁਝ ਇਤਿਹਾਸਕ ਯਾਦਗਾਰੀ ਤਸਵੀਰਾਂ

ਪੰਜਾਬ ਕੇ ਅਛੂਤੋਂ ਕੀ ਸਿਆਸਤ ਕਿਆ ਹੈ? ਦੂਸਰੇ ਅਲਫਾਜ਼ ਮੇਂ 'ਦੁੱਖੋਂ ਕੀ' ਏਕ ਲੰਬੀ ਦਾਸਤਾਨ ਹੈ ਜਿਸਮੇਂ ਆਪ ਕੋ ਜਗ੍ਹਾ-ਜਗ੍ਹਾ ਸੇ ਬੇਇਨਸਾਫੀ ਜ਼ਿਆਦਤੀ ਕੀ ਰੂਦਾਦ/ਕਹਾਨੀ ਮਿਲੇਂਗੀ। ਹਿੰਦੋਸਤਾਨ ਆਜ਼ਾਦ ਜ਼ਰੂਰ ਹੋ ਗਿਆ ਹੈ ਲੇਕਿਨ ਹਕੀਕੀ ਆਜ਼ਾਦੀ ਅਛੂਤੋਂ ਸੇ ਕੋਸੋਂ ਦੂਰ ਹੈ। ਤਕਸੀਮ-ਏ-ਹਿੰਦ ਕੀ ਸ਼ਕਲ ਮੇਂ ਲਾਖੋਂ ਅਛੂਤ ਸ਼ਰਨਾਰਥੀ ਬਨਕਰ ਹਿੰਦੋਸਤਾਨ ਆਏ। ਉਨਕੀ ਆਬਾਦਕਾਰੀ ਔਰ ਦੀਗਰ ਮਾਲੀ ਇਮਦਾਦ ਕੀ ਬਾਤੇਂ ਤੋਂ ਦੂਰ ਰਹੀ ਲੇਕਿਨ ਕਈ ਮਵਾਕਾ (ਮੌਕੋਂ) ਪਰ ਉਨਕੀ ਜਾਨ ਕੀ ਹਿਫਾਜ਼ਤ ਕਰਨੇ ਮੇਂ ਹਕੂਮਤ ਨਾਕਾਮ ਰਹੀ ਹੈ। ਉੱਚੇ ਔਰ ਤਾਕਤਵਰ ਤਬਕੋਂ ਕੀ ਤਰਫ ਸੇ ਕਈ ਦਫਾ ਜ਼ੁਲਮ ਕੀਏ ਗਏ ਜਿਸਮੇਂ ਦੂਸਰੀ ਅਛੂਤ ਜਾਤੀਆਂ ਭੀ ਸ਼ਾਮਿਲ ਹੈਂ। ਅਛੂਤੋਂ ਕੀ 90 ਫੀਸਦੀ ਆਬਾਦੀ ਕਾ ਇਨਹਸਾਰ (ਨਿਰਭਰਤਾ) ਕਾਸ਼ਤ (ਖੇਤੀਬਾੜੀ) ਪਰ ਹੈ, ਲੇਕਿਨ ਯੇ ਕਿਤਨੇ ਅਫਸੋਸ ਕਾ ਮੁਕਾਮ ਹੈ ਕਿ ਅਛੂਤ ਜ਼ਮੀਨ ਸੇ ਬਿਲਕੁਲ ਮਹਿਰੂਮ ਹੈ। ਆਜ ਤੱਕ ਤੋ ਇਸ ਸਿਲਸਿਲਾ ਮੇਂ ਇੰਤਕਾਲ-ਏ-ਅਰਾਜ਼ੀ ਐਕਟ (ਵਾਹੀਯੋਗ ਜ਼ਮੀਨ ਦੀ ਮਾਲਕੀ ਦਾ ਨਿਰਣਾ ਕਰਨਾ ਜੈਸਾ ਸ਼ਰਾਰਤ ਆਮੇਜ਼ ਕਾਨੂਨ ਅਛੂਤੋਂ ਕੇ ਸਾਮਨੇ ਦੀਵਾਰ ਬਨਕੇ ਖੜ੍ਹਾ ਰਹੇ ਔਰ ਆਜ ਜਬ ਕਿ ਆਜ਼ਾਦ ਭਾਰਤ ਕੇ ਵਿਧਾਨ ਨੇ ਇਸ ਮਸਨੂਈ (ਬਨਾਵਟੀ) ਦੀਵਾਰ ਕੋ ਗਿਰਾ ਦੀਆ ਹੈ। ਤਬ ਭੀ ਅਛੂਤ ਮਾਲੀ ਲਿਹਾਜ਼ ਕੇ ਬਾਇਸ ਇਸ ਲਾਖੋਂ ਏਕੜ ਜ਼ਮੀਨ ਕੋ ਹਸਰਤ ਭਰੀ ਨਿਗਾਹੋਂ ਸੇ ਦੇਖ ਰਹਾ ਹੈ ਜੋ ਕਿ ਮਹਜ਼ ਸਰਕਾਰ ਕੀ ਲਾ ਤਵੱਜਹੀ (ਲਾਪਰਵਾਹੀ) ਸੇ ਯੂੰ ਹੀ ਬੇਕਾਰ ਪੜੀ ਹੈ। ਹਕੂਮਤ ਕਾ ਕੋਠੀਓਂ ਕੇ ਗਮਲੋਂ ਮੇਂ ਅਨਾਜ ਕੇ ਚੰਦ ਦਾਨੇ ਉਗਾ ਦੇਨੇ ਸੇ ਕਿਆ ਭਲਾ ਦੇਸ਼ ਕਾ ਕਹਤ (ਕਾਲ) ਮਿਟ ਸਕਤਾ ਹੈ? ਔਰ ਯੇ ਰੋਕਨੇ ਕੀ ਕੋਸ਼ਿਸ਼ ਕਰ ਰਹੀ ਹੈ? ਕਿਆ ਹੀ ਅਛਾ ਹੈ ਅਗਰ ਬੇਕਾਰ ਮਗਰ ਕਾਬਿਲ-ਏ-ਕਾਸ਼ਤ (ਵਾਹੀਯੋਗ) ਜ਼ਮੀਨ ਕਾਸ਼ਤ ਕਰਨੇ ਵਾਲੇ ਅਛੂਤੋਂ ਮੇਂ ਤਕਸੀਮ ਕਰ ਦੀ ਜਾਏ ਔਰ ਉਨਕੋ ਮਾਲੀ ਇਮਦਾਦ (ਆਰਥਿਕ ਸਹਾਇਤਾ) ਦੀ ਜਾਏ। ਫਿਰ ਸ਼ਾਇਦ ਯੇ 'ਜ਼ਿਆਦਾ ਉਗਾਊ ਮੁਹਿੰਮ' ਕੁਛ ਕਾਮਯਾਬ ਹੋ ਸਕੇ। ਦੂਸਰੇ ਨੰਬਰ ਪਰ ਜਿਸ ਬੇਇਨਸਾਫੀ ਕਾ ਅਛੂਤ ਸਭ ਸੇ ਜ਼ਿਆਦਾ ਸ਼ਿਕਾਰ ਬਣਾਏ ਜਾ ਰਹੇ ਹੈਂ। ਵੋ ਸਰਕਾਰੀ ਮੁਲਾਜ਼ਮਤੇਂ ਹੈਂ ਕਹਿਨੇ ਕੋ ਤੋ ਸਰਕਾਰ ਨੇ ਮਲਾਜ਼ਮਤੋਂ ਕੇ ਲੀਏ 15 ਫੀਸਦੀ ਕੀ ਤਫਹੀਸ (ਰਾਖਵਾਂਕਰਨ) ਕਾ ਐਲਾਨ ਕਰ ਰੱਖਾ ਹੈ, ਲੇਕਿਨ ਇਸ ਕੀ ਭੀ ਹਕੀਕਤ ਏਕ ਢੌਂਗ (ਫਰਾਡ) ਸੇ ਕਿਸੀ ਦਰਜਾ ਕਮ ਨਹੀਂ ਹੈ। ਹਾਲ ਹੀ ਮੇਂ ਪੰਜਾਬ ਪਰੋਵੈਨਸ਼ੀਅਲ ਸ਼ਡਿਊਲਡ ਕਾਸਟ ਫੈਡਰੇਸ਼ਨ ਨੇ ਪੰਜਾਬ ਸਰਕਾਰ ਕੇ ਤਮਾਮ ਦਫਾਤਰ (ਦਫਤਰ) ਸੇ ਇਸ ਮਕਸਦ ਕੇ ਲੀਏ ਐਦਾਦ (ਅੰਕੜੇ) ਇਕੱਠੇ ਕਰਨੇ ਕੀ ਕੋਸ਼ਿਸ਼ ਕੀ ਜਿਸਕੇ ਜਵਾਬ ਮੇਂ ਬੇਸ਼ਤਰ ਦਫਾਤਰ ਨੇ ਤੋ ਮੁਕੰਮਲ ਖਾਮੋਸ਼ੀ ਦਿਖਾਈ ਜਿਨਹੋਂ ਨੇ ਬਤਾਨੇ ਕੀ ਕੋਸ਼ਿਸ਼ ਕੀ ਨਹਾਇਤ ਗੈਰ ਤਸੱਲੀ ਬਖਸ਼ ਔਰ ਉਮੀਦ ਸੇ ਬਹੁਤ ਕਮ ਯੇ ਕਿਤਨੇ ਅਫਸੋਸ ਕੀ ਬਾਤ ਹੈ ਕਿ ਏਕ ਤਰਫ ਤੋਂ ਅਛੂਤੋਂ ਕੀ ਬਿਹਤਰੀ ਕੇ ਲੀਏ ਨਾਅਰੇ ਲਗਾਏ ਜਾ ਰਹੇ ਹੈਂ। ਔਰ ਦੂਸਰੀ ਤਰਫ ਮੁਲਾਜ਼ਮਤੋਂ ਕੇ ਸਿਲਸਿਲਾ ਮੇਂ ਹਮਸੇ ਤਾਅਸੁਬ (ਪੱਖਪਾਤ) ਸੇ ਕਾਮ ਲਿਆ ਜਾ ਰਿਹਾ ਹੈ। ਉਮੀਦਵਾਰ ਕਾ ਮੌਜ਼ੂੰ (ਢੁਕਵਾਂ) ਹੋਣਾ, ਇਸਕੇ ਲੀਏ ਉਨਕੇ ਪਾਸ ਨਾ ਜਾਨੇ ਕੌਨ ਸੀ ਕਸਵੱਟੀ ਹੈ? ਯੇ ਯਕੀਨਨ ਏਕ ਸਾਜ਼ਿਸ਼ ਹੈ ਕਿ ਅਛੂਤ ਕਲੀਦੀ (ਮਹੱਤਵਪੂਰਨ) ਅਸਾਮੀਓਂ ਸੇ ਦੂਰ ਹੀ ਰਹੇ।

ਜਹਾਂ ਤੱਕ ਅਛੂਤ ਤੁਲਬਾ (ਵਿਦਿਆਰਥੀ) ਕੋ ਫੀਸੋਂ ਕੀ ਰਿਹਾਇਤ ਔਰ ਵਜ਼ੀਫੇ ਦੇਨੇ ਕਾ ਤਾਅਲੁਕ ਹੈ, ਇਸ ਸਿਲਸਿਲੇ ਮੇਂ ਭੀ ਤੁਲਬਾ ਕੋ ਸਖਤ ਪਰੇਸ਼ਾਨੀਓਂ ਕਾ ਸਾਹਮਣਾ ਰਹਾ ਹੈ ਜੋ ਕਿਸੀ ਹਕੂਮਤ ਕੀ ਲਾਪਰਵਾਹੀ ਔਰ ਕਿਸੀ ਸਕੂਲ ਵ ਕਾਲਜ ਕੇ ਮੁੰਤਜ਼ਮੀਨ (ਪ੍ਰਬੰਧਕ) ਕੀ ਤਰਫ ਸੇ ਪੈਦਾ ਕੀ ਗਈ ਅੜਚਨੇਂ ਕੀ ਸ਼ਕਲ ਮੇਂ ਪੇਸ਼ ਆਤੀ ਰਹੀ। ਮੁਮਕਿਨ ਹੈ ਅਛੂਤ ਇਨ ਸ਼ਿਕਾਯਾਤ ਪਰ ਇਤਨਾ ਧਿਆਨ ਨਾ ਦੇਤੇ ਅਗਰ ਅਸੈਂਬਲੀ ਮੇਂ ਹੀ ਕੁਛ ਕੇ ਨੁਮਾਇੰਦੇ ਕੁਝ ਕਾਬਿਲ ਔਰ ਖੁਦ ਮੁਖਤਿਆਰ ਖਿਆਲਾਤ ਕੇ ਹੋਤੇ। ਸ਼ਰਮ ਸੇ ਸਰ ਝੁਕ ਜਾਤਾ ਹੈ ਜਬ ਹਮ ਅਪਨੇ ਇਨ ਨੁਮਾਇੰਦੋਂ ਕੀ ਕਲਾਬਾਜ਼ੀਓਂ ਕੋ ਦੇਖਤੇ ਹੈਂ।

ਜਿਨਕਾ ਕਾਮ ਹੀ ਨੀਲਾਮੀ ਪਰ ਬਿਕਨਾ ਹੈ।ਔਰ ਇਸ ਸੇ ਜ਼ਿਆਦਾ ਪੈਸਾ ਕਮਾਨਾ ਹੈ। ਦੁਖੀ ਅਛੂਤ ਜਨਤਾ ਜਾਏ ਜਹਨੁੰਮ ਮੇਂ ਉਨ ਕੀ ਬਲਾ ਸੇ। ਔਰ ਇਸ ਸ਼ਰਮਨਾਕ ਨਾਟਕ ਕਾ ਜ਼ਿੰਮੇਦਾਰ ਕੌਣ ਹੈ? ਵੋ ਕਾਂਗਰਸ ਜਮਾਤ ਜੋ ਜਮਹੂਰੀਅਤ ਔਰ ਇਨਕਲਾਬ ਕੇ ਨਾਅਰੇ ਲਗਾਤੇ ਨਹੀਂ ਥਕਤੀ। ਜੋ ਅਛੂਤੋਂ ਕੇ ਦੁਖੋਂ ਪਰ ਮਗਰਮੱਛ ਕੇ ਆਂਸੂ ਬਹਾਨੇ ਮੇਂ ਪੀਛੇ ਨਹੀਂ ਰਹਿਤੀ।

ਪੂਜਯ ਬਾਬਾ ਸਾਹਿਬ ਆਪ ਕੇ ਦਿਲ ਮੇਂ ਐਸੇ ਲਾਤਾਦਾਦ (ਅਨੇਕੋਂ) ਦੁੱਖੋਂ ਕੇ ਲੀਏ (ਕਿਤਨੀ) ਤੜਪ ਹੈ ਇਸਕਾ ਸਬੂਤ ਏਕ ਬਾਰ ਨਹੀਂ ਬਲਕਿ ਹਜ਼ਾਰ ਬਾਰ ਦੁਨੀਆ ਦੇਖ ਚੁੱਕੀ ਹੈ। ਔਰ ਆਜ ਫਿਰ ਏਕ ਦਫਾ ਕੈਬਨਿਟ ਸੇ ਅਸਤੀਫਾ ਦੇਕਰ ਆਪਨੇ ਸਦਾਕਤ (ਸੱਚਾਈ) ਪਰ ਮੋਹਰ ਲਗਾ ਦੀ ਹੈ ਕਿ ਵਾਕਈ ਅੰਬੇਡਕਰ ਕਾ ਦਿਮਾਗ ਹਮੇਸ਼ਾ ਆਜ਼ਾਦ ਰਿਹਾ ਹੈ ਔਰ ਉਸੇ ਖਰੀਦਨੇ ਵਾਲਾ ਕੋਈ ਪੈਦਾ ਹੀ ਨਹੀਂ ਹੋ ਸਕਾ ਔਰ ਵੋ ਬੇਇਨਸਾਫੀਓਂ ਕੇ ਖਿਲਾਫ ਖਮ (ਵਲ) ਨਿਕਾਲਨੇ ਕੇ ਲੀਏ ਹਮੇਸ਼ਾ ਤਿਆਰ ਹੈ।

ਬਿਆਨ ਦੇਨੇ ਕੇ ਸਿਲਸਿਲਾ ਮੇਂ ਆਪ ਕੇ ਸਾਥ ਪਾਰਲੀਮੈਂਟ ਮੇਂ ਜੋ ਸਲੂਕ ਪਾਰਲੀਮੈਂਟ ਕੇ ਜ਼ਿੰਮੇਦਾਰ ਲੋਗੋਂ ਨੇ ਕਿਆ ਵੈਸੇ ਤੋ ਉਨ ਕੇ ਲੀਏ ਯੇ ਕੋਈ ਨਈਂ ਬਾਤ ਨਹੀਂ ਹੈ, ਲੇਕਿਨ ਫਿਰ ਏਕ ਦਫਾ ਯੇਹ ਬਾਤ ਮੰਜ਼ਿਰ-ਏ-ਆਮ (ਲੋਕਾਂ ਦੇ ਸਾਹਮਣੇ) ਪਰ ਆ ਗਈ ਉਨਕੀ ਪੁਰਾਣੀ ਜ਼ਿਹਨੀਅਤ ਮੇਂ ਮਤਲਕ (ਜ਼ਰਾ ਜਿਨ੍ਹਾਂ ਵੀ) ਫਰਕ ਨਹੀਂ ਪੜ੍ਹ ਸਕਾ ਔਰ ਦੁਨੀਆਂ ਮਹਿਜ਼ ਅਪਨੇ ਘਮੰਡ ਕੀ ਖਾਤਿਰ ਕਿਸ ਤਰ੍ਹਾਂ ਕਿਸੀ ਕੇ ਅਹਿਸਾਨ ਔਰ ਕੁਰਬਾਨੀ ਕੋ ਭੁਲਾ ਦੇਤੀ ਹੈ। ਹਮ ਡਿਪਟੀ ਸਪੀਕਰ ਕੇ ਉਸ ਰਵੱਈਏ ਕੇ ਖਿਲਾਫ ਸਖਤ ਪਰੋਟੈਸਟ (ਵਿਰੋਧ) ਕਰਤੇ ਹੁਏ ਆਪ ਕੋ ਯਕੀਨ ਦਿਲਾਤੇ ਹੈਂ ਕਿ ਹਿੰਦੋਸਤਾਨ ਕੇ ਅਛੂਤ ਕੇ ਸਾਥ ਪੰਜਾਬ ਕਾ ਅਛੂਤ ਆਪ ਕੇ ਅਦਨਾ (ਛੋਟੇ ਜਿਹੇ) ਇਸ਼ਾਰੇ ਪਰ ਬੜੇ ਸੇ ਬੜਾ ਕਦਮ ਉਠਾਨੇ ਕੇ ਲੀਏ ਤਿਆਰ ਹੈ। ਔਰ ਜਿੰਨ ਉੱਚੇ ਆਦਰਸ਼ੋਂ ਔਰ ਪੁਖਤਾ ਇਰਾਦੋਂ ਕੋ ਦਿਲ ਮੇਂ ਲੇਕਰ ਆਪ ਮੈਦਾਨ ਮੇਂ ਆ ਚੁੱਕੇ ਹੈ। ਪੰਜਾਬ ਕਾ ਅਛੂਤ ਉਨਕਾ ਸਵਾਗਤ ਕਰਤਾ ਹੁਆ ਹਮੇਸ਼ਾ ਆਪ ਕੇ ਸਾਥ ਹੈ

ਦੁੱਖੋਂ ਔਰ ਮੁਸੀਬਤੋਂ ਕਾ ਸਾਹਮਣਾ ਹੈ। ਸੱਚਾਈ ਕਾ ਰਾਸਤਾ ਹਮੇਸ਼ਾ ਪੁਰਖਤਰ (ਖਤਰਿਆਂ ਨਾਲ ਭਰਿਆ) ਹੋਤਾ ਹੈ, ਲੇਕਿਨ ਜਿਸ ਫੌਜ ਕਾ ਸਿਪਾਸਾਲਾਰ (ਸੈਨਾਪਤੀ) ਬਹਾਦਰ ਔਰ ਬੇਖੌਫ ਭੀਮ ਹੈ ਤੋ ਫਿਰ ਖੌਫ ਕਿਸ ਕੋ ਹੈ?

ਇਨ ਚੰਦ ਸਤੂਰ (ਸਤਰਾਂ) ਕੋ ਅਕੀਦਤ ਪੇਸ਼ ਕਰਤਾ ਹੁਆ ਆਪ ਕਾ ...

**ਮੂਲ ਲੇਖਕ: ਕੇ. ਸੀ. ਸੁਲੇਖ, ਉਰਦੂ ਤੋਂ ਪੰਜਾਬੀ ਅਨੁਵਾਦ: ਪ੍ਰੋ. ਅਰਿੰਦਰ ਸਿੰਘ**

ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਸ਼ਡਿਊਲਡ ਕਾਸਟ ਫੈਡਰੇਸ਼ਨ, ਪੰਜਾਬ ਦੇ ਨਿਮੰਤ੍ਰਣ 'ਤੇ 27 ਅਕਤੂਬਰ ਤੋਂ 29 ਅਕਤੂਬਰ 1951 ਤੱਕ ਤਿੰਨ ਦਿਨ ਲਈ ਪੰਜਾਬ ਦੀ ਯਾਤਰਾ ਕੀਤੀ। ਉਸ ਸਮੇਂ ਸੇਠ ਕਿਸ਼ਨ ਦਾਸ ਬੂਟਾਂ ਮੰਡੀ, ਸਾਬਕਾ ਐਮ. ਐਲ. ਏ. ਅਤੇ ਸ੍ਰੀ ਕੇ. ਸੀ. ਸੁਲੇਖ ਫੈਡਰੇਸ਼ਨ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਸਨ। ਜਲੰਧਰ ਵਿਖੇ, ਜਿੱਥੇ ਬਾਬਾ ਸਾਹਿਬ ਨੇ ਭਾਰੀ ਗਿਣਤੀ ਵਿਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਸੀ, ਉਹ ਸਥਾਨ ਅੱਜ ਇਤਿਹਾਸਕ ਸਮਾਰਕ ਵਜੋਂ ਅੰਬੇਡਕਰ ਭਵਨ ਦੇ ਰੂਪ ਵਿਚ ਡਾ. ਅੰਬੇਡਕਰ ਮਾਰਗ 'ਤੇ ਸੁਸ਼ੋਭਿਤ ਹੈ। ਇਸ ਮੌਕੇ 'ਤੇ ਬਾਬਾ ਸਾਹਿਬ ਦੇ ਸਨਮਾਨ ਵਿਚ ਸ੍ਰੀ ਕੇ. ਸੀ. ਸੁਲੇਖ ਦੁਆਰਾ ਲਿਖਿਆ ਗਿਆ 'ਮਾਣ ਪੱਤਰ' ਸੇਠ ਕਿਸ਼ਨ ਦਾਸ ਜੀ ਵੱਲੋਂ ਪ੍ਰਸਤੁਤ ਕੀਤਾ ਗਿਆ। ਇਹ ਸਨਮਾਨ ਪੱਤਰ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸ ਵਿਚ ਬਾਬਾ ਸਾਹਿਬ ਵੱਲੋਂ ਕੀਤੇ ਅਣਥੱਕ ਅਤੇ ਨਿਰੰਤਰ ਸੰਘਰਸ਼ ਦੁਆਰਾ ਭਾਰਤ ਦੇ ਕਰੋੜਾਂ ਲੋਕਾਂ ਦੀ ਤਕਦੀਰ ਬਦਲਣ ਦੇ ਨਾਲ, ਸਦੀਆਂ ਤੋਂ ਪੀੜਤ ਦਲਿਤਾਂ ਦੀਆਂ ਭਾਵਨਾਵਾਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਮੌਕੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਵੀ ਸ੍ਰੀ ਕੇ. ਸੀ. ਸੁਲੇਖ ਵੱਲੋਂ ਹੀ ਬਾਖੂਬੀ ਨਿਭਾਈ ਗਈ ਸੀ। ਸਿੱਧਾਰਥ ਨਗਰ, ਜਲੰਧਰ ਨਿਵਾਸੀ ਸ੍ਰੀ ਰਾਮ ਲਾਲ ਦਾਸ ਜੀ ਵੱਲੋਂ ਉਰਦੂ ਭਾਸ਼ਾ ਵਿਚ ਲਿਖੇ ਗਏ ਇਸ 'ਮਾਣ ਪੱਤਰ' ਦਾ ਗੁਰਮੁਖੀ ਲਿਪੀ ਵਿਚ ਅਨੁਵਾਦ ਪ੍ਰੋ. ਅਰਿੰਦਰ ਸਿੰਘ ਜੀ ਨੇ ਬਾਖੂਬੀ ਕੀਤਾ ਹੈ। ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੋਨਾਂ ਵਿਦਵਾਨਾਂ ਦਾ ਹਾਰਦਿਕ ਧੰਨਵਾਦੀ ਹੈ। ਅਸੀਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਵੀ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਇਸ ਮਾਣ ਪੱਤਰ ਦਾ ਪੰਜਾਬੀ ਅਨੁਵਾਦ ਸਭ ਤੋਂ ਪਹਿਲਾਂ ਆਪਣੀ ਸਪਤਾਹਿਕ ਅਖਬਾਰ 'ਦੇਸ਼ ਦੁਆਬਾ' ਵਿਚ ਪ੍ਰਕਾਸ਼ਿਤ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ।

ਯਾਦ ਰਹੇ ਕਿ ਬਾਬਾ ਸਾਹਿਬ ਡਾ. ਅੰਬੇਡਕਰ ਸਾਹਿਬ ਨੂੰ ਪੰਜਾਬ ਵਿਚ ਪਹਿਲਾ ਸਨਮਾਨ ਪੱਤਰ ਆਦਿ ਧਰਮ ਮੰਡਲ ਪੰਜਾਬ ਨੇ 31 ਮਾਰਚ 1932 ਨੂੰ ਭੇਂਟ ਕੀਤਾ ਸੀ, ਜਦੋਂ ਆਪ ਲਾਰਡ ਲੋਥੀਅਨ ਕਮੇਟੀ ਨਾਲ ਪੰਜਾਬ ਦੇ 'ਅਛੂਤਾਂ' ਨੂੰ ਦਿੱਤੇ ਜਾਣ ਵਾਲੇ ਰਾਜਨੀਤਿਕ ਅਧਿਕਾਰਾਂ ਦਾ ਸਰਵੇ ਕਰਨ ਲਈ ਪਹਿਲੀ ਵਾਰ ਪੰਜਾਬ ਦੀ ਤਤਕਾਲੀਨ ਰਾਜਧਾਨੀ ਲਾਹੌਰ ਵਿਖੇ ਆਏ ਸਨ। ਮਰਹੂਮ ਸ੍ਰੀ ਸੀ. ਐਲ. ਚੁੰਬਰ ਵੱਲੋਂ ਪ੍ਰਕਾਸ਼ਿਤ ਇਸ ਸਨਮਾਨ ਪੱਤਰ ਨੂੰ 'ਦੇਸ਼ ਦੁਆਬਾ' ਵਿਚ ਪਹਿਲਾਂ ਹੀ ਪ੍ਰਕਾਸਿਤ ਕੀਤਾ ਜਾ ਚੁੱਕਾ ਹੈ।

**ਡਾ. ਜੀ. ਸੀ. ਕੌਲ, ਜਨਰਲ ਸਕੱਤਰ**
**ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ**




ਅੰਬੇਡਕਰ ਭਵਨ ਜਲੰਧਰ ਦੇ ਮੌਜੂਦਾ ਟਰੱਸਟੀ ਮੈਂਬਰ ਸਾਹਿਬਾਨ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਮਲਾ ਹੈਰਿਸ ਦੇ ਸਮਰਥਨ ਵਿੱਚ ਆਸਕਰ ਤੇ ਗੈਮੀ ਪੁਰਸਕਾਰ ਵਿਜੇਤਾ ਦੀ ਵੀਡੀਓ ਰਿਕਾਰਡਿੰਗ ਜਾਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਆਸਕਰ ਤੇ ਗੈਮੀ ਪੁਰਸਕਾਰ ਜੇਤੂ ਸੰਗੀਤਕਾਰ ਏ ਆਰ ਰਹਿਮਾਨ ਨੇ 2024 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਜਾਰੀ ਇਕ 30 ਮਿੰਟ ਦੀ ਵੀਡੀ ਰਿਕਾਰਡਿੰਗ ਵਿਚ ਆਪਣੀ ਆਵਾਜ਼ ਤੇ ਸੰਗੀਤ ਰਾਹੀਂ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ। ਇਸ ਗੀਤ ਰਾਹੀਂ ਰਹਿਮਾਨ ਨੇ ਕਮਲਾ ਹੈਰਿਸ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਰਹਿਮਾਨ ਦੱਖਣੀ ਏਸ਼ੀਆ ਤੋਂ ਪਹਿਲਾ ਕੌਮਾਂਤਰੀ ਕਲਾਕਾਰ ਹੈ ਜਿਸ ਨੇ ਹੈਰਿਸ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ। ਪਿਛਲੇ ਦਿਨ ਜਾਰੀ ਆਪਣੀ ਵੀਡੀ ਵਿਚ ਉਸ ਨੇ 'ਜੈ ਹੋ' ਸਮੇਤ ਆਪਣੇ ਸਾਰੇ ਲੋਕਪ੍ਰਿਯ ਗਾਣੇ ਸ਼ਾਮਿਲ ਕੀਤੇ ਹਨ ਜਿਨਾਂ ਰਾਹੀਂ ਉਸ ਨੇ ਭਾਰਤੀ ਅਮਰੀਕੀ ਮੱਤਦਾਤਾਵਾਂ ਨੂੰ ਪ੍ਰੇਰਿਤ ਕੀਤਾ ਹੈ ਤੇ ਹੈਰਿਸ ਦੇ ਵਿਸ਼ਵ ਪ੍ਰਤੀ ਨਜ਼ਰੀਏ ਦਾ ਸਮਰਥਨ ਕੀਤਾ ਹੈ।




ਰਹਿਮਾਨ ਨੇ ਵੀਡੀ ਰਿਕਾਰਡਿੰਗ ਸਮੇ ਐਮ ਆਰ ਰੰਗਾਸਵਾਮੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ 'ਇਹ ਵੇਖਣਾ ਇਕ ਬਹੁਤ ਪ੍ਰੇਰਿਤ ਕਰਨ ਵਾਲੀ ਗੱਲ ਹੈ ਕਿ ਸਾਡੇ ਵਿਚੋਂ ਇਕ ਅਗਵਾਈ ਕਰਨ ਜਾ ਰਿਹਾ ਹੈ। ਇਹ ਬਹੁਤ ਹੀ ਵਧੀਆ ਹੋਵੇਗਾ ਕਿ ਸਾਡੀ ਪਹਿਲੀ ਔਰਤ ਰਾਸ਼ਟਰਪਤੀ ਹੋਵੇਗੀ ਜੋ ਊਰਜਾ ਨਾਲ ਭਰੀ ਹੋਈ ਹੈ ਤੇ ਉਸ ਨੂੰ ਸਾਡੇ ਸਾਰਿਆਂ ਦਾ ਸਮਰਥਨ ਤੇ ਪਿਆਰ ਮਿਲ ਰਿਹਾ ਹੈ।' ਵੀਡੀ ਵਿਚ ਰਹਿਮਾਨ ਨੇ ਹੈਰਿਸ ਤੇ ਵਿਸ਼ਵ ਭਰ ਦੀਆਂ ਔਰਤਾਂ ਨੂੰ ਸਮਰਪਿਤ ਇਕ ਵਿਸ਼ੇਸ਼ ਗੀਤ ਵੀ ਸ਼ਾਮਿਲ ਕੀਤਾ ਹੈ ਜਿਸ ਦੇ ਬੋਲ ਹਨ 'ਯੇਰੂ ਯੇਰੂ ਯੇਰੂ ਨਿਨਜਿਲ ਪਾਲਮੀ ਕੁੰਡੂ ਯੇਰੂ'। ਰਹਿਮਾਨ ਨੇ ਕਿਹਾ ਹੈ ਕਿ ਇਹ ਗੀਤ ਵਿਸ਼ਵ ਦੀਆਂ ਸਾਰੀਆਂ ਔਰਤਾਂ ਤੇ ਵਿਸ਼ੇਸ਼ ਕਰਕੇ ਕਮਲਾ ਜੀ ਨੂੰ ਸਮਰਪਿਤ ਹੈ। ਉਨਾਂ ਕਿਹਾ 'ਇਹ ਗੀਤ ਤੁਹਾਡੇ ਲਈ ਹੈ ਜਿਸ ਦੇ ਅਰਥ ਤੁਸੀਂ ਜਾਣਦੇ ਹੋ। ਮੈ ਤੁਹਾਡੀ ਸਫਲਤਾ ਦੀ ਕਾਮਨਾ ਕਰਦਾ ਹਾਂ।' ਰਹਿਮਾਨ ਦੀ ਇਹ ਵੀਡੀ ਆਪੀ ਵਿਕਟਰੀ ਫੰਡ ਦੇ ਯੂ ਟਿਊਬ ਚੈਨਲ ਉਪਰ ਜਾਰੀ ਕੀਤੀ ਗਈ ਹੈ।

ਆਪੀ ਵਿਕਟਰੀ ਫੰਡ ਦੇ ਚੇਅਰਮੈਨ ਸ਼ੇਖਰ ਨਰਾਸਿਮਹਾਨ ਨੇ ਕਿਹਾ ਹੈ ਕਿ ਇਹ ਕੇਵਲ ਸੰਗੀਤਕ ਵੀਡੀ ਹੀ ਨਹੀਂ ਹੈ ਬਲਕਿ ਸਾਡੇ ਭਾਈਚਾਰੇ ਲਈ ਸੱਦਾ ਹੈ ਕਿ ਉਹ ਉਸ ਭਵਿੱਖ ਲਈ ਵੋਟ ਪਾਉਣ ਜਿਸ ਨੂੰ ਉਹ ਚਹੁੰਦੇ ਹਨ।


# ਪਿਤਾ ਨੂੰ ਜ਼ਹਿਰ ਦਾ ਟੀਕਾ ਲੱਗਣ ਦੇ ਆਖਰੀ ਪਲਾਂ ਦੌਰਾਨ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ 'ਤੇ ਲਾਈ ਆਰਜੀ ਰੋਕ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਰਾਬਰਟ ਰਾਬਰਸਨ ਨਾਮੀ ਵਿਅਕਤੀ ਜਿਸ ਨੂੰ ਆਪਣੀ ਦੋ ਸਾਲਾਂ ਦੀ ਧੀ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ ਤੇ ਉਸ ਨੂੰ ਭਾਰਤੀ ਸਮੇ ਅਨੁਸਾਰ 18 ਅਕਤੂਬਰ ਨੂੰ ਜ਼ਹਿਰ ਦਾ ਟੀਕਾ ਲਾਉਣ ਦੇ ਆਖਰੀ ਪਲਾਂ ਦੌਰਾਨ ਉਸ ਵੇਲੇ ਰਾਹਤ ਮਿਲ ਜਾਣ ਦੀ ਖਬਰ ਹੈ ਜਦੋਂ ਟੈਕਸਾਸ ਸੁਪਰੀਮ ਕੋਰਟ ਨੇ ਉਸ ਦੀ ਮੌਤ ਦੀ ਸਜ਼ਾ ਉਪਰ ਆਰਜੀ ਰੋਕ ਲਾ ਦਿੱਤੀ। 18 ਅਕਤੂਬਰ ਦੀ ਰਾਤ ਨੂੰ ਜਦੋਂ ਰਾਬਰਸਨ ਆਪਣੇ ਆਖਰੀ ਪਲਾਂ ਵਿੱਚ ਸੋਚ ਰਿਹਾ ਸੀ ਕਿ ਉਹ ਕੁਝ ਸਮੇ ਬਾਅਦ ਮਰ ਜਾਵੇਗਾ ਤਾਂ ਉਸ ਦੇ ਵਕੀਲਾਂ ਵੱਲੋਂ 11 ਘੰਟਿਆਂ ਦੌਰਾਨ ਕੀਤੀ ਕਾਨੂੰਨੀ ਜਦੋਜਹਿਦ ਰੰਗ ਲਿਆਈ ਤੇ ਸੁਪਰੀਮ ਕੋਰਟ ਨੇ ਅੱਧੀ ਰਾਤ ਨੂੰ ਮੌਤ ਦੇ ਵਾਰੰਟਾਂ ਦੀ ਮਿਆਦ ਖਤਮ ਹੋ ਜਾਣ ਤੋਂ ਕੁਝ ਸਮਾਂ ਪਹਿਲਾਂ ਉਸ ਨੂੰ ਜ਼ਹਿਰ ਦਾ ਟੀਕਾ ਲਾਉਣ ਦੇ ਅਮਲ ਉਪਰ ਆਰਜੀ ਰੋਕ ਲਾ ਦਿੱਤੀ। ਹੁਣ ਜ਼ਹਿਰ ਦਾ ਟੀਕਾ ਲਾਉਣ ਲਈ ਨਵੀਂ ਤਰੀਕ ਤੈਅ ਕੀਤੀ ਜਾਵੇਗੀ ਜਿਸ ਦੌਰਾਨ ਰਾਬਰਸਨ ਦੇ ਵਕੀਲਾਂ ਤੇ ਉਸ ਦੇ ਸਮਰਥਕਾਂ ਨੂੰ ਕਾਨੂੰਨੀ ਚਾਰਾਜੋਈ ਕਰਨ ਲਈ ਕਾਫੀ ਸਮਾਂ ਮਿਲ ਜਾਵੇਗਾ। ਟੈਕਸਾਸ ਡਿਪਾਰਟਮੈਂਟ ਆਫ ਕ੍ਰਿਮੀਨਲ ਜਸਟਿਸ ਦੇ ਬੁਲਾਰੇ ਅਮਾਂਦਾ ਹਰਨਾਂਡੇਜ਼ ਅਨੁਸਾਰ ਟੈਕਸਾਸ ਅਧਿਕਾਰੀਆਂ ਨੇ ਜਦੋਂ ਰਾਬਰਸਨ ਨੂੰ ਰੋਕ ਲਾਏ ਜਾਣ ਬਾਰੇ ਜਾਣਕਾਰੀ ਦਿੱਤੀ ਤਾਂ ਉਸ ਨੇ ਪ੍ਰਮਾਤਮਾ ਦਾ ਧੰਨਵਾਦ ਕੀਤਾ ਤੇ ਦਾਅਵਾ ਕੀਤਾ ਕਿ ਉਹ ਨਿਰਦੋਸ਼ ਹੈ ਜਿਵੇਂ ਕਿ ਉਹ ਪਿਛਲੇ ਦੋ ਦਹਾਕਿਆਂ ਦੌਰਾਨ ਆਪਣੇ ਨਿਰਦੋਸ਼ ਹੋਣ ਦਾ ਦਾਅਵਾ ਕਰਦਾ ਆ ਰਿਹਾ ਹੈ।



# ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਤੇ ਮਿਸ਼ੈਲ ਉਬਾਮਾ ਮੰਗਣਗੇ ਕਮਲਾ ਹੈਰਿਸ ਲਈ ਵੋਟਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਚੋਣ ਪ੍ਰਚਾਰ ਦੇ ਆਖਰੀ ਪੜਾਅ ਦੌਰਾਨ ਚੋਣ ਮੁਹਿੰਮ ਵਿਚ ਨਵੀਂ ਰੂਹ ਫੂਕਣ ਦੇ ਮੰਤਵ ਨਾਲ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਤੇ ਉਨਾਂ ਦੀ ਪਤਨੀ ਮਿਸ਼ੈਲ ਉਬਾਮਾ ਅਗਲੇ ਹਫਤੇ ਵੱਖਰੇ ਵੱਖਰੇ ਤੌਰ 'ਤੇ ਡੈਮੋਕਰੈਟਿਕ ਪਾਰਟੀ ਦੀ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਕਮਲਾ ਹੈਰਿਸ ਲਈ ਵੋਟਾਂ ਮੰਗਣਗੇ। ਉਹ ਵੱਖ ਵੱਖ ਸਮਾਗਮਾਂ ਦੌਰਾਨ ਕਮਲਾ ਹੈਰਿਸ ਨਾਲ ਸੰਬੋਧਨ ਕਰਨਗੇ। ਇਹ ਜਾਣਕਾਰੀ ਹੈਰਿਸ ਦੀ ਚੋਣ ਮੁਹਿੰਮ ਦੇ ਇਕ ਸੀਨੀਅਰ ਅਧਿਕਾਰੀ ਨੇ ਦਿੱਤੀ ਹੈ। ਇਥੇ ਜ਼ਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਉਬਾਮਾ ਤੇ ਉਨਾਂ ਦੀ ਪਤਨੀ ਡੈਮੋਕਰੈਟਿਕ ਸਫਾਂ ਵਿਚ ਬਹੁਤ ਅਸਰ ਰਸੂਖ ਰਖਦੇ ਹਨ ਤੇ ਪਾਰਟੀ ਆਸ ਕਰਦੀ ਹੈ ਕਿ ਉਹ ਉਨਾਂ ਰਾਜਾਂ ਜਿਥੇ ਜਿੱਤ ਦਾ ਫਰਕ ਬਹੁਤ ਥੋੜਾ ਰਹਿਣ ਦੀ ਸੰਭਾਵਨਾ ਹੈ, ਵਿਚ ਵਫਾਦਾਰ ਡੈਮੋਕਰੈਟ ਵੋਟਰਾਂ ਵਿੱਚ ਨਵਾਂ ਜੋਸ਼ ਭਰਨ ਵਿੱਚ ਸਫਲ ਹੋਣਗੇ। ਮਿਸ਼ੈਲ ਉਬਾਮਾ ਚੋਣ ਮੁਹਿੰਮ ਦੌਰਾਨ ਪਹਿਲੀ ਵਾਰ ਮਿਸ਼ੀਗਨ ਵਿਚ ਹੈਰਿਸ ਨਾਲ 26 ਅਕਤੂਬਰ ਨੂੰ ਚੋਣ ਪ੍ਰਚਾਰ ਕਰਨਗੇ ਤੇ ਸਮਾਗਮਾਂ ਨੂੰ ਸੰਬੋਧਨ ਕਰਨਗੇ। ਉਨਾਂ ਦੇ ਪਤੀ ਬਰਾਕ ਉਬਾਮਾ ਅਗਲੇ ਹਫਤੇ ਜਾਰਜੀਆ ਵਿਚ ਹੈਰਿਸ ਨਾਲ ਚੋਣ ਪ੍ਰਚਾਰ ਕਰਨਗੇ। ਹਾਲ ਹੀ ਵਿਚ ਉਨਾਂ ਨੇ ਪਿਟਸਬਰਗ ਵਿਚ ਸਮਾਗਮ ਨੂੰ ਸੰਬੋਧਨ ਕੀਤਾ ਸੀ। ਆਉਣ ਵਾਲੇ ਦਿਨਾਂ ਵਿਚ ਉਹ ਟਕਸਨ, ਲਾਸ ਵੇਗਾਸ, ਡੈਟਰਾਇਟ ਤੇ ਮੈਡੀਸਨ ਵਿਚ ਚੋਣ ਪ੍ਰਚਾਰ ਕਰਨਗੇ। ਇਥੇ ਇਹ ਵੀ ਵਰਨਣਯੋਗ ਹੈ ਕਿ ਹੈਰਿਸ ਨੇ 2008 ਵਿਚ ਰਾਸ਼ਟਰਪਤੀ ਅਹੁੱਦੇ ਲਈ ਬਰਾਕ ਉਬਾਮਾ ਦਾ ਸਮਰਥਨ ਕੀਤਾ ਸੀ ਜਦ ਕਿ ਉਬਾਮਾ ਨੇ 2024 ਵਿਚ ਪਾਰਟੀ ਉਮੀਦਵਾਰ ਵਜੋਂ ਕਮਲਾ ਹੈਰਿਸ ਲਈ ਪਰਦੇ ਪਿੱਛੇ ਸਮਰਥਨ ਜੁਟਾਇਆ ਸੀ।




CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 20 ਅਕਤੂਬਰ ਨੂੰ; ਸਾਰੇ ਪ੍ਰਬੰਧ ਮੁਕੰਮਲ



**ਸੰਗਰੂਰ, (ਦਲਜੀਤ ਕੌਰ)** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਇੱਕ ਮੀਟਿੰਗ ਜੋਨ ਜਥੇਬੰਦਕ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਤੌਰ ਤੇ ਜਾਗਰੂਕ ਕਰਨ ਲਈ 20 ਤੇ 21 ਅਕਤੂਬਰ ਨੂੰ ਕਰਵਾਈ ਜਾ ਰਹੀ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਬੰਧੀ ਪ੍ਰੀਖਿਆ ਕੇਂਦਰ ਸੁਪਰਡੈਂਟਾਂ ਨਾਲ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ ਪ੍ਰੀਖਿਆ ਨਾਲ ਸੰਬੰਧਤ ਪ੍ਰਸ਼ਨ ਪੱਤਰ, ਐਮ ਆਰ ਸੀਟਾਂ,ਹਦਾਇਤਾਂ, ਧਿਆਨ ਦੇਣ ਯੋਗ ਨੁਕਤੇ ਵਾਲੀਆਂ ਫਾਈਲਾਂ ਦਿੱਤੀਆਂ। ਮੀਟਿੰਗ ਵਿੱਚ ਪ੍ਰੀਖਿਆ ਨਾਲ ਸੰਬੰਧਤ ਨੁਕਤੇ ਸਾਂਝੇ ਕੀਤੇ ਤੇ ਕੋਈ ਸਮੱਸਆ ਸਾਹਮਣੇ ਆਉਣ ਤੇ ਜ਼ਿਲ੍ਹਾ ਜਥੇਬੰਦਕ ਨਾਲ ਸੰਪਰਕ ਕਰਨ ਲਈ ਕਿਹਾ। ਮੀਟਿੰਗ ਵਿੱਚ ਕਿਹਾ ਗਿਆ ਕਿ ਪ੍ਰੀਖਿਆ ਨਕਲ ਰਹਿਤ ਵਧੀਆ, ਉਸਾਰੂ ਮਾਹੌਲ ਵਿੱਚ ਹੋਣੀ ਚਾਹੀਦੀ ਹੈ, ਕਿਸੇ ਵਿਦਿਆਰਥੀ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ, ਪ੍ਰੀਖਿਆ ਦਾ ਵਿਦਿਆਰਥੀਆਂ ਤੇ ਚੰਗਾ ਪ੍ਰਭਾਵ ਪੈਣਾ ਚਾਹੀਦਾ ਹੈ। ਇਕਾਈ ਸੰਗਰੂਰ ਵੱਲੋਂ 36 ਸਕੂਲਾਂ ਲਈ 17 ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਹਰ ਪ੍ਰੀਖਿਆ ਕੇਂਦਰਾਂ ਵਿੱਚ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ,8 ਪ੍ਰੀਖਿਆ ਕੇਂਦਰਾਂ ਵਿੱਚ 20 ਅਕਤੂਬਰ ਨੂੰ ਤੇ 9 ਪ੍ਰੀਖਿਆ ਕੇਂਦਰਾਂ ਵਿੱਚ 21 ਅਕਤੂਬਰ ਨੂੰ ਪ੍ਰੀਖਿਆ ਹੋਵੇਗੀ। ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਹਿੱਤ ਨਿੱਗਰ ਵਿਚਾਰ ਵਟਾਂਦਰਾ ਕੀਤਾ ਗਿਆ।

# ਅਨੁਸੂਚਿਤ ਜਾਤੀ ਦੀ ਜਸਵਿੰਦਰ ਕੌਰ ਪੌੜ 77 ਸਾਲ 'ਚ ਪਿੰਡ ਲਾਲੋ ਮਜਾਰਾ ਦੀ ਪਹਿਲੀ ਮਹਿਲਾ ਸਰਪੰਚ ਬਣੀ

**ਨਵਾਂਸ਼ਹਿਰ/ਮੁਕੰਦਪੁਰ (ਸਤਨਾਮ ਸਿੰਘ ਸਹੂੰਗੜਾ)–** ਬਲਾਕ ਔੜ ਅਧੀਨ ਪੈਂਦੇ ਪਿੰਡ ਲਾਲੋ ਮਜਾਰਾ 'ਚ 77 ਸਾਲ ਪਿਛੋਂ ਪਹਿਲੀ ਵਾਰੀ ਅਨੂਸੂਚਿਤ ਜਾਤੀ ਨਾਲ ਸੰਬੰਧਿਤ ਮਹਿਲਾ ਜਸਵਿੰਦਰ ਕੌਰ ਪੌੜ (ਉਮਰ ਮਹਿਜ 38 ਸਾਲ) ਸਰਪੰਚ ਚੁਣੀ ਗਈ। ਜੋ ਕਿ ਆਪਣੇ ਆਪ ਵਿੱਚ ਇਕ ਬਹੁਤ ਹੀ ਵੱਡੀ ਮਿਸਾਲ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਪਹਿਲਾ ਜਸਵਿੰਦਰ ਕੌਰ ਪੌੜ ਨੂੰ ਪੂਰੇ ਪਿੰਡ ਨੇ ਸਰਬਸੰਮਤੀ ਨਾਲ ਪਿੰਡ ਦੀ ਸਰਪੰਚ ਚੁਣ ਲਿਆ ਸੀ। ਪਰ ਫਿਰ ਬਾਅਦ ਵਿੱਚ ਉਹਨਾਂ ਲੋਕਾਂ ਨੇ ਹੀ ਜਸਵਿੰਦਰ ਕੌਰ ਪੌੜ ਦੇ ਵਿਰੋਧ ਵਿੱਚ ਆਪਣਾ ਦੂਸਰਾ ਉਮੀਦਵਾਰ ਮੈਦਾਨ ਵਿੱਚ ਉਤਾਰ ਦਿੱਤਾ, ਜਿਹਨਾਂ ਲੋਕਾਂ ਨੇ ਸਰਬਸੰਮਤੀ ਕਰਨ ਲਈ ਪਿੰਡ ਦੇ ਗੁਰੂਘਰ ਵਿੱਚ ਪੰਚਾਇਤੀ ਚੋਣਾਂ ਸੰਬੰਧੀ ਅਨਾਊਂਸਮੈਂਟ ਕਰਵਾਈ ਸੀ।

ਫਿਰ ਜਦੋਂ ਲੋਕਾਂ ਨੇ ਆਪਣੇ ਵੋਟ ਦੀ ਵਰਤੋਂ ਕੀਤੀ ਤਾਂ ਲੋਕਾਂ ਨੇ ਵੋਟਾਂ ਦੇ ਨਾਲ ਫਿਰ ਤੋਂ ਸਰਬਸੰਮਤੀ



ਹੋਣ ਵਾਲੀ ਉਮੀਦਵਾਰ ਜਸਵਿੰਦਰ ਕੌਰ ਪੌੜ ਨੂੰ 172 ਵੋਟ ਪਾਏ ਤੇ ਵਿਰੋਧੀ ਉਮੀਦਵਾਰ ਨੂੰ 157 ਵੋਟ ਪ੍ਰਾਪਤ ਹੋਏ। ਪੂਰੀ ਚੋਣ ਵਿੱਚ ਪਈਆਂ ਵੋਟਾਂ ਵਿੱਚੋਂ 8 ਵੋਟਾਂ ਕੈਂਸਲ ਹੋ ਗਈਆਂ। ਇਥੇ ਇਹ ਵੀ ਗੌਰਤਲਬ ਹੈ ਕਿ ਜਸਵਿੰਦਰ ਕੌਰ ਪੌੜ ਦੇ ਪਤੀ ਪਰਮਜੀਤ ਪੰਮੀ (ਬਹੁਜਨ ਸਮਾਜ ਦੇ ਚਿੰਤਕ ਤੇ ਲੇਖਕ ਪੰਮੀ ਲਾਲੋਮਜਾਰਾ) ਜੋ ਕਿ ਪਿੰਡ ਦੇ ਪਹਿਲਾ ਅਨੁਸੂਚਿਤ ਜਾਤੀ 'ਚੋਂ ਬਣਨ ਵਾਲਾ ਸਰਪੰਚ ਹੈ, 'ਤੇ ਇਸ ਸਮੇਂ ਪਿੰਡ ਦੇ ਮੌਜੂਦਾ ਨੰਬਰਦਾਰ ਵਜੋਂ ਸੇਵਾਵਾਂ ਦੇ ਰਹੇ ਹਨ। ਪੰਜਾਬ ਦੇ ਲੋਕਤੰਤਰ ਦੇ ਇਤਿਹਾਸ ਵਿੱਚ ਸ਼ਾਇਦ ਇਸ ਤਰ੍ਹਾਂ ਦੀ ਮਿਸਾਲ ਕੋਈ ਹੋਰ ਨਾ ਮਿਲ ਸਕੇ। ਮੌਜੂਦਾ ਸਮੇਂ ਅੰਦਰ ਪਤਨੀ ਪਿੰਡ ਦੀ ਸਰਪੰਚ ਵਜੋਂ ਤੇ ਪਤੀ ਮੌਜੂਦਾ ਨੰਬਰਦਾਰ ਵਜੋਂ ਪਿੰਡ ਦੀ ਸੇਵਾ ਕਰਨਗੇ। ਨਵੀਂ ਚੁਣੀ ਗਈ ਪੰਚਾਇਤ ਵਿਚ ਜਸਵਿੰਦਰ ਕੌਰ ਪੌੜ ਸਰਪੰਚ ਦੇ ਨਾਲ ਚੁਣੇ ਗਏ ਪੰਚ ਜੋਗਿੰਦਰ ਸਿੰਘ, ਜਸਪ੍ਰੀਤ ਕੌਰ, ਭੁਪਿੰਦਰ ਕੌਰ, ਹਰੀ ਰਾਮ ਤੇ ਗੁਰਪ੍ਰੀਤ ਸਿੰਘ ਪਿੰਡ ਦੇ ਜਿੰਮੇਵਾਰਾਂ ਵਜੋਂ ਆਪਣੀਆਂ ਸੇਵਾਵਾਂ ਪਿੰਡ ਦੇ ਲੋਕਾਂ ਨੂੰ ਦੇਣਗੇ।

# ਘਰ ਦਾ ਕੀਮਤੀ ਸਮਾਨ ਸੜਣ ਤੇ ਮੁਅਵਜਾ ਨਾ ਮਿਲਣ ਕਰਕੇ ਮੁੜ ਡੀ ਸੀ ਨੂੰ ਮੰਗ ਪੱਤਰ ਦਿੱਤਾ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)– ਲੇਬਰ ਪਾਰਟੀ ਵਲੋਂ ਪਿੰਡ ਮਹਿਤ ਪੁਰ ਵਿਚ 15 ਮਈ 2024 ਨੂੰ ਗੁਜਰਾਂ ਦੀ ਕੁਲ ਨੂੰ ਅੱਗ ਲਗਣ ਕਾਰਨ ਹੋਏ ਭਾਰੀ ਨੁਕਸਾਨ ਅਤੇ ਪਸ਼ੂਆਂ ਦੇ ਜਿੰਦਾ ਸੜਣ ਲਈ ਮੁਆਵਜਾ ਨਾ ਮਿਲਣ ਤੇ ਮੁੜ ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਜੀ ਨੂੰ ਜੈ ਗੋਪਾਲ ਧੀਮਾਨ ਅਤੇ ਸੋਨੂ ਮਹਿਤਪੁਰ ਦੀ ਅਗਵਾਈ ਵਿਚ ਯਾਦ ਪਤੱਰ ਦਿਤਾ ਤੇ ਕਿਹਾ ਕਿ 4 ਕੁ ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਸੀ ਪਰ 5 ਮਹੀਨੇ ਬੀਤ ਜਾਣ ਦੇ ਬਾਵਜੂਦ ਅੱਜ ਤੱਕ ਕੋਈ ਮੁਆਵਜਾ ਨਹੀਂ ਮਿਲਿਆ। ਧੀਮਾਨ ਨੇ ਕਿਹਾ ਕਿ ਦੇਸ਼ ਅੰਦਰ ਬਹੁਤ ਕੁਝ ਮਿਲਦਾ ਹੈ, ਪਰ ਰਹ ਕੰਮ ਲਈ ਭਾਰੀ ਜਦੋਜਹਿਦ ਕਰਨੀ ਪੈਂਦੀ ਹੈ।ਸਰਕਾਰ ਸਿਰਫ ਘੋਸ਼ਣਾਵਾਂ ਹੀ ਕਰਕੇ ਲੋਕਾਂ ਨੂੰ ਖੁਸ਼ ਕਰਨ ਤੱਕ ਸੀਮਤ ਹਨ ਤੇ ਹਰ ਹੋਏ ਨੁਕਸਾਨ ਦਾ ਮੁਅਵਜਾ ਲੈਣ ਲਈ ਕੁਝ ਨਿਯਮਾਂ ਨੂੰ ਅਪਨਾਉਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਗਰੀਬ ਵਿਅਕਤੀਆਂ ਨੇ ਭਾਰੀ ਨੁਕਸਾਨ ਦਾ ਖਮਿਆਜਾ ਭੋਗਿਆ ਤੇ ਸਰਕਾਰ ਨੇ ਫਿਰ ਵੀ ਕੁਝ ਨਹੀਂ ਕੀਤਾ ਤੇ ਨਾ ਹੀ ਕਿਸੇ ਨੇ ਮੁੜ ਜਾ ਕੇ ਵੇਖਿਆ। ਅੱਜ ਦੇ ਜਮਾਨੇ ਵਿਚ ਇਕ ਕੁੱਲੀ



ਬਨਾਉਣੀ ਔਖੀ ਹੋ ਜਾਂਦ ਹੈ ਤੇ ਇਨ੍ਹਾਂ ਦੇ ਤਾਂ ਰੁਜਗਾਰ ਦੇ ਸਾਧਨਾ ਦੇ ਨਾਲ ਨਾਲ ਵੱਡਾ ਉਜਾੜਾ ਹੋਇਆ ਸੀ। ਕਿੰਨੀ ਸ਼ਰਮ ਦੀ ਗੱਲ ਹੈ ਕਿ ਇਸ ਕਾਗਜਾਂ ਵਿਚ ਇਮਾਨਦਾਰੀ ਦੀ ਸਰਕਾਰ ਕਹਿਲਾਉਣ ਵਾਲੀ 4 ਲੱਖ ਰੁਪਏ ਦੇ ਤਕਰੀਵਨ ਗਰੀਬ ਪਰਿਵਾਰ ਨੂੰ ਮਆਵਜਾ ਤੱਕ ਨਹੀਂ ਦੇ ਸਕੀ। ਇਸੇ ਤਰ੍ਹਾਂ ਅਨੇਕਾਂ ਵਾਰ ਗਰੀਬ ਲੋਕਾਂ ਦਾ ਨੁਕਸਾਨ ਹੋ ਜਾਂਦਾ ਹੈ ਤੇ ਉਨ੍ਹਾਂ ਨੂੰ ਮੁੱਠੀ ਭਰ ਰਾਹਿਤ ਦੇ ਕੇ ਹੀ ਸਾਰ ਦਿਤਾ ਜਾਂਦਾ ਹੈ।ਹਲਾਤਾਂ ਅਨੁਸਾਰ ਉਸ ਘਰ ਨੂੰ ਸਰਕਾਰ ਇਕ ਪਤੱਰ ਵੀ ਨਹੀਂ ਲਿੱਖ ਸਕੀ ਮੁਆਵਜੇ ਸਬੰਧੀ। ਧੀਮਾਨ ਨੇ ਦਸਿਆ ਕਿ ਇਨਸਾਫ ਦੀ ਲੜਾਈ ਭਾਵੇਂ ਲੰਬੀ ਅਤੇ ਗੁੰਝਲਦਾਰ ਹੈ ਪਰ ਲੜਾਂਗੇ ਜਰੂਰ। ਅਗਰ ਫਿਰ ਵੀ ਮੁਅਵਜਾ ਨਾ ਮਿਲਿਆ ਤਾਂ ਮਾਨਯੋਗ ਅਦਾਲਤ ਦਾ ਦਰਵਾਜਾ ਖਟਖਟਾਇਆ ਜਾਵੇਗਾ। ਧੀਮਾਨ ਨੇ ਲੋਕਾਂ ਅਪੀਲ ਕੀਤੀ ਕਿ ਉਹ ਅਪਣੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਤੇ ਮੁਆਵਜੇ ਦੇ ਅਧਿਕਾਰ ਨੂੰ ਲੈਣ ਲਈ ਖੁਦ ਅੱਗੇ ਆਉਣ। ਇਸ ਮੋਕੇ ਸ਼ਾਬੀਰ, ਮਾਸਿਰ ਦੀਨ ਆਦ ਨਾਲ ਸਨ।




# ਕਮਲਜੀਤ ਸਿੰਘ ਬਣਵੈਤ ਦਾ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਮੈਂਬਰ ਨਿਯੁਕਤ ਕਰਨ ਤੇ ਕੀਤਾ ਸਨਮਾਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸਰਦਾਰ ਕਮਲਜੀਤ ਸਿੰਘ ਬਣਵੈਤ ਉੜਾਪੜ ਹੁਣਾਂ ਨੂੰ ਭਾਰਤ ਸਰਕਾਰ 'ਚ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਸਲਾਹਕਾਰ ਵਜੋਂ ਨਿਯੁਕਤ ਕਰਨ ਤੇ ਉਹਨਾਂ ਦੇ ਜੱਦੀ ਪਿੰਡ, ਉੜਾਪੜ ਬਣਵੈਤ ਆਫਿਸ ਵਿਖੇ ਪਿੰਡ ਦੀਆਂ ਦੋਨਾਂ ਸਪੋਰਟਸ ਕਲੱਬਾਂ ਵਲੋ ਵਿਸ਼ੇਸ਼ ਤੌਰ ਤੇ ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੀਨੀਅਰ ਪ੍ਰੈਸ ਰਿਪੋਰਟਰ ਸੁਖਵਿੰਦਰ ਸਿੰਘ ਧਾਵਾ ਪ੍ਰਧਾਨ/ ਚੇਅਰਮੈਨ ਦਸ਼ਮੇਸ਼ ਸਪੋਰਟਸ ਅਕੈਡਮੀ ਐਂਡ ਵੈਲਫੇਅਰ ਯੂਥ ਕਲੱਬ ਉੜਾਪੜ (ਸਟੇਟ ਐਵਾਰਡੀ) ਹੁਣ ਵਿਸ਼ੇਸ਼ ਤੌਰ ਤੇ ਦੱਸਿਆ ਕਿ ਭਾਰਤ ਸਰਕਾਰ ਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਸਲਾਹਕਾਰ ਵਜੋਂ ਨਿਯੁਕਤੀ ਹੋਣ ਨਾਲ ਕਮਲਜੀਤ ਬਣਵੈਤ ਹੁਣਾਂ ਜਿੱਥੇ ਆਪਣੇ (ਸਾਧ ਪਰਿਵਾਰ) ਅਤੇ ਸੈਣੀ ਬਰਾਦਰੀ ਦਾ ਨਾਮ ਰੋਸ਼ਨ ਕੀਤਾ, ਉੱਥੇ ਸਮੁੱਚੇ ਭਾਰਤ ਅਤੇ ਦੇਸ਼ ਵਿਦੇਸ਼ 'ਚ ਸਮੁੱਚੇ ਪੰਜਾਬੀਆਂ ਦਾ ਨਾਮ ਰੋਸ਼ਨ ਹੋਇਆ ਹੈ। ਪਿੰਡ ਉੜਾਪੜ ਨੂੰ ਇਸ ਗੱਲ ਦਾ ਬਹੁਤ ਹੀ ਵੱਡਾ ਮਾਣ ਹੈ, ਕਿ ਭਵਿੱਖ ਵਿੱਚ ਪਹਿਲੀ ਵਾਰੀ ਕੇਂਦਰ ਸਰਕਾਰ 'ਚ ਮਹਾਨ ਸ਼ਖਸ਼ੀਅਤ ਨੂੰ ਮੈਂਬਰ ਵਜੋਂ ਨਿਯੁਕਤ ਕੀਤਾ ਹੈ ਲ ਜਿਕਰਯੋਗ ਜੋ ਹੈ ਕਿ ਕਮਲਜੀਤ ਬਣਵੈਤ ਰੋਜ਼ਾਨਾ ਸਪੋਕਸਮੈਨ ਅਖਬਾਰ ਦੇ ਸਾਬਕਾ ਐਡੀਟਰ ਵੀ ਸੀ ਉਦੋਂ ਉਹਨਾਂ ਨੂੰ ਸ਼੍ਰੋਮਣੀ ਪੱਤਰਕਾਰ ਪੁਰਸਕਾਰ ਨਾਲ ਵੀ ਸਨਮਾਨਤ ਕੀਤਾ ਹੋਇਆ ਹੈ। ਇਸ ਮੌਕੇ ਤੇ ਪੰਚਾਇਤੀ ਰਾਜ ਸਪੋਰਟਸ ਕਲੱਬ ਦੇ ਪ੍ਰਧਾਨ ਬਲਵੀਰ ਸਿੰਘ ਬੀ ਐਸ ਸੀ ਸਾਬਕਾ ਹੈਡ ਮਾਸਟਰ ਚੱਕਦਾਨਾ, ਦਸ਼ਮੇਸ਼ ਸਪੋਰਟਸ ਕਲੱਬ ਦੇ ਸਰਪ੍ਰਸ ਐਨ ਆਰ ਆਈ ਦਵਿੰਦਰ ਸਿੰਘ ਬਣਵੈਤ ਟਰਾਂਸਪੋਰਟਰ, ਅਮਰਜੀਤ ਸਿੰਘ ਆਰਮੀ ਹਾਕੀ ਕੋਚ, ਅਮਰਜੀਤ ਸਿੰਘ ਮਿਸਤਰੀ , ਇੰਦਰਪ੍ਰੀਤ ਸਿੰਘ ਇੰਦਰ, ਗਗਨਪ੍ਰੀਤ ਸਿੰਘ ਗੱਗੂ, ਜਸਵੰਤ ਸਿੰਘ, ਹਰਦੀਪ ਸਿੰਘ ਪਾਲੀਆਂ ਦੇ, ਗਗਨਪ੍ਰੀਤ ਸਿੰਘ ਗਗਨ, ਪ੍ਰਭਪ੍ਰੀਤ ਸਿੰਘ ਸਾਰੇ ਸਪੋਰਟਸ ਕਲੱਬਾਂ ਦੇ ਮੈਂਬਰ ਸਾਹਿਬਾਨ ਅਤੇ ਸਾਧ ਪਰਿਵਾਰ ਚੋਂ ਸਾਬਕਾ ਸਰਪੰਚ ਸਲਿੰਦਰ ਸਿੰਘ ਛਿੰਦਾ, ਪ੍ਰੋਫੈਸਰ ਮਹਿੰਦਰ ਸਿੰਘ ਬਣਵੈਤ , ਜਥੇਦਾਰ ਕਰਮ ਸਿੰਘ ਸਾਧ, ਜਸਵੀਰ ਸਿੰਘ ਸਾਧ ਸਾਬਕਾ ਡਾਇਰੈਕਟਰ ਪੀ ਏ ਡੀ ਬੈਂਕ ਨਵਾਂ ਸ਼ਹਿਰ, ਸਾਧ, ਨੰਬਰਦਾਰ ਨਰਿੰਦਰ ਸਿੰਘ ਭੂਰਾ, ਕਮਲਦੀਪ ਸਿੰਘ ਕੰਬਾ ਸਾਧ, ਪ੍ਰਿੰਸ ਪ੍ਰੀਤ ਬਣਵੈਤ ਵੀ ਹਾਜਰ ਸਨ।

# ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਵਿੱਚ ਕਰਵਾਇਆ ਗਿਆ ਸਹੋਦਿਆ ਕੁਇਜ਼ ਮੁਕਾਬਲਾ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)-** ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਦਾਦ ਵਿਖੇ ਸਹੋਦਿਆ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਕੁਇਜ਼ ਮੁਕਾਬਲੇ ਵਿੱਚ ਲਗਭਗ 16 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਹਰੇਕ ਸਕੂਲ ਵਿੱਚੋਂ ਦੋ ਵਿਦਿਆਰਥੀ ਆਏ। ਮੁਕਾਬਲੇ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ। ਇਸ ਤੋਂ ਬਾਅਦ ਪਹਿਲੇ ਪੜਾਅ ਵਿੱਚ ਲਿਖਤੀ ਪ੍ਰੀਖਿਆ ਲਈ ਗਈ। ਜਿਸ ਵਿੱਚੋਂ 6 ਸਕੂਲਾਂ ਦੇ ਵਿਦਿਆਰਥੀਆਂ ਨੇ ਇਹ ਲਿਖਤੀ ਪ੍ਰੀਖਿਆ ਪਾਸ ਕਰਕੇ ਦੂਜੇ ਪੜਾਅ ਵਿੱਚ ਪ੍ਰਵੇਸ਼ ਕੀਤਾ। ਮੁਕਾਬਲੇ ਦੇ ਦੂਜੇ ਪੜਾਅ ਵਿੱਚ ਜ਼ੁਬਾਨੀ ਪ੍ਰੀਖਿਆ ਲਈ ਗਈ। ਇਸ ਜ਼ੁਬਾਨੀ ਪ੍ਰੀਖਿਆ ਦੇ ਦੱਸ ਵੱਖ-ਵੱਖ ਪੜਾਅ ਸਨ। ਜਿਊਰੀ ਵੱਲੋਂ ਤਿੰਨ ਟੀਮਾਂ ਨੂੰ ਜੇਤੂ ਐਲਾਨਿਆ ਗਿਆ। ਜਿਸ ਵਿੱਚ ਗਰੀਨਲੈਂਡ ਪਬਲਿਕ ਸਕੂਲ, ਦੁੱਗਰੀ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਆਦਰਸ਼ ਪਬਲਿਕ ਸਕੂਲ ਦੀ ਟੀਮ ਦੂਜੇ ਅਤੇ ਜੀਐਮਟੀ ਇੰਟਰਨੈਸ਼ਨਲ ਸਕੂਲ ਦੀ ਟੀਮ ਤੀਜੇ ਸਥਾਨ ਤੇ ਰਹੀ। ਇਸ ਤੋਂ ਇਲਾਵਾ ਹੋਰ ਟੀਮਾਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰੁਪਿੰਦਰ ਕੌਰ ਨੇ ਸਾਰੀਆਂ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਇਨਾਮ ਦਿੱਤੇ। ਇਸ ਤਰਾਂ ਮੁਕਾਬਲੇ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਨਾਲ ਕੀਤੀ ਗਈ।




# ਅੱਤੋਵਾਲ ਪਿੰਡ ਦੀ ਨਵੀਂ ਬਣੀ ਪੰਚਾਇਤ ਨੇ ਧੰਨਵਾਦ ਸਮਾਗਮ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪਿੰਡ ਅੱਤੋਵਾਲ ਵਿਖੇ ਸਚਖੰਡ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਨਵੀਂ ਬਣੀ ਪੰਚਾਇਤ ਵਲੋਂ ਅਤੇ ਸਮੂਹ ਨਗਰ ਦੇ ਸਹਿਯੋਗ ਨਾਲ ਧੰਨਵਾਦ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ ਅਤੇ ਕੀਰਤਨ ਕਰਵਾਇਆ ਗਿਆ। ਨਗਰ ਦੇ ਨੰਬਰਦਾਰ ਸਹਿਬਾਨਾ ਵਲੋਂ ਅਤੇ ਨਗਰ ਦੇ ਪਤਵੰਤੇ ਸੱਜਣਾ ਵਲੋਂ ਨਵੇਂ ਬਣੇ ਸਰਪੰਚ ਰਘਵੀਰ ਸਿੰਘ ਨੂੰ ਅਤੇ ਮੈਂਬਰ ਪੰਚਾਇਤ ਦਲਜਿੰਦਰ ਸਿੰਘ, ਬਲਵੀਰ ਕੌਰ, ਬਰਜਿੰਦਰ ਕੌਰ, ਗੁਰਬਖਸ਼ ਸਿੰਘ, ਬਲਵਿੰਦਰ ਸਿੰਘ ਅਤੇ ਦਿਆਲ ਸਿੰਘ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਸਰਪੰਚ ਰਘਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਅਤੇ ਸਾਰੇ ਨਗਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਨਗਰ ਨਿਵਾਸੀਆਂ ਦੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾਣਗੇ ਅਤੇ 24 ਘੰਟੇ ਸਾਰੇ ਨਗਰ ਦੀ ਸੇਵਾ ਵਿੱਚ ਹਾਜਰ ਰਹਾਂਗੇ ਅਤੇ ਪਿੰਡ ਦੀ ਤਰੱਕੀ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਨੌਜਵਾਨਾਂ ਨੂੰ ਨਸ਼ਿਆਂ ਤੋ ਦੂਰ ਰੱਖਿਆ ਜਾਵੇਗਾ ਖੇਡਾਂ ਵੱਲ ਪ੍ਰੇਰਿਆ ਜਾਵੇਗਾ।




# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਇੰਡੋ ਯੂ.ਐਸ. ਹੈਰੀਟੇਜ ਫਰਿਜਨੋ ਵੱਲੋ ਕਰਵਾਇਆ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮੇਲਾ ਯਾਦਗਾਰੀ ਹੋ ਨਿੱਬੜਿਆ

## (ਇਹ ਮੇਲਾ ਪੱਗੜੀ ਸੰਭਾਲ ਜੱਟਾ ਲਹਿਰ ਦੇ ਮੋਢੀ ਚਾਚਾ ਅਜੀਤ ਸਿੰਘ ਨੂੰ ਸਮਰਪਿਤ ਰਿਹਾ)
















**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)** ਪੰਜਾਬੀ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਹੋਣ, ਉਹ ਹਰ ਸਮੇਂ ਪੰਜਾਬ ਨਾਲ ਜੁੜੇ ਰਹਿੰਦੇ ਹਨ। ਇਸੇ ਲੜੀ ਅਤੇ ਸਮਰਪਣ ਤਹਿਤ ਗਦਰ ਲਹਿਰ ਦੀ ਸੁਰੂਆਤ 1913 ਵਿੱਚ ਅਮਰੀਕਾ ਤੋਂ ਹੋਈ ਸੀ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਤੋਂ ਭਾਰਤ ਦੀ ਅਜ਼ਾਦੀ ਦੀ ਲਹਿਰ ਵਿੱਚ ਹਿੱਸਾ ਪਾਉਣ ਲਈ ਤਕਰੀਬਨ 8000 ਹਜ਼ਾਰ ਦੇ ਕਰੀਬ ਗ਼ਦਰੀ ਬਾਬੇ ਭਾਰਤ ਪਰਤੇ ਸਨ। ਜਿੰਨਾ ਵਿੱਚੋਂ ਬਹੁਤਾਤ ਪੰਜਾਬੀਆਂ ਦੀ ਸੀ। ਗਦਰ ਦੀ ਗੂੰਜ ਅਖਬਾਰ ਕੈਲੀਫੋਰਨੀਆਂ ਦੀ ਧਰਤੀ ਸਾਨਫਰਾਸਸਕੋ ਤੋਂ ਨਿਕਲਦਾ ਰਿਹਾ, ਜਿਸ ਦੀ ਗੂੰਜ ਨੇ ਗੋਰਿਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਇਸੇ ਲਹਿਰ ਨੂੰ ਸਮਰਪਿਤ ਭਾਰਤ ਦੀ ਅਜ਼ਾਦੀ ਲਈ ਜੂਝਣ ਵਾਲੇ ਗਦਰੀਆਂ ਨੂੰ ਯਾਦ ਕਰਦੇ ਹੋਏ ਅਤੇ ਕਿਸਾਨ ਲਹਿਰ ਪੱਗੜੀ ਸੰਭਾਲ ਜੱਟਾ ਦੇ ਨਾਇਕ ਚਾਚਾ ਅਜੀਤ ਸਿੰਘ ਨੂੰ ਸਮਰਪਿਤ ਗ਼ਦਰੀ ਬਾਬਿਆਂ ਦਾ ਮੇਲਾ ਇੰਡੋ ਯੂ।ਐਸ। ਹੈਰੀਟੇਜ਼ ਫਰਿਜਨੋ, ਦੇ ਸਮੂੰਹ ਮੈਬਰਾਂ ਦੇ ਸਿਰਤੋੜ ਯਤਨਾਂ ਸਦਕੇ ਲੰਘੇ ਐਤਵਾਰ ਸਥਾਨਿਕ ਟਿੱਲੀ ਐਲੀਮੈਂਟਰੀ ਸਕੂਲ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ।

ਇਸ ਵਾਰ ਇਸ ਮੇਲੇ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪੱਤਰਕਾਰ ਪਰਮਵੀਰ ਸਿੰਘ ਬਾਠ ਨੇ ਸ਼ਿਰਕਤ ਕੀਤੀ। ਉਹਨਾਂ ਸਭ ਤੋਂ ਪਹਿਲਾ ਸੰਸਥਾ ਦੇ ਸਮੂਹ ਮੈਂਬਰਾਂ ਨਾਲ ਸ਼ਹੀਦਾਂ ਨੂੰ ਨਮਨ ਕਰਦਿਆਂ ਸ਼ਮਾਂ ਰੌਸ਼ਨ ਕੀਤੀ। ਆਪਣੇ ਭਾਸ਼ਨ ਦੌਰਾਨ ਉਹਨਾਂ ਬੜੇ ਤਫ਼ਸੀਲ ਨਾਲ ਗਦਰ ਇਤਿਹਾਸ ਬਾਰੇ ਚਾਨਣਾ ਪਾਇਆ। ਉਹਨਾਂ ਪ੍ਰਬੰਧਕਾਂ ਦੀ ਤਰੀਫ਼ ਕਰਦਿਆਂ ਕਿਹਾ ਕਿ ਇਸ ਤਰਾਂ ਦੇ ਮੇਲੇ ਲਾਉਣੇ ਕੋਈ ਸੌਖਾ ਕੰਮ ਨਹੀ, ਕਲਾਕਾਰਾਂ ਦੇ ਅਖਾੜਿਆਂ ਵਿੱਚ ਲੋਕੀ ਹਜ਼ਾਰਾਂ ਦੀ ਗਿਣਤੀ ਵਿੱਚ ਆਪ ਮੁਹਾਰੇ ਚਲੇ ਜਾਂਦੇ, ਪਰ ਇਸ ਬੌਧਿੱਕ ਕੰਗਾਲੀ ਦੇ ਸਮੇਂ ਕੰਮ ਦੀਆਂ ਗੱਲਾਂ ਸੁਣਾਉਣ ਲਈ ਵੀ ਵੱਡੇ ਜਿੱਗਰੇ ਕਰਨੇ ਪੈਂਦੇ। ਉਹਨਾਂ ਕਿਹਾ ਮੋਬਾਇਲ ਫੋਨ ਨੇ ਸਾਨੂੰ ਕਿਤਾਬਾਂ ਤੋਂ ਦੂਰ ਕਰ ਦਿੱਤਾ, ਜਿਹੜਾ ਕਿ ਇੱਕ ਖਤਰਨਾਕ ਰੁਝਾਨ ਹੈ। ਉਹਨਾਂ ਕਿਹਾ ਕਿ ਸਾਨੂੰ ਕਿਤਾਬਾਂ ਨੂੰ ਸੱਚੇ ਦੋਸਤ ਬਣਾਉਣਾ ਚਾਹੀਦਾ ਹੈ। ਦੁਨੀਆ ਮਾੜੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਲੋਕੀ ਡਿਪਰੈਂਸ਼ਨ ਵਿੱਚ ਹਨ, ਇਹੋ ਜਿਹੇ ਮੇਲੇ ਸਾਨੂੰ ਗ਼ਦਰੀ ਯੋਧਿਆਂ ਦੇ ਜੀਵਨ ਤੋਂ ਪ੍ਰੇਰਨਾਂ ਲੈਣੀ ਸਿਖਾਉਂਦੇ ਹਨ, ਜਿਹੜੇ ਅੰਡੇ-ਮਾਨ, ਨਿਕੋਬਾਰ ਦੀਆਂ ਕਾਲੀਆਂ ਕੋਠੜੀਆਂ ਵਿੱਚ ਵੀ ਚੜਦੀਕਲਾ ਵਿੱਚ ਰਹੇ। ਇਸ ਮੌਕੇ ਸਰੋਤਿਆਂ ਨੇ ਉਹਨਾਂ ਦੇ ਵਿਚਾਰ ਸਾਹ ਰੋਕਕੇ ਸੁਣੇ ਤੇ ਆਪ ਮੁਹਾਰੇ ਤਾੜੀਆਂ ਮਾਰੀਆਂ । ਉਪਰੰਤ ਪੱਤਰਕਾਰ ਪਰਮਵੀਰ ਬਾਠ ਨੇ ਸੰਸਥਾ ਦਾ ਸੋਵੀਨੀਅਰ ਰਲੀਜ਼ ਕੀਤਾ। ਭੈਣਜੀ ਕੁਲਜੀਤ ਕੌਰ ਮਾਨ ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ ਤੇ ਗਦਰ ਲਹਿਰ ਦੀ ਗੱਲਬਾਤ ਕਰਦਿਆਂ ਐਜੂਕੇਸ਼ਨ ਤੇ ਇਨਸਾਨੀ ਕਦਰਾਂ ਕੀਮਤਾਂ ਬਾਰੇ ਚਾਨਣਾ ਪਾਇਆ। ਸੰਸਥਾ ਦੇ ਕਨਵੀਨਰ ਸ। ਸਾਧੂ ਸਿੰਘ ਸੰਘਾ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਚਾਚਾ ਅਜੀਤ ਸਿੰਘ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕੀਤੀ। ਉਹਨਾਂ ਦੀ ਭਾਵਪੂਰਕ ਸਪੀਚ ਨੇ ਹਰ ਅੱਖ ਨਮ ਕਰ ਦਿੱਤੀ। ਸੈਕਟਰੀ ਹੈਰੀ ਮਾਨ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਗਦਰ ਲਹਿਰ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਨਾਲ ਦੀ ਨਾਲ ਹਨਾਂ ਅਮਰੀਕਾ ਵਿੱਚ ਅਗਲੇ ਮਹੀਨੇ ਆ ਰਹੀਆਂ ਰਾਸ਼ਟਰਪਤੀ ਚੋਣਾਂ ਵਿੱਚ ਮੱਤਦਾਨ ਸੋਚ ਸਮਝਕੇ ਕਰਨ ਦੀ ਬੇਨਤੀ ਵੀ ਕੀਤੀ।

ਡਾ. ਗੁਰਰੀਤ ਬਰਾੜ ਨੇ ਪੰਜਾਬ ਅੰਦਰ ਖੇਤੀ ਸੰਕਟ ਅਤੇ ਪ੍ਰਦੂਸ਼ਤ ਹੋ ਰਹੇ ਵਾਤਾਵਰਨ ਬਾਰੇ ਚਿੰਤਾ ਜਾਹਿਰ ਕੀਤੀ। ਇਸ ਤੌ ਇਲਾਵਾ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਅਤੇ ਗਾਇਕ ਕਮਲਜੀਤ ਬੈਨੀਪਾਲ ਨੇ ਸ਼ਾਨਦਾਰ ਕਵਿੱਸ਼ਰੀ ਗਾਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਗਾਇਕ ਪੱਪੀ ਭਦੌੜ, ਰਾਜ ਬਰਾੜ, ਗੁਰਦੀਪ ਕੁੱਸਾ, ਦਿਲਪ੍ਰੀਤ ਕੌਰ, ਗੋਗੀ ਸੰਧੂ, ਹਰਜੀਤ ਰੂਬੀ ਆਦਿ ਨੇ ਇਨਕਲਾਬੀ ਗੀਤਾਂ ਨਾਲ ਬਹਿਜਾ ਬਹਿਜਾ ਕਰਵਾ ਦਿੱਤੀ। ਇਸ ਮੌਕੇ ਮਲਕੀਤ ਸਿੰਘ ਕਿ-ਗਰਾ ਅਤੇ ਹਨਾਂ ਦੀ ਪੋਤਰੀ ਸਵਨੀਤ ਕੌਰ ਕਿੰਗਰਾ ਨੇ ਵੀ ਸਟੇਜ ਤੋ ਹਾਜ਼ਰੀ ਭਰੀ। ਸਵਨੀਤ ਕੌਰ ਨੇ ਚਾਚਾ ਅਜੀਤ ਸਿੰਘ ਦੀ ਪਤਨੀ ਦੇ ਜੀਵਨ ਤੇ ਪੰਛੀ ਝਾਤ ਪਵਾਈ। ਉੱਘੇ ਕਾਰੋਬਾਰੀ ਚਰਨਜੀਤ ਸਿੰਘ ਬਾਠ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਧੀ ਪੰਜਾਬ ਦੀ ਭੰਗੜਾ ਅਕੈਡਮੀਂ ਦੇ ਬੱਚਿਆਂ ਨੇ ਸ਼ਾਨਦਾਰ ਭੰਗੜਾ ਪਾਕੇ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆ। ਇਹਨਾਂ ਬੱਚਿਆਂ ਨੂੰ ਭੰਗੜਾ ਕੋਚ ਤਰਨਜੀਤ ਕੌਰ ਵੱਲੋ ਚੰਡਿਆ ਹੋਇਆ ਸੀ, ਉਹਨਾਂ ਦੀ ਕੋਰੀ ਗ੍ਰਾਫ਼ੀ ਦੀ ਹਰਕੋਈ ਪ੍ਰਸੰਨਸਾ ਕਰਦਾ ਨਜ਼ਰੀਂ ਆਇਆ। 4.0 ਗ੍ਰੇਡ ਪੁਆਇੰਟ ਵਾਲੇ ਬੱਚਿਆਂ ਨੂੰ ਸੰਸਥਾ ਵੱਲੋਂ ਨਕਦ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਨੂੰ ਉਹਨਾਂ ਦੁ-ਆਰਾ ਕੀਤੀਆਂ ਜਾ ਰਹੀਆਂ ਪੱਤਰਕਾਰੀ ਦੀ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੂੰ ਮੇਲੇ ਲਈ ਸਹਿਯੋਗ ਕਰਨ ਲਈ ਸਨਮਾਨ ਚਿੰਨ ਭੇਂਟ ਕੀਤਾ ਗਿਆ। ਇਸ ਮੇਲੇ ਵਿੱਚ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਨੇ ਵੀ ਸਰੋਤਿਆਂ ਦਾ ਖਾਸ ਧਿਆਨ ਖਿੱਚਿਆ। ਇਸ ਮੌਕੇ ਇੰਡੋ ਅਮੈਰਕਿਨ ਹੈਰੀਟੇਜ, ਵਿਰਸਾ ਫਾਊਡੇਸ਼ਨ,ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ, ਪੀਸੀਏ ਦੇ ਨਾਲ ਨਾਲ ਸਾਰੀਆਂ ਹੀ ਭਰਾਤਰੀ ਜਥੇਬੰਦੀਆਂ ਮਜੂਦ ਰਹੀਆਂ। ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਇਲਾਕੇ ਦੀਆਂ ਸਿਰਕੱਢ ਸਖਸ਼ੀਅਤਾ ਹਾਜ਼ਰ ਰਹੀਆਂ। ਸਟੇਜ ਸੰਚਾਨਲ ਨੀਟਾ ਮਾਛੀਕੇ ਨੇ ਕੀਤਾ।ਮੇਲੇ ਦੌਰਾਨ ਚੇਤਨਾਂ ਪ੍ਰਕਾਸ਼ਨ ਵਾਲੇ ਸ਼ਤੀਸ਼ ਗੁਲਾਟੀ ਨੇ ਕਿਤਾਬਾਂ ਦਾ ਸਟਾਲ ਲਾਇਆ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਮੇਲਾ ਪ੍ਰਬੰਧਕ ਵੀਰਾਂ ਦੀ ਮਿਹਨਤ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਯਾਦਗਾਰੀ ਹੋ ਨਿਬੜਿਆ।

ਇਸ ਮੇਲੇ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸੰਸਥਾ ਮੈਬਰਾਂ ਸ। ਸਾਧੂ ਸਿੰਘ ਸੰਘਾ (ਕਰਵੀਨਰ), ਨਿਰਮਲ ਸਿੰਘ ਗਿੱਲ (ਪ੍ਰਧਾਨ), ਹੈਰੀ ਮਾਨ (ਸੈਕਰਟਰੀ),ਰਣਜੀਤ ਗਿੱਲ (ਸੈਕਟਰੀ), ਮਨਜੀਤ ਸਿੰਘ ਕੁਲਾਰ (ਖਜਾਨਚੀ), ਸਤਵੰਤ ਸਿੰਘ ਵਿਰਕ, ਰਾਜ ਵੈਰੋਕੇ, ਮਾਸਟਰ ਸੁਲੱਖਣ ਸਿੰਘ ਗਿੱਲ, ਕੁਲਵਿੰਦਰ ਸਿੰਘ ਢੀਡਸਾ (ਬਿੱਲੂ) , ਸੰਤੋਖ ਸਿੰਘ ਢਿੱਲੋ, ਕਮਲਜੀਤ ਬੈਨੀਪਾਲ, ਪੁਸ਼ਪਿੰਦਰ ਪਾਤੜਾਂ ਅਤੇ ਨੀਟਾ ਮਾਛੀਕੇ ਸਿਰ ਜਾਂਦਾ ਹੈ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਦੁਆਰਾ ਗੁਰੂ ਰਵਿਦਾਸ ਜੀ ਸਹੂੰਗੜਾ ਦੇ ਅੱਗੇ ਖੜੇ ਗੰਦੇ ਪਾਣੀ ਤੇ ਗਾਰ ਨੂੰ ਸੇਵਾਦਾਰਾਂ ਨੇ ਮਿਲ ਕੇ ਸਾਫ ਕੀਤਾ







**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਸਹੂੰਗੜਾ ਦੇ ਪਿਛਲੀ ਰਾਜਬਲਵਿੰਦਰ ਸਿੰਘ ਸਰਪੰਚ ਦੀ ਪੰਚਾਇਤ ਵਲੋਂ ਐਸ ਸੀ ਛੱਪੜ ਵਿੱਚ 1700/1800 ਟਰਾਲੀ ਮਿੱਟੀ ਨਜਾਇਜ ਢੰਗ ਨਾਲ ਪਾਉਣ ਕਰਕੇ ਜੋ ਛੱਪੜ ਦਾ ਗੰਦਾ ਪਾਣੀ ਸੜਕਾਂ ਤੇ ਘੁੰਮ ਰਿਹਾ ਸੀ। ਅੱਜ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਕਲੱਬ ਤੇ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਦੇ ਸਹਿਯੋਗ ਨਾਲ ਸੜਕ ਤੇ ਖੜੇ ਗੰਦੇ ਪਾਣੀ ਤੇ ਬਣੀ ਹੋਈ ਗਾਰ ਨੂੰ ਸਾਫ ਕੀਤਾ ਗਿਆ। ਨੌਜਵਾਨਾਂ ਨੇ ਦੱਸਿਆ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਅੱਗੇ ਪਿਛਲੇ ਲਗਭਗ ਦੋ ਸਾਲਾਂ ਤੋਂ ਜਿਆਦਾ ਸਮੇਂ ਤੋਂ ਗੰਦਾ ਪਾਣੀ ਸੜਕਾਂ ਤੇ ਘੁੰਮ ਰਿਹਾ ਸੀ। ਜਿਸ ਨਾਲ ਆਉਣ ਜਾਣ ਵਾਲਿਆਂ ਨੂੰ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਔਰਤਾਂ ਵਾਸਤੇ ਇਸ ਰਸਤੇ ਲੰਘਣਾ ਹੋਰ ਵੀ ਜੋਖਮ ਭਰਿਆ ਕੰਮ ਸੀ। ਕਿਉਂਕਿ ਇਸ ਸੜਕ ਤੇ ਘੁੰਮ ਰਹੇ ਛੱਪੜ ਦੇ ਗੰਦੇ ਪਾਣੀ ਦੇ ਖੜਨ ਨਾਲ ਸੜਕ ਵਿਚ ਵੱਡੇ ਵੱਡੇ ਟੋਏ ਬਣ ਗਏ ਸਨ। ਅਣਜਾਣ ਰਾਹਗੀਰਾਂ ਨੂੰ ਉਹਨਾਂ ਟੋਇਆਂ ਵਾਰੇ ਜਾਣਕਾਰੀ ਨਾ ਹੋਣ ਕਰਕੇ ਖਾਸ ਕਰਕੇ ਔਰਤਾਂ, ਲੜਕੀਆਂ ਇਸ ਸੜਕ ਤੇ ਖੜੇ ਗੰਦੇ ਪਾਣੀ ਡਿੱਗ ਜਾਂਦੀਆਂ ਸਨ। ਜਿਸ ਨਾਲ ਉਹਨਾਂ ਦੇ ਪਹਿਨੇ ਹੋਏ ਕੀਮਤੀ ਕੱਪੜੇ ਤੇ ਵਾਹਨਾਂ ਦੇ ਨੁਕਸਾਨ ਸਮੇਤ ਆਪ ਦੇ ਵੀ ਗਹਿਰੀਆਂ ਸੱਟਾਂ ਲੱਗ ਜਾਂਦੀਆਂ ਸਨ। ਬਹੁਤੇ ਲੋਕਾਂ ਦੇ ਇਸ ਗੰਦੇ ਪਾਣੀ ਵਿੱਚ ਕੀਮਤੀ ਵਿਦੇਸ਼ੀ ਫੋਨ ਤੇ ਹੋਰ ਕੀਮਤੀ ਸਮਾਨ ਵੀ ਡਿੱਗਣ ਨਾਲ ਲੱਖਾਂ ਦਾ ਨੁਕਸਾਨ ਹੋ ਜਾਂਦਾ ਸੀ। ਪਿਛਲੀ ਵਾਰ ਦੇ ਸਰਪੰਚ ਰਾਜਬਲਵਿੰਦਰ ਸਿੰਘ ਦਾ ਘਰ ਦਾ ਦਰਵਾਜਾ ਵੀ ਇਸ ਖੜੇ ਗੰਦੇ ਪਾਣੀ ਵਾਲੇ ਪਾਸੇ ਪੱਕੀ ਸੜਕ ਵੱਲ ਨੂੰ ਹੀ ਸੀ। ਫਿਰ ਵੀ ਸਰਪੰਚ ਰਾਜਬਲਵਿੰਦਰ ਸਿੰਘ ਨੇ ਇਸ ਸੜਕ ਨੂੰ ਕਦੀ ਆਪਣੀ ਪੰਚਾਇਤ ਦੇ ਜਰੀਏ ਜਾਂ ਕਿਸੇ ਹੋਰ ਢੰਗ ਤਰੀਕੇ ਨਾਲ ਸਾਫ ਕਰਨ ਦਾ ਜੋਖਮ ਨਹੀਂ ਉਠਾਇਆ ਸੀ। ਜਿਸ ਦਾ ਖਮਿਆਜਾ ਉਸ ਦੀ ਟੀਮ ਨੂੰ ਇਸ ਵਾਰ ਹਾਰ ਕੇ ਭੁਗਤਣਾ ਪਿਆ। ਸਾਬਕਾ ਸਰਪੰਚ ਬਾਹਰਲੇ ਪਿੰਡਾਂ ਚ ਮੁੱਖ ਮਹਿਮਾਨ ਦੇ ਤੌਰ ਤੇ ਜਾ ਕੇ ਡੀਂਗਾ ਮਾਰਦਾ ਨਹੀਂ ਸੀ ਥੱਕਦਾ ਕਿ ਮੇਰਾ ਪਿੰਡ ਡਿਜੀਟਲ ਸਹੂੰਗੜਾ ਬਣ ਗਿਆ, ਮੈਂ ਪਿੰਡ ਨੂੰ ਪਹਿਲੇ ਨੰਬਰ ਤੇ ਲੈ ਆਇਆ ਡਿਜੀਟਲ ਕਰਨ ਵਿੱਚ, ਮੈਨੂੰ ਨੋਬਲ ਪੁਰਸਕਾਰ ਮਿਲਿਆ, ਮੈਨੂੰ ਕੈਬਨਿਟ ਮੰਤਰੀਆਂ ਨੇ ਸਨਮਾਨਿਤ ਕੀਤਾ, ਪਹਿਲੇ ਸਰਪੰਚ ਪਿੰਡ ਦਾ ਕੋਈ ਵਿਕਾਸ ਨਹੀਂ ਕਰ ਸਕੇ ਵਾਰੇ ਵਗੈਰਾ-ਵਗੈਰਾ ਬਹੁਤੇ ਬੇਹੂਦਾ ਇਲਜਾਮ ਪਿਛਲੀਆਂ ਪੰਚਾਇਤਾ ਸਿਰ ਮੜ ਜਾਇਆ ਕਰਦਾ ਸੀ। ਪਰ ਉਸ ਨੂੰ ਸੁਣਨ ਵਾਲੇ ਲੋਕਾਂ ਨੂੰ ਉਸ ਵੇਲੇ ਸੱਚਾਈ ਦਾ ਪਤਾ ਲੱਗਦਾ, ਉਹ ਜਦੋਂ ਖੁਦ ਇਸ ਪਿੰਡ ਵਿੱਚ ਸਮੁੰਦੜਾ ਵੱਲ ਤੋਂ ਆ ਰਹੀ ਚੱਕ ਗੁੱਜਰਾਂ ਪਿੰਡ ਤੋਂ ਸ਼ੁਰੂ ਹੁੰਦੀ ਮੇਨ ਸੜਕ ਤੋਂ ਆ ਕੇ ਚੱਲ ਰਹੀ ਚਰਨ ਗੰਗਾ ਦੇ ਦਰਸ਼ਨ ਕਰਦੇ। ਬਹੁਤੇ ਲੋਕ ਜਦੋਂ ਸਰਪੰਚ ਦੇ ਘਰ ਅੱਗੇ ਖੜੇ ਗੰਦੇ ਪਾਣੀ ਵਿੱਚ ਡਿੱਗ ਪੈਂਦੇ ਤਾਂ ਉਹ ਬੇਹੱਦ ਕਸੂਤੀਆਂ ਗਾਲ੍ਹਾਂ ਕੱਢਦੇ। ਜਿਸਨੂੰ ਸੁਣ ਕੇ ਸਾਬਕਾ ਸਰਪੰਚ ਰਾਜਬਲਵਿੰਦਰ ਸਿੰਘ ਦੇ ਪਰਿਵਾਰਕ ਮੈਂਬਰ ਆਪਣਾ ਦਰਵਾਜਾ ਬੰਦ ਕਰਨ ਵਿੱਚ ਹੀ ਭਲਾ ਸਮਝਦੇ ਸਨ। ਪਰ ਖੈਰ ਉਸ ਦੀ ਟੀਮ ਦੇ ਜਾਣ ਨਾਲ ਸੇਵਾਦਾਰਾਂ ਨੇ ਪਿੰਡ ਦੀ ਮੇਨ ਸੜਕ ਨੂੰ ਖੁਦ ਸਾਫ ਕਰਨ ਦੀ ਜਿੰਮੇਵਾਰੀ ਚੁੱਕਦਿਆਂ ਅੱਜ ਸਾਰਾ ਦਿਨ ਸਫਾਈ ਕਰਕੇ ਬਾਹਰਲੇ ਪਿੰਡਾਂ ਵਿੱਚ ਵਾਹ-ਵਾਹ ਕਰਵਾਉਣ ਦੀ ਬਜਾਏ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਵਿੱਚ ਸਫਲਤਾ ਪਾਈ। ਇਸ ਮੌਕੇ ਜਸਵਿੰਦਰ ਕਾਲਾ, ਗੁਰਮੇਲ ਸਿੰਘ ਹੀਰਾ, ਠੇਕੇਦਾਰ ਦਿਲਬਾਗ ਸਿੰਘ, ਨਵਨਿਯੁਕਤ ਕਿਰਤੀ ਪੰਚ ਰਸ਼ਪਾਲ ਸਿੰਘ, ਗੁਰਵਿੰਦਰ ਸਿੰਘ ਕਾਕਾ, ਗੁਰਪ੍ਰੀਤ ਕਲੇਰ ਗੋਪੀ, ਮਹਿੰਦਰ ਸਿੰਘ, ਐਨ ਆਰ ਆਈ ਸਰਬਜੀਤ ਸਿੰਘ ਸਾਬੀ ਉਰਫ ਲੱਡੂ, ਅਮਰੀਕ ਸਿੰਘ, ਚੌਂਕੀਦਾਰ ਜਗਤਾਰ ਸਿੰਘ ਬਿੱਲਾ, ਰਸ਼ਪਾਲ ਸਿੰਘ ਰੋਛੀ, ਸਮੀਰ ਕੁਮਾਰ ਸੋਨਾ, ਅਸ਼ਵਨੀ ਚੋਪੜਾ, ਵੰਸ਼ ਸਿੱਧੂ, ਗੁਰਪ੍ਰੀਤ ਸਿੰਘ ਗੋਰਾ, ਲਵਪ੍ਰੀਤ ਸਿੰਘ ਲੱਭਾ ਕਲੇਰ, ਚਮਨ ਸਿੰਘ ਕਲੇਰ, ਇੰਦਰਜੀਤ ਸਿੰਘ ਤੇ ਰੁਪਿੰਦਰ ਸਿੰਘ ਪਿੰਦਾ ਸਮੇਤ ਹਰਨੇਕ ਸਿੰਘ ਖੇਲਾ ਤੇ ਸੰਤੋਖ ਸਿੰਘ ਖੇਲਾ ਵਲੋਂ ਸੇਵਾਦਾਰਾਂ ਲਈ ਚਾਹ ਪਾਣੀ ਦਾ ਇੰਤਜਾਰ ਕੀਤਾ ਗਿਆ।

## ਤਰਕਸ਼ੀਲ ਸੁਸਾਇਟੀ ਪੰਜਾਬ ਨੇ 'ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ' ਕਰਵਾਈ



**ਸੰਗਰੂਰ, (ਦਲਜੀਤ ਕੌਰ)** ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਅੱਜ ਪੰਜਾਬ ਵਿੱਚ ਛੇਵੀਂ ਵਿਗਿਆਨਕ ਚੇਤਨਾ ਪਰਖ਼ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਵਿੱਚ 6 ਵੀਂ ਜਮਾਤ ਤੋਂ ਲੈ ਕੇ ਉਪਰਲੀਆਂ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਕੱਲ੍ਹ 21 ਅਕਤੂਬਰ ਨੂੰ ਬਾਕੀ ਰਹਿ ਗਏ ਪੰਜਾਬ ਵਿੱਚ ਵਿਗਿਆਨਕ ਚੇਤਨਾ ਪਰਖ਼ ਪ੍ਰੀਖਿਆ ਕਰਵਾਈ ਜਾਵੇਗੀ। ਇਸ ਪ੍ਰੀਖਿਆ ਵਿੱਚ ਵੀ 6 ਵੀਂ ਜਮਾਤ ਤੋਂ ਲੈ ਕੇ ਉਪਰਲੀਆਂ ਸਾਰੀਆਂ ਜਮਾਤਾਂ ਦੇ ਚਾਹਵਾਨ ਵਿਦਿਆਰਥੀ ਭਾਗ ਲੈ ਰਹੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਦੱਸਿਆ ਕਿ ਇਕਾਈ ਸੰਗਰੂਰ ਵੱਲੋਂ ਅਜ 8 ਪ੍ਰੀਖਿਆ ਕੇਂਦਰਾਂ ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ 190 ਵਿਦਿਆਰਥੀਆਂ, ਸਸਸ ਸਕੂਲ ਬਾਲੀਆਂ ਵਿੱਚ 71 ਵਿਦਿਆਰਥੀਆਂ, ਸਸਸਸ ਸਕੂਲ ਭਲਵਾਨ ਵਿੱਚ 48 ਵਿਦਿਆਰਥੀਆਂ, ਸਸਸਸਕੂਲ ਬਡਰੁੱਖਾਂ ਵਿੱਚ 185 ਵਿਦਿਆਰਥੀਆਂ, ਸਹਸਕੂਲ ਚੂੜਲ ਵਿਖੇ 51 ਵਿਦਿਆਰਥੀਆਂ, ਸਹਸ ਗਾਗਾ ਵਿੱਚ 59 ਵਿਦਿਆਰਥੀਆਂ, ਸਹਸ ਹਰਿਆਊ ਵਿੱਚ ਵਿਦਿਆਰਥੀਆਂ 72 ਵਿਦਿਆਰਥੀਆਂ ਅਤੇ ਸਸਸਸ ਸਕੂਲ ਭਵਾਨੀਗੜ੍ਹ ਲੜਕੀਆਂ ਵਿੱਚ 224 ਵਿਦਿਆਰਥੀਆਂ ਵੱਲੋਂ ਇਹ ਛੇਵੀਂ ਵਿਦਿਆਰਥੀ ਵਿਗਿਆਨਕ ਚੇਤਨਾ ਪਰਖ਼ ਪ੍ਰੀਖਿਆ ਵਿੱਚ ਭਾਗ ਲਿਆ ਗਿਆ। ਇਨ੍ਹਾਂ ਪ੍ਰੀਖਿਆ ਕੇਂਦਰਾਂ ਵਿੱਚ ਕੁਲ 900 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਪ੍ਰੀਖਿਆ ਨਕਲ ਰਹਿਤ ਤੇ ਉਸਾਰੂ ਸੇਧ ਦਿੰਦੀ, ਸਿੱਖਿਆਦਾਇਕ ਅਤੇ ਗਿਆਨ ਵਰਧਕ ਹੋ ਨਿਬੜੀ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਸਮੇਤ ਅਧਿਕਾਰੀਆਂ ਤੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੇ ਸ਼ਹੀਦਾਂ ਨੂੰ ਕੀਤਾ ਨਮਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੁਲਿਸ ਸ਼ਹੀਦੀ ਯਾਦਗਾਰੀ ਦਿਵਸ ਮੌਕੇ ਅੱਜ ਇੱਥੇ ਪੁਲਿਸ ਲਾਈਨ ਵਿਖੇ ਰੱਖੇ ਯਾਦਗਾਰੀ ਸਮਾਗਮ ਦੌਰਾਨ ਦੇਸ਼ ਦੀ ਏਕਤਾ, ਅਖੰਡਤਾ ਅਤੇ ਅਮਨ-ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਸ਼ਹਾਦਤ ਦੇਣ ਵਾਲੇ ਪੁਲਿਸ ਵਿਭਾਗ ਅਤੇ ਅਰਧ ਸੈਨਿਕ ਬਲਾਂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਜ਼ਿਲਾ ਪੁਲੀਸ ਮੁਖੀ ਸੁਰੇਂਦਰ ਲਾਂਬਾ ਸਮੇਤ ਵੱਖ-ਵੱਖ ਅਧਿਕਾਰੀਆਂ ਅਤੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਸ਼ਹੀਦਾਂ ਨੂੰ ਨਮਨ ਕਰਦਿਆਂ ਉਨ੍ਹਾਂ ਦੀਆਂ ਲਾਮਿਸਾਲ ਕੁਰਬਾਨੀਆਂ ਨੂੰ ਯਾਦ ਕੀਤਾ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਕਦੇ ਵੀ ਦੇਣਾ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜਿਲਾ ਪ੍ਰਸ਼ਾਸਨ ਦੇਸ਼ ਦ ਸ਼ਹੀਦਾਂ ਨੂੰ ਸਿਜਦਾ ਕਰਦਾ ਹੈ। ਇਸ ਮੌਕੇ ਐਸ.ਐਸ.ਪੀ. ਸੁਰੇਂਦਰ ਲਾਂਬਾ ਨੇ ਸ਼ਹੀਦਾਂ ਨੂੰ ਨਮਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵਿਸਾਰਿਆ ਨਹੀ ਜਾ ਸਕਦਾ ਅਤੇ ਜਿਲਾ ਪੁਲਿਸ ਹਮੇਸ਼ਾ ਸ਼ਹੀਦਾਂ ਨੂੰ ਨਮਨ ਕਰਦਿਆਂ ਉਨ੍ਹਾਂ ਦੇ ਪਰਿਵਾਰਾਂ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ । ਉਨ੍ਹਾਂ ਕਿਹਾ ਕਿ ਜਿਲਾ ਪੁਲਿਸ ਇਨ੍ਹਾਂ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਕਾਂਸਟੇਬਲ ਅੰਮ੍ਰਿਤਪਾਲ ਸਿੰਘ ਵੱਲੋਂ ਪਿਛਲੇ ਸਾਲ ਆਪਣੀ ਡਿਊਟੀ ਨਿਭਾਉਂਦਿਆਂ ਸ਼ਹੀਦੀ ਪਾਈ ਗਈ ਜਿਸ ਨੂੰ ਜਿਲਾ ਪੁਲਿਸ ਵੱਲੋਂ ਨਮਨ ਹੈ ਅਤੇ ਜਿਲਾ ਪੁਲਿਸ ਨੂੰ ਇਨ੍ਹਾਂ ਸ਼ਹੀਦਾਂ 'ਤੇ ਪੂਰਾ ਗਰਵ ਹੈ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਵੀ ਭੇਂਟ ਕੀਤੇ ਗਏ।

# ਸ਼ਹੀਦ ਭਗਤ ਸਿੰਘ ਦੇ 117 ਵੇਂ ਜਨਮ ਦਿਨ ਤੇ ਸਿੱਖ ਨੈਸ਼ਨਲ ਕਾਲਜ ਬੰਗਾ ਦੀਆਂ ਟੀਮਾਂ ਨੇ ਮੇਲੇ 'ਚ ਖ਼ੂਬ ਰੰਗ ਬੰਨ੍ਹਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵੱਲੋਂ ਆਯੋਜਿਤ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ 117ਵੇਂ ਜਨਮ ਦਿਹਾੜੇ ਨੂੰ ਸਮਰਪਿਤ ਖਟਕੜ ਕਲਾਂ ਵਿਖੇ ਇਨਕਲਾਬ ਫੈਸਟੀਵਲ 'ਚ ਸਿੱਖ ਨੈਸ਼ਨਲ ਕਾਲਜ ਬੰਗਾ ਦੀਆਂ ਵੱਖ-ਵੱਖ ਟੀਮਾਂ ਨੇ ਸ਼ਮੂਲੀਅਤ ਕਰਕੇ ਮੇਲੇ ਨੂੰ ਚਾਰ ਚੰਨ ਲਾਏ। ਇਸ ਸਮਾਗਮ ਦੌਰਾਨ ਪੰਜਾਬ ਸਰਕਾਰ ਦੇ ਨੁਮਾਇੰਦਿਆਂ 'ਚੋਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸ. ਤਰੁਨਪ੍ਰੀਤ ਸਿੰਘ ਸੌਂਦ (ਮੰਤਰੀ ਸੱਭਿਆਚਾਰ ਤੇ ਸੈਰ-ਸਪਾਟਾ ਮੰਤਰਾਲਾ), ਸ। ਹਰਭਜਨ ਸਿੰਘ ਈ.ਟੀ. (ਬਿਜਲੀ ਤੇ ਲੋਕ ਨਿਰਮਾਣ ਮੰਤਰੀ), ਮਲਵਿੰਦਰ ਸਿੰਘ ਕੰਗ(ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ)ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ, ਐਮ ਐਲ ਏ ਡਾ। ਸੁਖਵਿੰਦਰ ਸੁੱਖੀ, ਐਮ ਐਲ ਏ ਸੰਤੋਸ਼ ਕਟਾਰੀਆ, ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ, ਹਰਜੋਤ ਕੌਰ ਲੋਹਟੀਆ ਸਕੱਤਰ ਮਹਿਲਾ ਵਿੰਗ ਪੰਜਾਬ, ਫ਼ਿਲਮੀ ਅਦਾਕਾਰ ਦੇਵ ਖਰੌੜ, ਕੁਲਵਿੰਦਰ ਬਿੱਲਾ, ਬਿੰਨੂ ਢਿੱਲੋਂ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਸ੍ਰੋਤਿਆਂ ਨੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਨੂੰ ਖ਼ੂਬ ਸਰਹਾਇਆ ਤੇ ਵਿਦਿਆਰਥੀ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਇਨ੍ਹਾਂ ਵਿਦਿਆਰਥੀ ਕਲਾਕਾਰਾਂ ਨੂੰ ਇਹੋ-ਜਿਹੇ ਸਮਾਗਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਤੇ ਕਿਹਾ ਕਿ ਇਸ ਨਾਲ ਪੰਜਾਬ ਦੇ ਅਮੀਰ ਸੱਭਿਆਚਾਰ ਤੇ ਵਿਰਸੇ ਦੀ ਪਛਾਣ ਹਰ ਵਿਅਕਤੀ ਤੱਕ ਪੁੱਜਦੀ ਹੋਵੇਗੀ। ਪ੍ਰੋ. ਗੁਰਪ੍ਰੀਤ ਸਿੰਘ ਹੁਰਾਂ ਦੱਸਿਆ ਕਿ ਵਿਦਿਆਰਥੀਆਂ ਨੇ ਮੇਲੇ ਦੇ ਆਗਾਜ਼ ਮੌਕੇ ਸ਼ਬਦ ਗਾਇਨ ਕੀਤਾ ਤੇ ਭੰਗੜਾ ਲੁੱਡੀ ਗਿੱਧੇ ਆਦਿ ਦੀਆਂ ਮਨਮੋਹਕ ਵੰਨਗੀਆਂ ਪ੍ਰਸਤੁਤ ਕੀਤੀਆਂ।

# ਭਾਕਿਯੂ ਉਗਰਾਹਾਂ ਵੱਲੋਂ ਝੋਨੇ ਦੀ ਨਿਰਵਿਘਨ ਖਰੀਦ ਚਾਲੂ ਕਰਾਉਣ ਲਈ ਪੰਜਾਬ ਭਰ 'ਚ 51 ਥਾਂਵਾਂ 'ਤੇ ਪੱਕੇ ਮੋਰਚੇ ਜਾਰੀ

**ਚੰਡੀਗੜ੍ਹ, (ਦਲਜੀਤ ਕੌਰ)–** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਝੋਨੇ ਦੀ ਨਿਰਵਿਘਨ ਖ੍ਰੀਦ ਅਮਲੀ ਰੂਪ 'ਚ ਚਾਲੂ ਕਰਾਉਣ ਲਈ ਅੱਜ ਚੌਥੇ ਦਿਨ ਫਾਜ਼ਿਲਕਾ ਜ਼ਿਲ੍ਹੇ ਵਿੱਚ ਇੱਕ ਹੋਰ ਟੌਲ ਪਲਾਜ਼ਾ ਫ੍ਰੀ ਕਰਨ ਨਾਲ 51 ਥਾਂਵਾਂ 'ਤੇ ਪੱਕੇ ਮੋਰਚੇ ਜਾਰੀ ਰਹੇ।

ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਹੈ ਕਿ ਬੇਸ਼ੱਕ ਭਗਵੰਤ ਮਾਨ ਸਰਕਾਰ ਵੱਲੋਂ 2 ਦਿਨਾਂ ਵਿੱਚ ਖ੍ਰੀਦ ਪੂਰੀ ਤਰ੍ਹਾਂ ਚਾਲੂ ਕਰਨ ਦਾ ਐਲਾਨ ਕੀਤਾ ਗਿਆ ਹੈ, ਪ੍ਰੰਤੂ ਪਿਛਲਾ ਤਜਰਬਾ ਦੱਸਦਾ ਹੈ ਕਿ ਵੱਖ ਵੱਖ ਵਰਗਾਂ ਦੀਆਂ ਮੰਗਾਂ ਮੰਨਣ ਦੇ ਬਹੁਤੇ ਐਲਾਨ ਅਮਲੀ ਰੂਪ 'ਚ ਲਾਗੂ ਨਹੀਂ ਹੋਏ। ਅੱਜ ਵੀ ਇਨ੍ਹਾਂ ਮੋਰਚਿਆਂ ਵਿੱਚ ਕੁੱਲ ਮਿਲਾ ਕੇ ਸੈਂਕੜੇ ਔਰਤਾਂ ਅਤੇ ਨੌਜਵਾਨਾਂ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਸ਼ਾਮਲ ਹੋਏ। 26 ਟੌਲ ਪਲਾਜ਼ਿਆਂ ਅਤੇ 25 ਸਿਆਸੀ ਆਗੂਆਂ ਦੇ ਘਰਾਂ/ਦਫ਼ਤਰਾਂ ਅੱਗੇ ਇਹ ਮੋਰਚੇ ਸਰਕਾਰੀ ਐਲਾਨ ਅਮਲੀ ਰੂਪ 'ਚ ਲਾਗੂ ਹੋਣ ਤੱਕ ਦਿਨੇ ਰਾਤ ਲਗਾਤਾਰ ਜਾਰੀ ਰੱਖੇ ਜਾਣਗੇ। ਜ਼ਿਲ੍ਹਾ ਪਟਿਆਲਾ ਵਿੱਚ ਅੱਜ ਤੋਂ ਪੱਕਾ ਮੋਰਚਾ ਮੰਤਰੀ ਬਲਵੀਰ ਸਿੰਘ ਤੋਂ ਬਦਲ ਕੇ ਭਾਜਪਾ ਆਗੂ ਪ੍ਰਨੀਤ ਕੌਰ ਦੇ ਘਰ ਅੱਗੇ ਲਾ ਦਿੱਤਾ ਗਿਆ।



ਅੱਜ ਦੇ ਮੋਰਚਿਆਂ ਨੂੰ ਸੰਬੋਧਨ ਕਰਨ ਵਾਲੇ ਹੋਰ ਮੁੱਖ ਬੁਲਾਰਿਆਂ ਵਿੱਚ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਹਰਦੀਪ ਸਿੰਘ ਟੱਲੇਵਾਲ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਿੰਦਰ ਕੌਰ ਬਿੰਦੂ, ਕਮਲਜੀਤ ਕੌਰ ਬਰਨਾਲਾ ਅਤੇ ਕੁਲਦੀਪ ਕੌਰ ਕੁੱਸਾ ਤੋਂ ਇਲਾਵਾ ਸੰਬੰਧਤ ਜ਼ਿਲ੍ਹਾ ਅਤੇ ਬਲਾਕ ਪੱਧਰਾਂ ਦੇ ਆਗੂ ਸ਼ਾਮਲ ਸਨ। ਬੁਲਾਰਿਆਂ ਨੇ ਮੋਰਚਿਆਂ ਦੀਆਂ ਮੰਗਾਂ ਦੁਹਰਾਈਆਂ ਕਿ ਝੋਨੇ ਦੀ ਪੂਰੇ ਐੱਮ ਐੱਸ ਪੀ 'ਤੇ ਨਿਰਵਿਘਨ ਖ੍ਰੀਦ ਅਮਲੀ ਰੂਪ 'ਚ ਚਾਲੂ ਕੀਤੀ ਜਾਵੇ ਅਤੇ ਹੁਣ ਤੱਕ ਘੱਟ ਮੁੱਲ 'ਤੇ ਵਿਕੇ ਝੋਨੇ ਦੀ ਕਮੀ ਪੂਰਤੀ ਕੀਤੀ ਜਾਵੇ; ਸਰਕਾਰੀ ਸਿਫਾਰਸ਼ ਅਨੁਸਾਰ ਪਾਣੀ ਦੀ ਬੱਚਤ ਲਈ ਬੀਜੀ ਗਈ ਪੀ ਆਰ 126 ਕਿਸਮ ਦੇ ਪੂਸਾ 44 ਨਾਲੋਂ ਘੱਟ ਝਾੜ ਅਤੇ ਐੱਮ ਐੱਸ ਪੀ ਤੋਂ ਘੱਟ ਮਿਲੇ ਮੁੱਲ ਦੀ ਕਮੀ ਪੂਰਤੀ ਕੀਤੀ ਜਾਵੇ; ਬਾਸਮਤੀ ਦਾ ਲਾਭਕਾਰੀ ਐੱਮ ਐੱਸ ਪੀ ਮਿਥਿਆ ਜਾਵੇ ਅਤੇ ਐਤਕੀਂ ਵੀ ਪਿਛਲੇ ਸਾਲ ਵਾਲੇ ਔਸਤ ਰੇਟ 'ਤੇ ਖ੍ਰੀਦ ਕੀਤੀ ਜਾਵੇ, ਘੱਟ ਰੇਟ 'ਤੇ ਖ੍ਰੀਦ ਹੁਣ ਤੱਕ ਪੈ ਚੁੱਕੇ ਘਾਟੇ ਦੀ ਕਮੀ ਪੂਰਤੀ ਕੀਤੀ ਜਾਵੇ; ਝੋਨੇ ਦੀ ਵੱਧ ਤੋਂ ਵੱਧ ਨਮੀ 22% ਕੀਤੀ ਜਾਵੇ ਅਤੇ ਦਾਗੀ ਦਾਣਿਆਂ ਵਰਗੀਆਂ ਹੋਰ ਸ਼ਰਤਾਂ ਨਰਮ ਕੀਤੀਆਂ ਜਾਣ; ਮੰਡੀ ਮਜ਼ਦੂਰਾਂ ਦੀ ਮਜ਼ਦੂਰੀ ਉਨ੍ਹਾਂ ਦੀ ਮੰਗ ਅਨੁਸਾਰ ਮਿਥੀ ਜਾਵੇ ਅਤੇ ਹੋਰ ਹੱਕੀ ਮੰਗਾਂ ਮੰਨੀਆਂ ਜਾਣ; ਪੁਆੜੇ ਦੀ ਜੜ੍ਹ ਸੰਸਾਰ ਵਪਾਰ ਸੰਸਥਾ ਦੀ ਖੁੱਲ੍ਹੀ ਮੰਡੀ ਦੀ ਨੀਤੀ ਰੱਦ ਕੀਤੀ ਜਾਵੇ ਅਤੇ ਇਸ ਸੰਸਥਾ 'ਚੋਂ ਬਾਹਰ ਆਇਆ ਜਾਵੇ; ਨਵੇਂ ਚੌਲਾਂ ਦੀ ਸਟੋਰੇਜ ਲਈ ਸ਼ੈਲਰ ਮਾਲਕਾਂ ਦੇ ਜਮ੍ਹਾਂ ਪਏ ਚੌਲਾਂ ਦੀ ਚੁਕਾਈ ਤੇਜ਼ੀ ਨਾਲ ਕੀਤੀ ਜਾਵੇ; ਪਰਾਲ਼ੀ ਸਾੜਨ ਤੋਂ ਬਗੈਰ ਨਿਪਟਾਰੇ ਲਈ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ। ਇਸ ਬਾਰੇ ਮੜ੍ਹੇ ਗਏ ਪੁਲਿਸ ਕੇਸ, ਜੁਰਮਾਨੇ ਅਤੇ ਲਾਲ ਐਂਟ੍ਰੀਆਂ ਦੇ ਜਾਬਰ ਕਦਮ ਵਾਪਸ ਲਏ ਜਾਣ ਅਤੇ ਮੁੜ ਇਸ ਰਾਹ ਪੈਣ ਤੋਂ ਬਾਜ ਆਇਆ ਜਾਵੇ। ਇਸ ਇਸਦੇ ਨਾਲ਼ ਹੀ ਬੁਲਾਰਿਆਂ ਨੇ ਡੀ ਏ ਪੀ ਦੀ ਬਿਨਾਂ ਸ਼ਰਤ ਨਿਰਵਿਘਨ ਸਪਲਾਈ ਕਰਨ ਦੀ ਮੰਗ ਉੱਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਕਿਸਾਨਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਲਈ ਕੇਂਦਰ ਤੇ ਪੰਜਾਬ ਦੀਆਂ ਦੋਨਾਂ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ ਜਿਹੜੀਆਂ ਛੋਟੇ ਦਰਮਿਆਨੇ ਕਿਸਾਨਾਂ ਨੂੰ ਤਬਾਹ ਕਰਨ ਵਾਲੀ ਸੰਸਾਰ ਵਪਾਰ ਸੰਸਥਾ ਦੀ ਕਾਰਪੋਰੇਟ ਪੱਖੀ ਖੁੱਲ੍ਹੀ ਮੰਡੀ ਦੀ ਨੀਤੀ ਮੜ੍ਹਨ 'ਤੇ ਉਤਾਰੂ ਹਨ। ਅੱਜ ਵੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਕੁੱਝ ਮੋਰਚਿਆਂ ਵਿੱਚ ਸ਼ਮੂਲੀਅਤ ਕੀਤੀ ਗਈ। ਸਮੂਹ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਗਈ ਕਿ ਸਰਕਾਰਾਂ ਦੇ ਇਸ ਕਿਸਾਨ ਮਾਰੂ ਹਮਲੇ ਨੂੰ ਮਾਤ ਦੇਣ ਲਈ ਪੱਕੇ ਮੋਰਚਿਆਂ ਵਿੱਚ ਪੂਰੇ ਜੋਸ਼ ਅਤੇ ਧੜੱਲੇ ਨਾਲ ਪੁੱਜਣਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਹੀ ਜਿੱਤ ਦੀ ਗਰੰਟੀ ਹੋਵੇਗੀ ਅਤੇ ਕਿਸਾਨਾਂ ਵੱਲੋਂ ਮਹਿੰਗੇ ਖ਼ਰਚੇ ਅਤੇ ਲਹੂ ਪਸੀਨਾ ਇੱਕ ਕਰਕੇ ਪਾਲ਼ੇ ਗਏ ਝੋਨੇ ਦੀ ਬੇਕਦਰੀ ਖਤਮ ਹੋਵੇਗੀ।

# ਛਾਉਣੀ ਕਲਾਂ ਨੇ ਦੂਜੀ ਵਾਰ ਸਰਪੰਚ ਦਾ ਮਾਣ ਬਖਸ਼ਿਆ ਸੁਰਿੰਦਰ ਪੱਪੀ ਨੂੰ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–**ਪੰਚਾਇਤਾਂ ਦੀਆਂ ਹੋਈਆਂ ਤਾਜ਼ਾ ਚੋਣਾਂ ਵਿੱਚ ਸੁਰਿੰਦਰ ਪੱਪੀ ਪਿੰਡ ਛਾਉਣੀ ਕਲਾਂ ਤੋਂ ਦੁਬਾਰਾ ਸਰਪੰਚ ਚੁਣੇ ਗਏ ਹਨ। ਇਸ ਤੋਂ ਪਹਿਲਾਂ ਉਹ 2013-18 ਵਿੱਚ ਵੀ ਸਰਪੰਚ ਰਹਿ ਚੁੱਕੇ ਹਨ। ਇਸ ਮੌਕੇ ਤੇ ਪ੍ਰੈਸ ਰਾਹੀਂ ਇਕ ਬਿਆਨ ਜਾਰੀ ਕਰਦੇ ਹੋਏ ਸੁਰਿੰਦਰ ਪੱਪੀ ਚੇਅਰਮੈਨ ਸ਼੍ਰੀ ਗੁਰੂ ਰਵਿਦਾਸੀਆ ਧਰਮ ਪ੍ਰਚਾਰਕ ਮਹਾ ਸਭਾ (ਰਜਿ।) ਹੁਸ਼ਿਆਰਪੁਰ ਨੇ ਪਿੰਡ ਛਾਉਣੀ ਕਲਾਂ ਦੇ ਸਾਰੇ ਹੀ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਪਿੰਡ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ ਉਸ ਨੂੰ ਉਹ ਪੂਰੀ ਤੰਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਦੇ ਦਰਵਾਜੇ ਪਿੰਡ ਦੇ ਲੋਕਾਂ ਲਈ 24 ਘੰਟੇ ਖੁੱਲੇ ਹਨ।

ਉਹ ਸਾਰੇ ਪਿੰਡ ਵਾਸੀਆਂ ਦੇ ਕੰਮ ਬਿਨ੍ਹਾਂ ਕਿਸੇ ਵਿਤਕਰੇ, ਜਾਤ ਪਾਤ ਤੋਂ ਉੱਠ ਕੇ ਕਰਨਗੇ। ਆਪਣੇ ਪਿੰਡ ਨੂੰ ਵਿਕਾਸ ਪੱਖੋਂ ਕਿਸੇ ਵੀ ਤਰ੍ਹਾਂ ਨਾਲ ਪਿੱਛੇ ਨਹੀਂ ਰਹਿਣ ਦੇਣਗੇ। ਉਹਨਾਂ ਪਿੰਡ ਦੇ ਲੋਕਾਂ ਦਾ ਉਹਨਾਂ ਨੂੰ ਫਿਰ ਤੋਂ ਸਰਪੰਚੀ ਦਾ ਮਾਣ ਦੇਣ ਲਈ ਧੰਨਵਾਦ ਵੀ ਕੀਤਾ।

# ਅਧਿਆਪਕ ਭਲਾਈ ਕਮੇਟੀ ਨੇ ਸਿੱਖਿਆ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਤਿੰਨ ਅਧਿਆਪਕਾਂ ਨੂੰ ਕੀਤਾ ਸਨਮਾਨਿਤ



**ਫਗਵਾੜਾ (ਬੀ.ਕੇ. ਰੱਤੂ)** ਅਧਿਆਪੱਕ ਭਲਾਈ ਕਮੇਟੀ ਫਗਵਾੜਾ ਵਲੋਂ ਕੌਮਾਂਤਰੀ ਅਧਿਆਪੱਕ ਦਿਵਸ ਮੌਕੇ ਤਿੰਨ ਅਧਿਆਪਕਾਂ ਸ਼੍ਰੀਮਤੀ ਰਚਨਾ ਦੇਵੀ ਮੈਥ ਅਧਿਆਪਕ ਸਰਕਾਰੀ ਹਾਈ ਸਕੂਲ ਖਲਵਾੜਾ (ਕਪੂਰਥਲਾ), ਸ਼੍ਰੀ ਨਿਰਪਾਲਜੀਤ ਸਿੰਘ ਕਪਿਊਟਰ ਫੈਕਲਟੀ ਸਰਕਾਰੀ ਸੀ. ਸੈਕੰਡਰੀ ਸਕੂਲ ਗੋਰਾਇਆ (ਜਲੰਧਰ),ਸ਼੍ਰੀ ਮਨੋਹਰ ਸਿੰਘ ਸਮਾਜਿਕ ਸਿੱਖਿਆ ਅਧਿਆਪਕ ਸਕੂਲ ਆਫ ਐਮੀਨੈਂਸ ਫਗਵਾੜਾ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਖੇੜਾ (ਫਗਵਾੜਾ) ਵਿਖੇ ਸਨਮਾਨਿਤ ਕੀਤਾ ਗਿਆ। ਸਮਾਰੋਹ ਦੀ ਪ੍ਰਧਾਨਗੀ ਪ੍ਰਿੰਸੀਪਲ ਤਜਿੰਦਰ ਸਿੰਘ ਸ਼ੈਣੀ ਨੇ ਕੀਤੀ। ਅੱਜ ਦਾ ਸਮਾਰੋਹ ਅਧਿਆਪਕ ਭਲਾਈ ਕਮੇਟੀ ਫਗਵਾੜਾ ਦੇ ਬਾਨੀ ਸਵ. ਸਾਧੂ ਸਿੰਘ ਜੱਸਲ ਨੂੰ ਸਮਰਪਿਤ ਸੀ। ਪ੍ਰਿ ਹਰਮੇਸ਼ ਪਾਠਕ, ਹੰਸ ਰਾਜ ਬੰਗੜ, ਮੱਖਣ ਰੱਤੂ, ਮਲਕੀਤ ਸਿੰਘ ਅੱਪਰਾ ਸਕੱਤਰ ਤੇ ਮੈਡਮ ਦਲਜੀਤ ਕੋਰ ਜੱਸਲ ਆਦਿ ਬੁਲਾਰਿਆਂ ਨੇ ਸਨਮਾਨਿਤ ਅਧਿਆਪਕਾਂ ਬਾਰੇ ਸਰਬਪੱਖੀ ਕੰਮਾਂ ਬਾਰੇ ਜਾਣਕਾਰੀ ਦਿਤੀ। ਸਮਾਗਮ ਵਿੱਚ ਬੱਚਿਆਂ ਵਲੋ ਗਿੱਧਾ, ਕੋਰੀ ਗ੍ਰਾਫੀ ਰਾਹੀ ਖੂਬ ਰੰਗ ਬੰਨਿਆ।ਸਮਾਗਮ ਵਿਚ ਪੰਕਜ ਰਾਵਤ, ਰਾਜ ਕੁਮਾਰ ਮੇਹਲੀ ,ਮਲਕੀਤ ਸਿੰਘ ਚਾਨਾ, ਹਰਬੰਸ ਲਾਲ,ਧਰਮਿੰਦਰ ਕੁਮਾਰ, ਸੁਦਾਗਰ ਬੰਗੜ, ਸੰਜੀਵ ਸ਼ਰਮਾ ,ਹਰਮਿੰਦਰ ਕੁੰਦੀ, ਰਵਿੰਦਰ ਬੰਗਾ, ਸਰਬਜੀਤ ਸਿੰਘ, ਗੁਰਦੀਪ ਸਿੰਘ ਤੁਲੀ, ਵਿਪਨ ਕੁਮਾਰ, ਰਣਜੀਤ ਸਿੰਘ, ਕਰਨ ਕਲੇਰ ਸਰਪੰਚ ਖੇੜਾ, ਚਮਨ ਲਾਲ , ਰਾਜ ਪਾਲ, ਮੈਡਮ ਕੁਲਵਿੰਦਰ ਕੋਰ, ਸੰਦੀਪ ਕੁਮਾਰੀ, ਸੀਤਾ ਰਾਣੀ ਮੁਠੱਡਾ ਖੁਰਦ, ਬਲਵੀਰ ਕੋਰ, ਕਸ਼ਮੀਰ ਕੋਰ, ਮਨਜੀਤ ਕੋਰ, ਮੈਡਮ ਰੈਨੂੰਕਾ, ਕਿਰਨ ਸ਼ਰਮਾ, ਪਿੰਡ ਵਾਸੀ ਤੇ ਬੱਚੇ ਹਾਜਰ ਸਨ ।ਸਟੇਜ ਸਕੱਤਰ ਦਾ ਕੰਮ ਮੈਡਮ ਪਰਮਜੀਤ ਕੌਰ ਅੱਪਰਾ ਨੇ ਬਾਖੂਬੀ ਨਿਭਾਇਆਂ।

# ਪ੍ਰੋ. ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਡਾ. ਸਵਰਾਜਬੀਰ ਸਿੰਘ ਨੂੰ ਫਗਵਾੜਾ ਵਿਖੇ ਪ੍ਰਦਾਨ

**ਫਗਵਾੜਾ (ਡੀਡੀਬੀ)-** ਪ੍ਰੋ. ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਨਾਮਵਰ ਨਾਟਕਕਾਰ, ਸ਼ਾਇਰ ਅਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਡਾ. ਸਵਰਾਜਬੀਰ ਸਿੰਘ ਨੂੰ ਇਥੇ ਇੱਕ ਸਮਾਗਮ ਦੌਰਾਨ ਦਿੱਤਾ ਗਿਆ। ਡਾ. ਸਵਰਾਜਬੀਰ ਨੇ ਇੱਕ ਦਰਜਨ ਤੋਂ ਵੱਧ ਨਾਟਕ ਤਿੰਨ ਕਾਵਿ-ਸੰਗ੍ਰਹਿ ਤੇ ਲੇਖ ਪੁਸਤਕ ਪੰਜਾਬੀ ਦੀ ਝੋਲੀ ਪਾਏ ਤੇ ਜਿਹਨਾ ਦੇ ਨਾਟਕ 'ਮੱਸਿਆ ਦੀ ਰਾਤ' ਨੂੰ ਸਾਹਿਤ ਅਕਾਡਮੀ ਐਵਾਰਡ ਮਿਲ ਚੁੱਕਾ ਹੈ। ਇਹ ਪਲੇਠੀ ਪੁਰਸਕਾਰ ਡਾ. ਸਵਰਾਜਬੀਰ ਸਿੰਘ ਦੀਆਂ ਪੰਜਾਬ, ਪੰਜਾਬੀ, ਪੰਜਾਬੀਅਤ ਪ੍ਰਤੀ ਉੱਘੀਆਂ ਸੇਵਾਵਾਂ ਨੂੰ ਸਨਮੁੱਖ ਰੱਖਦਿਆਂ ਦਿੱਤਾ ਗਿਆ। ਇਸ ਵਿੱਚ 51000 ਰੁਪਏ ਨਕਦ, ਇੱਕ ਲੋਈ, ਇੱਕ ਮੋਮੈਂਟੋ ਅਤੇ ਸਨਮਾਨ ਪੱਤਰ ਸ਼ਾਮਲ ਸਨ।

ਇਹ ਪੁਰਸਕਾਰ ਪ੍ਰੋ. ਪਿਆਰਾ ਸਿੰਘ ਭੋਗਲ ਯਾਦਗਾਰੀ ਕਮੇਟੀ, ਜਿਸ ਦੀ ਅਗਵਾਈ ਪ੍ਰੋ. ਜਸਵੰਤ ਸਿੰਘ ਗੰਡਮ ਕਰਦੇ ਹਨ, ਵਲੋਂ ਦਿੱਤਾ ਗਿਆ। ਇਹ ਜਾਣਕਾਰੀ ਦਿੰਦਿਆਂ ਕਮੇਟੀ ਦੇ ਜਨਰਲ ਸਕੱਤਰ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ ਪ੍ਰੋ. ਪਿਆਰਾ ਸਿੰਘ ਭੋਗਲ, ਜੋ 92 ਸਾਲ ਦੀ ਉਮਰ ਭੋਗਕੇ ਸਾਨੂੰ ਵਿਛੋੜਾ ਦੇ ਗਏ ਸਨ, ਸਾਰੀ ਉਮਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਣਾਏ ਰਹੇ। ਉਹਨਾ ਨੇ ਲਗਭਗ 60 ਦੇ ਕਰੀਬ ਪੁਸਤਕਾਂ ਲਿਖੀਆਂ।

ਇਸ ਮੌਕੇ ਪ੍ਰੋ. ਜਸਵੰਤ ਸਿੰਘ ਗੰਡਮ ਨੇ ਸਭ ਨੂੰ ਜੀਅ ਆਇਆਂ ਕਿਹਾ ਅਤੇ ਡਾ. ਲਖਵਿੰਦਰ ਸਿੰਘ ਜੌਹਲ ਨੇ ਮਾਣ ਪੱਤਰ ਪੜ੍ਹਿਆ।

ਉਹਨਾ ਡਾ. ਸਵਰਾਜਬੀਰ ਸਿੰਘ ਦੀ ਇਸ ਗੱਲੋਂ ਪ੍ਰਸੰਸਾ ਕੀਤੀ ਕਿ ਉਹਨਾ ਨੇ ਪੰਜਾਬ ਦੀ ਸਲਾਮਤੀ, ਸੰਘੀ ਢਾਂਚੇ, ਮਾਂ ਬੋਲੀ ਤੇ ਖਿੱਤੇ ਦੀ ਅਜ਼ਮਤ ਨੂੰ ਕਾਇਮ ਰੱਖਿਆ ਅਤੇ ਗੁਰਬਾਣੀ ਦੀ ਪ੍ਰੰਪਰਾ ਬੁਲੰਦ ਕੀਤੀ। ਉਹਨਾ ਕਿਹਾ ਕਿ ਇਸ ਵੇਲੇ ਖੇਤਰੀ ਕੌਮੀਅਤਾਂ, ਭਾਸ਼ਾਵਾਂ ਤੇ ਸੰਘਵਾਦ ਨੂੰ ਪਿਛਾਂਹ ਧਕੇਲਿਆ ਜਾ ਰਿਹਾ ਹੈ, ਜੋ ਕਿ ਇੱਕ ਚਿੰਤਾ ਜਨਤਕ ਵਰਤਾਰਾ ਹੈ। ਇਸ ਮੌਕੇ "ਦੇਸ਼ ਦੀ ਅਜੋਕੀ ਸਥਿਤੀ ਵਿੱਚ ਪੰਜਾਬ ਦਾ ਰੋਲ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਆਪਣੇ ਕੁੰਜੀਵਤ ਭਾਸ਼ਨ ਵਿੱਚ ਡਾ. ਸਵਰਾਜਬੀਰ ਸਿੰਘ ਨੇ ਵਿਸਥਾਰ ਸਹਿਤ ਚਾਨਣਾ ਪਾਇਆ। ਉਹਨਾ ਪ੍ਰੋ. ਪਿਆਰਾ ਸਿੰਘ ਭੋਗਲ ਦੀ ਪ੍ਰਸੰਸਾ ਕਰਦਿਆਂ ਉਹਨਾਂ ਨੂੰ ਪੰਜਾਬੀ ਤੇ ਹਿੰਦੀ ਸਾਹਿਤ ਵਿੱਚ ਇੱਕ ਪੁਲ ਕਰਾਰ ਦਿੱਤਾ।




ਉਪਰੋਕਤ ਵਿਸ਼ੇ 'ਤੇ ਬੋਲਦਿਆਂ ਉਹਨਾ ਕਿਹਾ ਕਿ ਅਸੀਂ ਆਪਣੇ ਆਪ ਨੂੰ ਨਿਰਾਸ਼ਾ ਦੀ ਖੱਡ 'ਚ ਨਹੀਂ ਡਿੱਗਣ ਦੇ ਸਕਦੇ। ਉਹਨਾ ਅੱਗੋਂ ਕਿਹਾ ਕਿ ਪੰਜਾਬ ਦੀ ਵਿਲੱਖਣ ਭੁਗੋਲਿਕ ਸਥਿਤੀ ਅਤੇ ਕੁਝ ਹੋਰ ਵਰਤਾਰਿਆਂ ਕਾਰਨ ਪੰਜਾਬੀਆਂ ਵਿੱਚ ਨਾਬਰੀ ਦੀ ਭਾਵਨਾ ਪ੍ਰਬਲ ਰਹੀ ਹੈ। ਉਹਨਾ ਨੇ ਵੱਖਰੀਆਂ - ਵੱਖਰੀਆਂ ਸਮਾਜਿਕ, ਧਾਰਮਿਕ ਅਤੇ ਸਿਆਸੀ ਲਹਿਰਾਂ ਦੇ ਹਵਾਲੇ ਦਿੱਤੇ। ਉਹਨਾ ਨੇ ਗੁਰੂ ਨਾਨਕ ਦੇਵ ਜੀ ਦੀ ਬਾਬਰ ਬਾਣੀ ਨੂੰ ਵਿਸ਼ੇਸ਼ ਤੌਰ 'ਤੇ ਕੋਟ ਕੀਤਾ ਤੇ ਸਰਬੱਤ ਦੇ ਭਲੇ ਦੇ ਸਿਧਾਂਤ ਦੀ ਚਰਚਾ ਕੀਤੀ। ਉਹਨਾ ਕਿਹਾ ਕਿ, "ਭਾਰਤ ਦੀ ਅਜੋਕੀ ਸਿਆਸੀ ਸਥਿਤੀ ਵਿੱਚ ਕੇਂਦਰ ਸਰਕਾਰ ਕੁਝ ਸੂਬਿਆਂ 'ਤੇ ਹਾਵੀ ਹੋਕੇ ਆਪਣੀ ਸਿਆਸਤ ਵੱਲ ਸਾਰੇ ਦੇਸ਼ ਦੀ ਨੁਹਾਰ ਇੱਕ ਖ਼ਾਸ ਪਾਸੇ ਵੱਲ ਮੋੜਨਾ ਚਾਹੁੰਦੀ ਹੈ। ਪਰ ਅਜਿਹਾ ਕਦੀ ਵੀ ਨਹੀਂ ਹੋ ਸਕਦਾ, ਕਿਉਂਕਿ ਦੇਸ਼ ਇੱਕਸਾਰ ਤੇ ਇੱਕ ਰੰਗ 'ਚ ਨਹੀਂ ਵੇਖਿਆ ਜਾ ਸਕਦਾ"। 2021 ਵਾਲੇ ਕਿਸਾਨ ਅੰਦੋਲਨ ਦੀ ਖੁਲ੍ਹਕੇ ਪ੍ਰਸੰਸਾ ਕਰਦਿਆਂ ਉਹਨਾ ਕਿਹਾ ਕਿ ਇਸ ਅੰਦੋਲਨ ਨੇ ਸਦੀ ਦੇ ਸਭ ਤੋਂ ਉਦਾਸ ਸਮਿਆਂ ਵਿੱਚੋਂ ਲੋਕਾਂ ਨੂੰ ਬਾਹਰ ਕੱਢਿਆ। ਉਹਨਾ ਦਾਅਵਾ ਕੀਤਾ ਕਿ ਆਉਣ ਵਾਲੇ ਸਮਿਆਂ ਵਿੱਚ ਵੀ ਕਿਸਾਨ ਅੰਦੋਲਨ ਅਹਿਮ ਭੂਮਿਕਾ ਨਿਭਾਉਣਗੇ ਅਤੇ ਕਿਸਾਨ, ਕਿਰਤੀ, ਦਲਿਤ, ਕਾਰੀਗਰ ਇਕੱਠੇ ਹੋਕੇ ਵੱਖਵਾਦੀ ਨਿਜ਼ਾਮ ਨਾਲ ਲੋਹਾ ਲੈ ਸਕਣ ਦੇ ਸਮਰੱਥ ਹੋਣਗੇ। ਉਹਨਾ ਨੇ ਇਹ ਕਿਹਾ ਕਿ ਨਾਬਰੀ ਦੀ ਇਸ ਭਾਵਨਾ ਕਾਰਨ ਪੰਜਾਬ ਨੂੰ ਕਈ ਸੱਟਾਂ ਲੱਗੀਆਂ। ਜਿਹਨਾ 'ਚ 1947 ਦੀ ਵੰਡ ਤੇ 1980 ਵਿਆਂ ਦੀਆਂ ਦੁਖਾਂਤਕ ਘਟਨਾਵਾਂ ਸ਼ਾਮਲ ਹਨ। ਉਹਨਾ ਇਹ ਵੀ ਕਿਹਾ ਕਿ ਪੰਜਾਬ ਨੂੰ ਇਤਿਹਾਸ ਹੀਣਤਾ ਕਰਨ ਦੇ ਉਪਰਾਲੇ ਹੋ ਰਹੇ ਹਨ। ਉਹਨਾ ਕਿਹਾ ਕਿ ਇਸ ਵੇਲੇ ਖਿਲਾਅ ਹੈ ਅਤੇ ਜਿਸ "ਆਪ" ਨੂੰ ਤੀਜੀ ਧਿਰ ਵਜੋਂ ਪੰਜਾਬ ਨੇ ਬਦਲ ਵਜੋਂ ਅੱਗੇ ਲਿਆਂਦਾ, ਉਸਦਾ ਬਾਹਰੀ ਖੋਲ ਤਾਂ ਆਦਰਸ਼ਕ ਸੀ, ਪਰ ਅੰਦਰੋਂ ਉਹ ਖੋਖਲਾ ਸਾਬਤ ਹੋਇਆ।

ਇਸ ਮੌਕੇ ਤੇ ਸੀਨਅਰ ਪੱਤਰਕਾਰ ਤੇ ਪੰਜਾਬ ਪ੍ਰੈਸ ਕਲੱਬ ਜਲੰਧਰ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਬੋਲਦਿਆਂ ਕਿਹਾ ਕਿ 1947 'ਚ ਦੇਸ਼ ਦੀ ਦੋ ਕੌਮਾਂ ਦੇ ਸਿਧਾਂਤ ਤਹਿਤ ਕੀਤੀ ਗਈ ਵੰਡ, ਇਤਿਹਾਸ ਦੀ ਸਭ ਤੋਂ ਵੱਡੀ ਗਲਤੀ ਸੀ। ਇਸ ਵਿੱਚ ਦੋਵਾਂ ਪਾਸਿਆਂ ਦੇ 10 ਲੱਖ ਲੋਕ ਮਰੇ ਤੇ ਇੱਕ ਕਰੋੜ ਪੰਜਾਬੀ ਉਜੜੇ। ਉਹਨਾ ਕਿਹਾ ਕਿ ਇਸ ਬਦਨਾਮ ਦੋ ਕੌਮੀ ਥਿਊਰੀ ਨੂੰ 2014 ਤੋਂ ਮੁੜ ਲਾਗੂ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਹਨਾ ਕਿਹਾ ਕਿ ਅਜਿਹੇ ਮਨਸੂਬਿਆਂ ਨੂੰ ਅਸਫ਼ਲ ਕਰਨ ਅਤੇ ਫਿਰਕੂ ਤਾਕਤਾਂ ਦਾ ਮੁਕਾਬਲਾ ਕਰਨ ਲਈ ਬੁੱਧੀਜੀਵੀਆਂ ਦਾ ਇੱਕ 'ਥਿੰਕ ਟੈਂਕ' ਬਣਾਇਆ ਜਾਵੇ ਤੇ ਕੌਮੀ ਪੱਧਰ 'ਤੇ ਸਾਂਝੇ ਯਤਨ ਹੋਣ ਤਾਂ ਕਿ ਇਸ ਦੋ ਕੌਮੀ ਥਿਊਰੀ ਦਾ ਵਿਰੋਧ ਕਰ ਸਕੀਏ ਤੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਸਿਧਾਂਤ 'ਤੇ ਚੱਲ ਸਕੀਏ। ਉਹਨਾ ਨੇ ਇਸ ਗੱਲ ਤੇ ਅਫ਼ਸੋਸ ਪ੍ਰਗਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਵੀ ਖੇਤਰੀ ਸਰੋਕਾਰ ਛੱਡ ਗਈਆਂ, ਜਿਸ ਕਾਰਨ ਉਹਨਾ ਦੀ ਆਪਣੀ ਹੋਂਦ ਨੂੰ ਵੀ ਖਤਰਾ ਪੈਦਾ ਹੋ ਗਿਆ। ਉਹਨਾ ਨੇ ਪੰਜਾਬ ਜਾਗਰਤੀ ਮੰਚ ਦੇ ਝੰਡੇ ਥੱਲੇ ਪ੍ਰੋ। ਭੋਗਲ ਸਾਹਿਬ ਨਾਲ ਕੰਮ ਕਰਨ ਦੀਆਂ ਯਾਦਾਂ ਵਿਸਥਾਰ ਨਾਲ ਸਾਂਝੀਆਂ ਕੀਤੀਆਂ। ਸੀਨੀਅਰ ਖੱਬੇ ਪੱਖੀ ਆਗੂ ਮੰਗਤ ਰਾਮ ਪਾਸਲਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਹਨਾ ਨੇ ਕਿਹਾ ਕਿ ਇਸ ਸਮੇਂ ਚਿੰਤਾ ਅਤੇ ਚਿੰਤਨ ਕਰਨ ਦੀ ਲੋੜ ਹੈ। ਸਟੇਜ ਦੀ ਕਾਰਵਾਈ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਨਿਭਾਈ। ਪ੍ਰੋ. ਪਿਆਰਾ ਸਿੰਘ ਭੋਗਲ ਦੇ ਪਰਿਵਾਰ ਵਲੋਂ ਡਾ। ਗੁਲਜ਼ਾਰ ਸਿੰਘ ਵਿਰਦੀ ਨੇ ਧੰਨਵਾਦ ਕੀਤਾ। ਹੋਰਨਾਂ ਤੋਂ ਬਿਨ੍ਹਾਂ ਇਸ ਸਮੇਂ ਪ੍ਰੋ. ਪਿਆਰਾ ਸਿੰਘ ਭੋਗਲ ਦੀ ਪੁੱਤਰੀ ਦੀਪ ਭੋਗਲ ਅਤੇ ਦੋਹਤਰੀ ਡਾ. ਹਰਲੀਨ ਕੌਰ ਵਾਲੀਆ ਅਤੇ ਉਹਨਾ ਦੇ ਪਤੀ ਕਰਨਜੀਤ ਸਿੰਘ ਵਾਲੀਆ, ਰਵਿੰਦਰ ਚੋਟ, ਐਡਵੋਕੇਟ ਐਸ.ਐਲ. ਵਿਰਦੀ, ਪਰਵਿੰਦਰਜੀਤ ਸਿੰਘ, ਕਲਮੇਸ਼ ਸੰਧੂ, ਬਲਦੇਵ ਰਾਜ ਕੋਮਲ, ਗਿਆਨ ਸਿੰਘ ਮੋਗਾ, ਹਰਜਿੰਦਰ ਨਿਆਣਾ, ਜਸਵਿੰਦਰ ਫਗਵਾੜਾ, ਕੈਪਟਨ ਦਵਿੰਦਰ ਸਿੰਘ ਜੱਸਲ, ਰਘਵੀਰ ਸਿੰਘ ਮਾਨ, ਸਾਹਿਬਾ ਜੀਟਨ ਕੌਰ, ਦੀਦਾਰ ਸ਼ੇਤਰਾ, ਦੀਪ ਕਲੇਰ, ਭੁਪਿੰਦਰ ਕੌਰ, ਸੁਰਜੀਤ ਜੱਜ, ਸੀਤਲ ਰਾਮ ਬੰਗਾ, ਡਾ. ਇੰਦਰਜੀਤ ਸਿੰਘ ਬਾਸੂ, ਲਸ਼ਕਰ ਢੰਡਵਾੜਵੀ, ਅਮਰ ਸਿੰਘ ਅਮਰ, ਮਹਿੰਦਰ ਸਿੰਘ ਸੂਦ, ਗੁਰਮੁੱਖ ਸਿੰਘ, ਕੁਲਵੰਤ ਸਿੰਘ ਭਿੰਡਰ ਅਤੇ ਸੋਹਣ ਸਿੰਘ ਭਿੰਡਰ, ਵਿਸ਼ਾਲ, ਜੈਪਾਲ ਸਿੰਘ, ਡਾ. ਇੰਦਰਪਾਲ ਸਿੰਘ, ਬਲਬੀਰ ਕੌਰ ਬੱਬੂ ਸੈਣੀ, ਸਿਮਰਤ ਕੌਰ, ਸੋਨੀਕਾ ਰਾਣੀ, ਲਖਬੀਰ ਚੰਦ, ਡਾ. ਰਮਨ, ਸੁਸ਼ੀਲ ਸ਼ਰਮਾ, ਅਸ਼ੋਕ ਸ਼ਰਮਾ, ਜੀਵਨ ਸੰਘਾ, ਸੁਖਵਿੰਦਰ ਸਿੰਘ, ਡਾ. ਜਸਵੰਤ ਸਿੰਘ ਗਿੱਲ, ਸੁਖਬੀਰ ਸਿੰਘ ਛੀਰਾ, ਪ੍ਰੀਤੀ, ਅਜੈ ਕੌਸ਼ਲ ਅਤੇ ਡਾ. ਬਲਦੇਵ ਰਾਜ ਆਦਿ ਹਾਜ਼ਰ ਸਨ।

# ਵਿਸ਼ਵ ਸ਼ਾਂਤੀ ਅਤੇ ਵਾਤਾਵਰਣਕ ਜਿੰਮੇਵਾਰੀ ਨੂੰ ਪ੍ਰੋਤਸਾਹਿਤ ਕਰਨ ਲਈ ਕੇਰਲ ਤੋਂ 3600 ਕਿ ਮੀ ਸਾਇਕਲ ਯਾਤਰਾ ਸ਼ੁਰੂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** "ਰਾਈਡ ਫੋਰ ਪੀਸ" ਮੁਹਿੰਮ ਦੇ ਤਹਿਤ, ਅਹਮਦੀਆ ਮੁਸਲਮਾਨ ਯੂਥ ਵਿੰਗ ਇੰਡੀਆ ਨੇ ਵਿਸ਼ਵ ਸ਼ਾਂਤੀ ਅਤੇ ਵਾਤਾਵਰਨਕ ਜ਼ਿੰਮੇਵਾਰੀ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਕੇਰਲ ਤੋਂ ਕਾਦਿਆਨ,



ਜ਼ਿਲ੍ਹਾ ਗੁਰਦਾਸਪੁਰ ਤੱਕ 3,600 ਕਿਲੋਮੀਟਰ ਲੰਬੀ ਸਾਈਕਲ ਯਾਤਰਾ ਦੀ ਸ਼ੁਰੂਆਤ ਕੀਤੀ ਹੈ। ਅੱਜ ਇਸ ਯਾਤਰਾ ਦੇ ਸਾਈਕਲ ਸਵਾਰ ਹੁਸ਼ਿਆਰਪੁਰ ਦੇ ਭੁਲਾਵਾਡੀ ਵਿਖੇ ਸਚਦੇਵਾ ਸਟੌਕ ਦੇ ਦਫ਼ਤਰ ਪਹੁੰਚੇ। ਜਿੱਥੇ ਫਿਟ ਬਾਇਕਰ ਕਲੱਬ ਦੇ ਪ੍ਰਧਾਨ ਪਰਮਜੀਤ ਸਚਦੇਵਾ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਮੌਕੇ 'ਤੇ ਸ੍ਰੀ ਅਵਿਨਾਸ਼ ਰਾਏ ਖੰਨਾ ਸਾਬਕਾ ਸੰਸਦ ਮੈਂਬਰ (ਰਾਜ ਸਭਾ) ਅਤੇ ਅਨੁਰਾਗ ਸੂਦ, ਵਿਦਿਆ ਮੰਦਰ ਸਕੂਲ ਦੇ ਐਮ।ਡੀ। ਅਤੇ ਸਰਬ ਧਰਮ ਸਦਭਾਵਨਾ ਕਮੇਟੀ ਦੇ ਕੋਆਰਡੀਨੇਟਰ ਵੀ ਹਾਜ਼ਰ ਸਨ। ਕੇਰਲ ਤੋਂ ਆਏ ਜਥੇ ਦੇ ਮੁਖੀ ਰਹੀਮ ਅਹਿਮਦ ਨੇ ਸਵਾਗਤ ਲਈ ਸਭ ਦਾ ਦਿਲੋਂ ਧੰਨਵਾਦ ਕੀਤਾ ਅਤੇ ਪ੍ਰੈਸ ਨੂੰ ਜਾਰੀ ਆਪਣੇ ਬਿਆਨ ਵਿੱਚ ਦੱਸਿਆ ਕਿ ਇਹ ਯਾਤਰਾ 6 ਸਤੰਬਰ 2024 ਨੂੰ ਕੋਜ਼ੀਕੋਡ ਵਿੱਚ ਧਵਜਾਰੋਹਣ ਸਮਾਰੋਹ ਦੇ ਨਾਲ ਸ਼ੁਰੂ ਹੋਈ ਸੀ। ਇਸ ਯਾਤਰਾ ਦੌਰਾਨ ਸਾਈਕਲ ਸਵਾਰ ਵੱਖ-ਵੱਖ ਰਾਜਾਂ ਅਤੇ ਪ੍ਰਮੁੱਖ ਸ਼ਹਿਰਾਂ ਵਿੱਚ ਜਾਗਰੂਕਤਾ ਮੁਹਿੰਮਾਂ ਵਿੱਚ ਭਾਗ ਲੈਂਦੇ ਆ ਰਹੇ ਹਨ। ਇਸ ਮੁਹਿੰਮ ਦਾ ਮੁੱਖ ਮਕਸਦ ਵਿਸ਼ਵਕ ਸੰਘਰਸ਼ਾਂ ਨੂੰ ਰੋਕਣਾ ਅਤੇ ਇੱਕ ਟਿਕਾਊ ਜੀਵਨ ਸ਼ੈਲੀ ਨੂੰ ਵਧਾ ਣਾ ਹੈ। ਜਿਸ ਵਿੱਚ ਸਾਈਕਲਾਂ ਦੇ ਉਪਯੋਗ ਅਤੇ ਦਰਖ਼ਤ ਲਗਾਉਣ ਵਰਗੀਆਂ ਵਾਤਾਵਰਣਕ ਸਰਗਰਮੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਸਾਈਕਲ ਯਾਤਰਾ ਅਹਮਦੀਆ ਮੁਸਲਮਾਨ ਕਮਿਊਨਿਟੀ ਦੀ ਸ਼ਾਂਤੀ, ਸਮਝ ਅਤੇ ਵਾਤਾਵਰਣਕ ਜ਼ਿੰਮੇਵਾਰੀ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਸਾਈਕਲ ਸਵਾਰ ਇਸ ਵਿਸ਼ਵਾਸ ਨਾਲ ਪ੍ਰੇਰਿਤ ਹਨ ਕਿ ਯੁੱਧ ਅਤੇ ਵਾਤਾਵਰਣਕ ਹਾਸਰਤਾਂ ਦੇ ਤਬਾਹੀਕਾਰੀ ਨਤੀਜੇ ਤੋਂ ਬਚਣ ਲਈ ਠੋਸ ਉਪਰਾਲਿਆਂ ਦੀ ਲੋੜ ਹੈ।

ਹੁਸਿਆਰਪੁਰ ਜਿਸ ਨੂੰ ਸੰਤਾਂ ਦੀ ਨਗਰੀ ਵੀ ਕਿਹਾ ਜਾਂਦਾ ਹੈ, ਵਿੱਚ ਪਹੁੰਚ ਕੇ ਸਾਈਕਲ ਯਾਤਰੀਆਂ ਨੇ ਬਹੁਤ ਖੁਸ਼ੀ ਅਤੇ ਸੰਤੋਖ ਮਹਿਸੂਸ ਕੀਤਾ। ਇੱਥੇ ਫਿਟ ਬਾਇਕਰ ਕਲੱਬ ਵਲੋਂ ਆਯੋਜਿਤ ਸਵਾਗਤ ਸਮਾਰੋਹ ਵਿੱਚ ਸਭ ਹਾਜ਼ਰ ਲੋਕਾਂ, ਖ਼ਾਸ ਕਰਕੇ ਉਪ ਪ੍ਰਧਾਨ ਉਤਮਜੀਤ ਸਿੰਘ, ਸਕੱਤਰ ਮੁਨੀਰ ਨਜ਼ੀਰ, ਗੁਰਮੇਲ ਸਿੰਘ ਅਤੇ ਪੰਜਾਬ ਦੇ ਨਾਗਰਿਕਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਹੋਰ ਵਿਸ਼ੇਸ਼ ਸ਼ਖਸੀਅਤਾਂ ਵਿੱਚ ਸ਼ੇਖ ਮੰਨਾਨ, ਸ਼ਮਸ਼ੇਰ ਖਾਨ, ਵਾਲੀਦ ਅਹਿਮਦ ਆਦਿ ਵੀ ਹਾਜ਼ਰ ਸਨ।

# ਮਾਸਟਰ ਕੁਲਵਿੰਦਰ ਸਿੰਘ ਜੰਡਾ ਦਾ 13ਵਾਂ ਕਾਵਿ ਸੰਗ੍ਰਹਿ "ਰੂਹਾਂ ਦਾ ਸੰਤਾਪ" ਲੋਕ ਅਰਪਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਮਾਸਟਰ ਕੁਲਵਿੰਦਰ ਸਿੰਘ ਜੰਡਾ ਦਾ 13ਵਾਂ ਕਾਵਿ ਸੰਗ੍ਰਹਿ "ਰੁਹਾਨ ਦਾ ਸੰਤਾਪ" ਲੋਕ ਅਰਪਣ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਦਾਵਤ ਰੈਸਟੋਰੈਂਟ ਹੁਸ਼ਿਆਰਪੁਰ ਵਿਖੇ ਸਾਬਕਾ ਕਾਰਜਕਾਰਨੀ ਮੈਂਬਰ ਹਰਬੰਸ ਸਿੰਘ ਮੰਝਪੁਰ ਦੀ ਸਰਪ੍ਰਸਤੀ ਵਿੱਚ ਕੀਤਾ ਗਿਆ। ਇਸ ਮੌਕੇ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਸਾਬਕਾ ਸਿਵਲ ਸਰਜਨ ਡਾ: ਅਜੇ ਕੁਮਾਰ ਬੱਗਾ ਨੇ ਕਿਹਾ ਕਿ ਮਾਸਟਰ ਜੰਡਾ ਹਰ ਸਾਲ ਕਾਵਿ ਸੰਗ੍ਰਹਿ 'ਲੋਕ' ਪੇਸ਼ ਕਰਦੇ ਹਨ। ਉਨ੍ਹਾਂ ਤੋਂ ਬਾਅਦ ਮਹਾਨ ਲੇਖਕ ਅਤੇ ਨਾਵਲਕਾਰ ਡਾ: ਧਰਮਪਾਲ ਸਾਹਿਲ ਨੇ ਕਾਵਿ ਸੰਗ੍ਰਹਿ "ਰੂਹਾਂ ਦਾ ਸੰਤਾਪ" ਨਾਲ ਸਬੰਧਤ ਪੇਪਰ ਪੜ੍ਹਿਆ। ਉਪਰੰਤ ਪ੍ਰਸਿੱਧ ਸਮਾਜ ਸੇਵਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਜੰਡਾ ਦੇ ਕਾਵਿ ਸੰਗ੍ਰਹਿ 'ਤੇ ਚਾਨਣਾ ਪਾਇਆ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਖਾਲਸਾ ਕਾਲਜ ਮਾਹਿਲਪੁਰ ਨੇ ਕਿਹਾ ਕਿ ਮਾਸਟਰ ਜੰਡਾ ਦੀਆਂ ਗ਼ਜ਼ਲਾਂ ਦਰਦ ਦੀ ਗਹਿਰਾਈ ਨਾਲ ਭਰੀਆਂ ਹੋਈਆਂ ਹਨ। ਇਹ ਵਿਛੋੜੇ, ਦਰਦ ਅਤੇ ਗਮ ਨਾਲ ਭਰਿਆ ਹੋਇਆ ਹੈ। ਇਸ ਮੌਕੇ ਸਟੇਜ ਦਾ ਸੰਚਾਲਨ ਹਰਬੰਸ ਸਿੰਘ ਕਮਲ ਨੇ ਕੀਤਾ ਅਤੇ ਮੰਚ ਸੰਚਾਲਨ ਪ੍ਰਧਾਨ ਐਵਾਰਡੀ ਡਾ: ਧਰਮਪਾਲ ਸਾਹਿਲ ਨੂੰ ਸੌਂਪਿਆ। ਇਸ ਮੌਕੇ ਚੌਧਰੀ ਇੰਦਰਜੀਤ, ਡਾ: ਕੁਲਦੀਪ ਸਿੰਘ, ਜਤਿੰਦਰ ਕੁਮਾਰ ਸੂਦ, ਡਾ: ਦਰਸ਼ਨ ਸਿੰਘ ਦਰਸ਼ਨ, ਹਰਸ਼ਵਿੰਦਰ ਕੌਰ, ਹਰਸ਼ ਤਲਵਾੜਾ, ਪ੍ਰਸਿੱਧ ਸ਼ਾਇਰ ਰਘਵੀਰ ਸਿੰਘ ਟੇਰਕੀਆਣਾ ਨੇ ਆਪਣੇ ਕਾਵਿ-ਸ਼ੈਲੀ ਵਿਚ ਮਾਸਟਰ ਜੰਡਾ ਦੀਆਂ ਗ਼ਜ਼ਲਾਂ ਦੀ ਸ਼ਲਾਘਾ ਕੀਤੀ ਅਤੇ ਕਾਮਨਾ ਕੀਤੀ ਕਿ ਹਰ ਸਾਲ ਅਜਿਹੇ ਪ੍ਰੋਗਰਾਮ ਕਰਵਾਏ ਜਾਣਾ ਜਾਰੀ ਰੱਖਣਾ ਚਾਹੀਦਾ ਹੈ। ਇਸ ਮੌਕੇ ਸ਼ਾਇਰਾ ਨੇ ਕਿਹਾ ਕਿ ਮਾਸਟਰ ਕੁਲਵਿੰਦਰ ਸਿੰਘ ਜੰਡਾ ਦੀਆਂ ਪਹਿਲੀਆਂ 12 ਪੁਸਤਕਾਂ ਵੀ ਡੂੰਘੇ ਦਰਦ ਅਤੇ ਦੁੱਖ ਨਾਲ ਭਰਪੂਰ ਹਨ ਅਤੇ ਸਮਾਜ ਦੇ ਕਈ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ 13ਵਾਂ ਕਾਵਿ ਸੰਗ੍ਰਹਿ 'ਰੂਹ ਕਾ ਸੰਤਾਪ' ਹਿਜਰ, ਵਿਛੋੜਾ, ਉਦਾਸੀਆਂ ਅਤੇ



ਪਿਧਾਈਆਂ ਦਾ ਸਿਖਰ ਹੈ। ਇਸ ਮੌਕੇ ਪ੍ਰੋ: ਬਲਰਾਜ ਨੇ ਜੰਡਾ ਦੀਆਂ ਲਿਖੀਆਂ ਗ਼ਜ਼ਲਾਂ ਸੁਣਾ ਕੇ ਸਾਰੇ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਜੀਵਨ ਕੁਮਾਰ ਰੇਂਜ ਅਫਸਰ ਜੰਗਲਾਤ ਵਿਭਾਗ ਨੇ ਵੀ ਗ਼ਜ਼ਲ ਗਾ ਕੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਮੁੱਖ ਮਹਿਮਾਨ ਜਥੇਦਾਰ ਹਰਬੰਸ ਸਿੰਘ ਮੰਝਪੁਰ ਸਾਬਕਾ ਕਾਰਜਕਾਰਨੀ ਮੈਂਬਰ ਐਸ।ਜੀ।ਪੀ।ਸੀ ਨੇ ਕਿਹਾ ਕਿ ਮਾਸਟਰ ਕੁਲਵਿੰਦਰ ਸਿੰਘ ਜੰਡਾ ਜਿਨ੍ਹਾਂ ਨੇ ਪੰਜਾਬ ਦੀ ਸਿਆਸਤ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ, ਉਨ੍ਹਾਂ ਨੇ ਮਾਂ ਬੋਲੀ ਪੰਜਾਬੀ ਅਤੇ ਪੰਜਾਬੀਅਤ ਲਈ 13 ਕਵਿਤਾਵਾਂ ਲਿਖੀਆਂ ਹਨ ਇਕੱਠਾ ਕਰਕੇ ਇਤਿਹਾਸ ਰਚਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਾਸਟਰ ਜੰਡਾ ਦੀਆਂ ਗ਼ਜ਼ਲਾਂ ਉਨ੍ਹਾਂ ਨੂੰ ਸ਼ਿਵ ਕੁਮਾਰ ਬਟਾਲਵੀ ਬਿਰਹਾ ਕਾ ਸੁਲਤਾਨ ਦੀ ਯਾਦ ਦਿਵਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਮਾਸਟਰ ਜੰਡਾ ਨੂੰ ਅੱਜ ਦੇ ਦੌਰ ਵਿੱਚ ਦੁਆਬੇ ਦਾ ਸ਼ਿਵ ਕਿਹਾ ਜਾਂਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੈਕਚਰਾਰ ਮਲਕੀਤ ਸਿੰਘ ਜੌਹਲ, ਰਣਜੀਤ ਕੁਮਾਰ ਤਲਵਾੜ, ਡਾ: ਦਰਸ਼ਨ ਸਿੰਘ, ਐਡਵੋਕੇਟ ਦਵਿੰਦਰ ਕੁਮਾਰ ਸ਼ਰਮਾ, ਮੋਹਨ ਲਾਲ ਕਲਸੀ, ਹਰਸ਼ਵਿੰਦਰ ਕੌਰ ਤਲਵਾੜਾ, ਪ੍ਰਿੰਸੀਪਲ ਪਰਵਿੰਦਰ ਸਿੰਘ, ਬਲਜਿੰਦਰ ਸਿੰਘ ਮਾਨ, ਕਿਰਨ ਕੌਰ ਕੈਨੇਡਾ, ਸਿਮਰਤਲੀਨ ਕੌਰ ਕੈਨੇਡਾ, ਹਰਗੁਣ ਕੌਰ ਕੈਨੇਡਾ, ਸੋਨੂੰ ਕੱਸੋਚਾਹਲ ਆਦਿ ਹਾਜ਼ਰ ਸਨ। ਇਕੱਤਰਤਾ ਦੇ ਅੰਤ ਵਿੱਚ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

## ਕੰਨਿਆਂ ਦੀ ਲੋੜ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਣਕਾਰੀ ਲਈ +1-510-200-1772 'ਤੇ ਫੋਨ ਕਰੋ।

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸਲਾਨਾ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):-** ਦਮਦਮੀਂ ਟਕਸਾਲ ਦੀ ਰਹਿਨੁਮਾਈ ਅਧੀਨ ਚਲਾਏ ਜਾ ਰਹੇ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਇਲਾਕੇ ਦੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਮਨਾਉਂਦੇ ਹੋਏ 15 ਵਾਂ ਸਲਾਨਾ ਨਗਰ ਕੀਰਤਨ 27 ਅਕਤੂਬਰ, ਦਿਨ ਐਤਵਾਰ ਨੂੰ ਕੀਤਾ ਜਾ ਰਿਹਾ ਹੈ। ਜਿਸ ਦੀਆਂ ਤਿਆਰੀਆਂ ਸੰਬੰਧੀ ਗੁਰੂਘਰ ਦੇ ਪ੍ਰਬੰਧਕਾਂ ਨੇ ਇੱਕ ਵਿਸ਼ੇਸ਼ ਮੀਟਿੰਗ ਕਰਕੇ ਸਥਾਨਿਕ ਮੀਡੀਏ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸੁਰੂਆਤ ਦੇ ਸਮਾਗਮ ਗੁਰੂਘਰ ਵੱਲੋਂ ਅਰੰਭ ਕਰ ਦਿੱਤੇ ਗਏ ਹਨ।

ਇਸ ਸਮੇਂ ਗੁਰੂਘਰ ਦੇ ਮੁੱਖ ਸੇਵਾਦਾਰਾ ਵਿੱਚੋਂ ਭਾਈ ਜੋਵਨਪ੍ਰੀਤ ਸਿੰਘ ਨੇ ਗੁਰੂਘਰ ਦੇ ਵਿੱਚ ਹੋਣ ਵਾਲੇ ਗੁਰਮਿਤ ਸਮਾਗਮਾਂ ਅਤੇ 26 ਅਕਤੂਬਰ ਨੂੰ ਅੰਮ੍ਰਿਤ ਸੰਚਾਰ ਕੀਤੇ ਜਾਣ ਬਾਰੇ ਜਾਣਕਾਰੀ ਸਾਂਝੀ ਕੀਤੀ। ਜਦ ਕਿ ਭਾਈ ਜਗਰੂਪ ਸਿੰਘ ਨੇ ਨਗਰ ਕੀਰਤਨ ਦੇ ਰੂਟ ਅਤੇ ਪਾਰਕਿੰਗ ਬਾਰੇ ਵਿਸਥਾਰ ਨਾਲ ਦੱਸਿਆ ਕਿ ਬਣਾਏ ਗਏ ਖੁੱਲੇ ਪਾਰਕਿੰਗ ਲਾਟ ਤੋਂ ਗੁਰੂਘਰ ਤੱਕ ਸੰਗਤਾਂ ਨੂੰ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰਾਂ ਭਾਈ ਹਰਪ੍ਰੀਤ ਸਿੰਘ ਨੇ ਦੱਸਿਆ ਕਿ 27 ਅਕਤੂਬਰ ਨੂੰ ਸਵੇਰ ਸਮੇਂ ਗੁਰੂਘਰ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਨਗਰ ਕੀਰਤਨ ਗੁਰੂਘਰ ਤੋਂ ਠੀਕ 11 ਵਜ਼ੇ ਰਵਾਨਾ ਹੋ ਕੇ ਫਾਊਲਰ ਸ਼ਹਿਰ ਦੇ "ਡੌਨੀ ਰਾਈਟ ਪਾਰਕ" ਵਿੱਚ ਪੜਾਅ ਕਰੇਗਾ। ਜਿੱਥੇ ਸਟੇਜ਼ ਰਾਹੀਂ ਗੁਰਮਤਿ ਵਿਚਾਰਾਂ, ਢਾਡੀ, ਕਵੀਸਰ ਅਤੇ ਹੋਰ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ। ਇਸ ਤੋਂ ਇਲਾਵਾ ਗੁਰੂਘਰ ਅਤੇ ਭਾਈਚਾਰੇ ਦੇ ਕਾਰਜ਼ਾ ਵਿੱਚ ਸਹਿਯੋਗ ਦੇਣ ਵਾਲੀਆਂ ਪ੍ਰਮੁੱਖ ਸਖਸੀਅਤਾਂ ਦਾ ਸਨਮਾਨ ਵੀ ਕੀਤਾ ਜਾਵੇਗਾ। ਇੱਥੇ ਗੁਰੂਘਰ ਤੋਂ ਇਲਾਵਾ ਸੇਵਾਦਾਰਾਂ ਵੱਲੋਂ ਗੁਰੂ ਦੇ ਲੰਗਰਾਂ ਦੇ ਸਟਾਲ ਵੀ ਲਾਏ ਜਾਣਗੇ। ਇਸ ਹੋਰ ਹਾਜ਼ਰ ਮੈਂਬਰਾਂ, ਸੇਵਾਦਾਰਾਂ ਅਤੇ ਸੰਗਤ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਇਸ ਨਗਰ ਕੀਰਤਨ ਨੂੰ ਲੈ ਕੇ ਇਲਾਕੇ ਦੀਆਂ ਸੰਗਤਾ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਨਗਰ ਕੀਰਤਨ ਵਿੱਚ ਫਲੋਟ ਸਜਾਉਣ ਜਾਂ ਹੋਰ ਕਿਸੇ ਤਰ੍ਹਾਂ ਦੀ ਸੇਵਾ ਦੇ ਸਬੰਧ ਵਿੱਚ ਹੋਰ ਵਧੇਰੇ ਜਾਣਕਾਰੀ ਲਈ ਗੁਰੂਘਰ ਪ੍ਰਬੰਧਕਾਂ ਨਾਲ ਫੋਨ 'ਤੇ ਭਾਈ ਹਰਪ੍ਰੀਤ ਸਿੰਘ (559) 859-0471 ਜਾਂ ਭਾਈ ਜਗਰੂਪ ਸਿੰਘ (209) 648-4994 ਰਾਹੀ ਸੰਪਰਕ ਕਰ ਸਕਦੇ ਹੋ। ਗੁਰੂਘਰ ਦੇ ਪ੍ਰਬੰਧਕਾਂ ਵੱਲੋਂ ਹਮੇਸਾ ਦੀ ਤਰਾਂ ਇਲਾਕੇ ਦੀ ਸਮੂੰਹ ਸੰਗਤ ਨੂੰ ਇਸ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ ਹੈ।






# ਰਿਜੋਮਿਲੀਆ 'ਚ ਭਗਵਾਨ ਮਹਾਰਿਸ਼ੀ ਵਾਲਮੀਕੀ ਜੀ ਦਾ ਪ੍ਰਗਟ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ

**ਸੰਤ ਹਰਵਿੰਦਰ ਦਾਸ ਈਸਪੁਰ ਨੇ ਕੀਤੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ**




**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਭਾਰਤੀ ਸੰਸਕ੍ਰਿਤੀ ਦੇ ਪਿਤਾਮਾ, ਵਿਸ਼ਵ ਪ੍ਰਸਿੱਧ ਧਾਰਮਿਕ ਗ੍ਰੰਥ ਰਮਾਇਣ ਦੇ ਰਚੇਤਾ ਮਹਾਨ ਵਿਦਵਾਨ ਮਹਾਰਿਸ਼ੀ ਵਾਲਮੀਕੀ ਜੀ ਦਾ ਪ੍ਰਗਟ ਦਿਵਸ ਜਿੱਥੇ ਸਮੁੱਚੇ ਸੰਸਾਰ ਭਰ ਵਿੱਚ ਬੜੀ ਸ਼ਰਧਾ ਭਾਵਨਾ ਅਤੇ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ ਉੱਥੇ ਹੀ ਇਟਲੀ ਵਿੱਚ ਜਿਲਾ ਰਿਜੋਮਿਲੀਆ ਵਿੱਚ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰਿਜੋਮਿਲੀਆ ਵੱਲੋਂ ਫੌਸਦੌਨਦੋ ਦੀ ਕਰੇਜੋ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਸੰਗਤਾਂ ਹੁਮ ਹੁਮਾ ਕੇ ਪਹੁੰਚੀਆਂ ।ਇਸ ਸਮਾਗਮ ਵਿੱਚ ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਦੇ ਭੋਗ ਉਪਰੰਤ ਪ੍ਰਧਾਨ ਸ੍ਰੀ ਕਸ਼ਮੀਰ ਲਾਲ ਮਹਿਮੀ ਨੇ ਕਿਹਾ ਕਿ ਭਗਵਾਨ ਵਾਲਮੀਕ ਜੀ ਨੇ ਜੋ ਸਿੱਖਿਆ ਰਮਾਇਣ ਵਰਗੇ ਮਹਾਨ ਗ੍ਰੰਥ ਦੀ ਰਚਨਾ ਕਰਕੇ ਸਮੁੱਚੀ ਮਾਨਵਤਾ ਨੂੰ ਦਿੱਤੀ ਹੈ ਉਸ ਨੂੰ ਗ੍ਰਹਿਣ ਕਰਕੇ ਸਾਨੂੰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ ।ਉਚੇਚੇ ਤੌਰ ਤੇ ਪਹੁੰਚੇ ਸੰਤ ਹਰਵਿੰਦਰ ਦਾਸ ਜੀ ਈਸਪੁਰ ਨੇ ਵਿਸਥਾਰ ਸਹਿਤ ਭਗਵਾਨ ਵਾਲਮੀਕ ਜੀ ਦੀ ਜੀਵਨੀ ਬਾਰੇ ਚਾਨਣਾ ਪਾ ਕੇ ਸੰਗਤਾਂ ਨੂੰ ਜਾਣੂ ਕਰਵਾਇਆ ਉਹਨਾਂ ਕਿਹਾ ਕਿ ਅੱਜ ਭਾਰਤ ਵਿੱਚ ਆਜ਼ਾਦੀ ਦੇ ਇੰਨੇ ਵਰੇ ਬੀਤ ਜਾਣ ਦੇ ਬਾਵਜੂਦ ਵੀ ਵਾਲਮੀਕ ਸਮਾਜ ਪੂਰੀ ਸਿੱਖਿਅਤ ਨਹੀਂ ਹੈ। ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸ਼ਖਸ਼ੀਅਤਾਂ ਨੂੰ ਸਿਰਪਾ ਦੇ ਕੇ ਸਨਮਾਨਿਤ ਕੀਤਾ ਗਿਆ ।ਸਟੇਜ ਦੀ ਸੇਵਾ ਗਾਇਕ ਪੰਮਾ ਲਧਾਣਾ ਨੇ ਬਖੂਬੀ ਨਿਭਾਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ੍ਰੀ ਰੇਸ਼ਮ ਬੱਧਣ, ਮਹਿੰਦਰ ਪਾਲ, ਮਨਦੀਪ ਮਹੇ, ਕੁਲਦੀਪ ਲੋਧੀਪੁਰ, ਡਾਕਟਰ ਰਾਜ ਕੁਮਾਰ, ਸੰਦੀਪ ਲੋਈ, ਮੰਗਾ ਲੋਧੀਪੁਰੀਆ, ਰਜਿੰਦਰ ਕੁਮਾਰ ਹਨੀ, ਰਾਜ ਬਿਲਾ ਰੋਤਾ, ਹਰਜੀਤ ਸਿੰਘ ਹਨੀ, ਸੁਨੀਲ ਮਹਿਮੀ, ਹੈਰੀ, ਬਲਰਾਜ ਵੀਆਦਾਨਾ, ਬਲਜੀਤ ਕੌਰ, ਪ੍ਰੀਤੀ ਕੌਰ, ਕਮਲਜੀਤ ਕੌਰ, ਰਾਜਵਿੰਦਰ ਕੌਰ, ਸੁਖਦੀਪ ਕੌਰ ਆਦਿ ਹਾਜ਼ਰ ਸਨ।

# ਸ਼ਾਂਤੀ ਬਹਾਲੀ 'ਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਕੁਰਬਾਨੀ ਬੇਮਿਸਾਲ - ਐਸ.ਐਸ.ਪੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਆਈ. ਟੀ. ਆਈ ਗਰਾਊਂਡ ਨਵਾਂਸ਼ਹਿਰ ਵਿਖੇ ਅੱਜ ਪੁਲਿਸ ਸ਼ਹੀਦੀ ਯਾਦਗਾਰੀ ਦਿਵਸ ਮੌਕੇ ਪੁਲਿਸ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਐਸ.ਐਸ.ਪੀ ਡਾ. ਮਹਿਤਾਬ ਸਿੰਘ ਦੀ ਅਗਵਾਈ ਹੇਠ ਕਰਵਾਏ ਇਸ ਸਮਾਗਮ ਵਿਚ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਆ ਸੂਦ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਐਸ.ਐਸ.ਪੀ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਅਧਿਕਾਰੀਆਂ ਅਤੇ ਜਵਾਨਾਂ ਵੱਲੋਂ ਸੂਬੇ ਦੀ ਸ਼ਾਂਤੀ ਬਹਾਲੀ ਲਈ ਕੀਤੀ ਕੁਰਬਾਨੀ ਬੇਮਿਸਾਲ ਹੈ ਅਤੇ ਇਸ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਨਾ ਕੇਵਲ ਸੂਬੇ ਵਿਚ ਸ਼ਾਂਤੀ ਅਤੇ ਸਦਭਾਵਨਾ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਵਾਰੀਆਂ, ਬਲਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਵੀ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਹਰ ਸਾਲ ਡਿਊਟੀ ਦੌਰਾਨ ਦਿੱਤੀਆਂ ਜਾਂਦੀਆਂ ਬੇਮਿਸਾਲ ਕੁਰਬਾਨੀਆਂ ਦਾ ਇਹ ਸਿਲਸਿਲਾ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ 27 ਪੁਲਿਸ ਜਵਾਨਾਂ ਅਤੇ ਅਧਿਕਾਰੀਆਂ ਨੇ ਅੱਤਵਾਦ ਵਿਰੁੱਧ ਲੜਦਿਆਂ ਆਪਣੀਆਂ ਜਾਨਾਂ ਕੁਰਬਾਨ ਕਰਕੇ ਸੂਬੇ ਵਿਚ ਅਮਨ-ਸ਼ਾਂਤੀ, ਸਦਭਾਵਨਾ ਤੇ ਕਾਨੂੰਨ ਵਿਵਸਥਾ ਦੀ ਬਹਾਲੀ ਲਈ ਆਪਣਾ ਯੋਗਦਾਨ ਪਾਇਆ ਸੀ। ਉਨ੍ਹਾਂ ਕਿਹਾ ਕਿ ਪੁਲਿਸ ਸ਼ਹੀਦੀ ਯਾਦਗਾਰੀ ਦਿਵਸ ਸ਼ਹੀਦਾਂ ਨੂੰ ਯਾਦ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਆਸ਼ਰਿਤਾਂ ਨੂੰ ਇਹ ਭਰੋਸਾ ਦਿਵਾਉਣ ਲਈ ਮਨਾਇਆ ਜਾਂਦਾ ਹੈ ਕਿ ਪੁਲਿਸ ਵਿਭਾਗ ਅਤੇ ਸਮੁੱਚਾ ਸਮਾਜ ਪੁਲਿਸ ਦੀਆਂ ਕੁਰਬਾਨੀਆਂ ਦਾ ਹਮੇਸ਼ਾਂ ਰਿਣੀ ਰਹੇਗਾ ਅਤੇ ਪਰਿਵਾਰਾਂ ਨਾਲ ਖੜ੍ਹੇਗਾ। ਉਨ੍ਹਾਂ ਪੁਲਿਸ ਸ਼ਹੀਦਾਂ ਦੇ ਆਸ਼ਰਿਤਾਂ ਦੀਆਂ ਮੁਸ਼ਕਿਲਾਂ ਨੂੰ ਹਮਦਰਦੀ ਨਾਲ ਸੁਣਿਆ ਅਤੇ ਉਨ੍ਹਾਂ ਦਾ ਮੌਕੇ 'ਤੇ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਇਸੇ ਤਰ੍ਹਾਂ ਸੇਵਾਮੁਕਤ ਪੁਲਿਸ ਅਧਿਕਾਰੀਆਂ, ਜਵਾਨਾਂ ਅਤੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਜ਼ਿਲ੍ਹਾ ਸਿਵਲ ਅਤੇ ਪੁਲਿਸ ਅਧਿਕਾਰੀਆਂ ਨੇ ਸ਼ਹੀਦਾਂ ਦੀਆਂ ਤਸਵੀਰਾਂ ਅੱਗੇ ਫੁੱਲ ਮਾਲਾਵਾਂ ਅਤੇ ਫੁੱਲ ਪੱਤੀਆਂ ਭੇਟ ਕਰਕੇ ਦੇਸ਼ ਲਈ ਸ਼ਹੀਦੀ ਪ੍ਰਾਪਤ ਕਰਨ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਵੀ ਕੀਤਾ ਗਿਆ।

ਇਸ ਮੌਕੇ ਹਾਜ਼ਰ ਪੁਲਿਸ ਅਧਿਕਾਰੀਆਂ ਵਿਚ ਐਸ.ਪੀ (ਸਥਾਨਿਕ) ਸੋਹਨ ਲਾਲ, ਡੀ.ਐਸ.ਪੀ ਦਲਜੀਤ ਸਿੰਘ ਖੱਖ, ਡੀ.ਐਸ.ਪੀ ਸੁਰਿੰਦਰ ਚਾਂਦ, ਡੀ.ਐਸ.ਪੀ ਸ਼ਹਿਬਾਜ ਸਿੰਘ, ਡੀ.ਐਸ.ਪੀ ਰਾਜ ਕੁਮਾਰ, ਡੀ.ਐਸ.ਪੀ ਹਰਜੀਤ ਸਿੰਘ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਮੁੱਖ ਥਾਣਾ ਅਫ਼ਸਰ ਅਤੇ ਪੁਲਿਸ ਕਰਮਚਾਰੀ ਵੱਡੀ ਗਿਣਤੀ ਵਿਚ ਹਾਜ਼ਰ ਸਨ।



# ਭਾਸ਼ਾ ਵਿਭਾਗ ਨੇ ਕਰਵਾਏ ਬਾਲ ਗਿਆਨ ਕੁਇਜ਼ ਮੁਕਾਬਲੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਭਾਸ਼ਾ ਵਿਭਾਗ, ਪੰਜਾਬ ਵਲੋਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਪ੍ਰਚਾਰ, ਪ੍ਰਸਾਰ ਲਈ ਸਮੇਂ-ਸਮੇਂ 'ਤੇ ਗਤੀਵਿਧੀਆਂ ਉਲੀਕੀਆਂ ਜਾਂਦੀਆਂ ਹਨ। ਇਸੇ ਤਹਿਤ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਹਰਕੀਰਤ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ ਦੀ ਅਗਵਾਈ ਵਿਚ ਸ ਥ ਾ ਨ ਕ ਦ ੋ ਆ ਬ ਾ ਆ ਾ ਰ ੀ ਆ ਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਵੱਖ-ਵੱਖ ਵਰਗਾਂ ਦੇ ਬਾਲ-ਗਿਆਨ ਕੁਇਜ਼ ਮੁਕਾਬਲੇ ਕਰਵਾਏ ਗਏ। 'ਓ' ਵਰਗ (ਛੇਵੀਂ ਤੋਂ ਅੱਠਵੀਂ) ਵਿਚ ਐਮ।ਆਰ। ਸਿਟੀ ਪਬਲਿਕ ਸਕੂਲ ਬਲਾਚੌਰ ਦੇ ਵਿਦਿਆਰਥੀ ਨਵਕਰਨ ਸਿੰਘ ਨੇ ਪਹਿਲਾ, ਸਰਕਾਰੀ ਹਾਈ ਸਕੂਲ ਚਾਂਦਪੁਰ ਰੁੜਕੀ ਦੀ ਵਿਦਿਆਰਥਣ ਨਵਦੀਪ ਕੌਰ ਨੇ ਦੂਜਾ ਅਤੇ ਐਮ।ਆਰ। ਸਿਟੀ ਪਬਲਿਕ ਸਕੂਲ ਬਲਾਚੌਰ ਦੇ ਵਿਦਿਆਰਥੀ ਗੁਰਕੀਰਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਪ੍ਰਕਾਰ 'ਅ' ਵਰਗ (ਨੌਵੀਂ ਤੋਂ ਬਾਰ੍ਹਵੀਂ) ਵਿੱਚ ਅਮਰਦੀਪ ਸੀਨੀ। ਸੈਕੰ। ਸਕੂਲ ਮੁਕੰਦਪੁਰ ਦੀ ਵਿਦਿਆਥਣ ਕ੍ਰੀਤਿਕਾ ਨੇ ਪਹਿਲਾ, ਕੈਂਬਰਿਜ ਇੰਟਰਨੈਸ਼ਨਲ ਸਕੂਲ ਕਰੀਹਾ ਦੀ ਵਿਦਿਆਰਥਣ ਖੁਸ਼ਦੀਪ ਕੌਰ ਨੇ ਦੂਜਾ ਅਤੇ ਸਰਕਾਰੀ ਸੀਨੀ। ਸੈਕੰ। ਸਕੂਲ ਫਰਾਲਾ ਦੀ ਵਿਦਿਆਰਥਣ ਸੁਖਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 'ੲ' ਵਰਗ (ਗ੍ਰੇਜੁਏਸ਼ਨ) ਵਿੱਚੋਂ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚਿਊਟ ਕਾਲਜ, ਬਲਾਚੌਰ ਦੀ ਵਿਦਿਆਥਣ ਕੰਚਨ ਨੇ ਪਹਿਲਾ, ਐਮ।ਬੀ।ਜੀ। ਸਰਕਾਰੀ ਕਾਲਜ ਪੋਜੇਵਾਲ ਦੇ ਵਿਦਿਆਰਥੀ ਹਰਪ੍ਰੀਤ ਸਿੰਘ ਨੇ ਦੂਜਾ ਅਤੇ ਬੀ।ਐਲ।ਐਮ। ਗਰਲਜ਼ ਕਾਲਜ ਨਵਾਂਸ਼ਹਿਰ ਦੀ ਵਿਦਿਆਰਥਣ ਗਗਨਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਰੱਖੇ ਸਮਾਗਮ ਵਿੱਚ ਪ੍ਰਿੰਸੀਪਲ ਸ। ਰਾਜਿੰਦਰ ਸਿੰਘ ਗਿੱਲ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਸ। ਹਰਕੀਰਤ ਸਿੰਘ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਅਤੇ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਕੁਇਜ਼ ਮੁਕਾਬਲੇ ਦਾ ਸੰਚਾਲਨ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਦੁਆਰਾ ਕੀਤਾ ਗਿਆ। ਇਸ ਮੁਕਾਬਲੇ ਵਿੱਚ ਜੱਜਮੈਂਟ ਦਾ ਕੰਮ ਸਰਕਾਰੀ ਸੀਨੀ। ਸੈਕੰ. ਸਕੂਲ ਗੋਬਿੰਦਪੁਰ ਤੋਂ ਲੈਕ. ਸੁਭਾਸ਼, ਸਰਕਾਰੀ ਸੀਨੀ. ਸੈਕੰ. ਸਕੂਲ ਮੁਕੰਦਪੁਰ ਤੋਂ ਲੈਕ।ਰਾਮ ਲੁਭਾਇਆ, ਸਰਕਾਰੀ ਸੀਨੀ। ਸੈਕੰ. ਸਕੂਲ ਲਧਾਣਾ ਝਿੱਕਾ ਤੋਂ ਲੈਕ. ਬੂਟਾ ਲਾਲ ਅਤੇ ਸਰਕਾਰੀ ਸੀਨੀ। ਸੈਕੰ। ਸਮਾਰਟ ਸਕੂਲ ਤੋਂ ਗੁਰਜਿੰਦਰ ਸਿੰਘ ਨੇ ਨਿਭਾਇਆ। ਇਸ ਮੌਕੇ ਭਾਸ਼ਾ ਵਿਭਾਗ ਤੋਂ ਅਰਸ਼ਦੀਪ ਸਿੰਘ (ਕਲਰਕ) ਹਨੀ ਕੁਮਾਰ ਸੇਵਾਦਾਰ ਅਤੇ ਚਰਨਜੀਤ ਸਿੰਘ (ਸੇਵਾਦਾਰ) ਮੌਜੂਦ ਰਹੇ।



# ਦੂਹਰਾ ਕਤਲ: ਪੁਲਿਸ ਨੇ ਬਣਾਈਆਂ ਚਾਰ ਟੀਮਾਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਬੀਤੀ ਸ਼ਾਮ ਬੁੱਲੋਵਾਲ ਥਾਣਾ ਖੇਤਰ ਵਿੱਚ ਵਾਪਰੇ ਦੂਹਰੇ ਕਤਲ ਦੇ ਮਾਮਲੇ ਵਿੱਚ ਅੱਜ ਐਸਐਸਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਪੁਲੀਸ ਨੇ ਮੁਲਜ਼ਮਾਂ ਦੀ ਪਛਾਣ ਕਰ ਲਈ ਹੈ ਅਤੇ ਚਾਰ ਵਿਸ਼ੇਸ਼ ਟੀਮਾਂ ਦਾ ਗਠਨ ਕਰ ਲਿਆ ਹੈ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ। ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਐਸਐਸਪੀ ਸੁਰਿੰਦਰ ਲਾਂਬਾ ਨੇ ਪੁਲੀਸ ਅਧਿਕਾਰੀਆਂ ਨਾਲ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਮਾਮਲੇ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਉਹ ਖੁਦ ਅਤੇ ਐਸ।ਪੀ (ਡੀ) ਮਾਮਲੇ ਦੀ ਗੰਭੀਰਤਾ ਨਾਲ ਨਿਗਰਾਨੀ ਕਰ ਰਹੇ ਹਨ ਅਤੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਕਾਨੂੰਨੀ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਪਾਰਟੀਆਂ ਨੇ ਮੌਕੇ 'ਤੇ ਪਹੁੰਚ ਕੇ ਜ਼ਖਮੀਆਂ ਨੂੰ ਇਲਾਜ ਲਈ ਆਪਣੇ ਕਬਜ਼ੇ 'ਚ ਲੈ ਲਿਆ। ਜਿਨ੍ਹਾਂ 'ਚੋਂ ਪਿਉ-ਪੁੱਤਰ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ, ਜਦਕਿ ਦੋ ਬੱਚੇ ਜ਼ਖਮੀ ਹੋ ਗਏ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਘਟਨਾ ਦਾ ਕਾਰਨ ਦੋਵਾਂ ਧਿਰਾਂ ਦੀ ਆਪਸੀ ਰੰਜਿਸ਼ ਸੀ ਅਤੇ ਦੋਵਾਂ ਧਿਰਾਂ ਵੱਲੋਂ ਇੱਕ ਦੂਜੇ ਖ਼ਿਲਾਫ਼ ਐਫਆਈਆਰ ਦਰਜ ਕਰਵਾਈ ਗਈ ਹੈ। ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਪੁਲਿਸ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਤਾਂ ਜੋ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਫੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਪੀੜ੍ਹਤਾਂ ਦੇ ਬਿਆਨਾਂ ਦੇ ਆਧਾਰ 'ਤੇ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਜਿਨ੍ਹਾਂ ਦੋਸ਼ੀਆਂ ਦੇ ਨਾਮ ਦਰਜ ਕੀਤੇ ਗਏ ਹਨ, ਉਨ੍ਹਾਂ ਨੂੰ ਕਾਨੂੰਨ ਮੁਤਾਬਕ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਢਲੀ ਤਫਤੀਸ਼ ਵਿੱਚ ਨਸ਼ੇ ਦਾ ਕੋਈ ਵੀ ਪਹਿਲੂ ਸਾਹਮਣੇ ਨਹੀਂ ਆਇਆ ਹੈ। ਜਦੋਂਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਤਫਤੀਸ਼ ਦੌਰਾਨ ਸਾਰੇ ਤੱਥ ਸਪੱਸ਼ਟ ਹੋ ਜਾਣਗੇ।



# ਭਾਰਤੀ ਸੈਲਾਨੀ ਮੇਵਾ ਸਿੰਘ ਦੀ ਹੱਤਿਆ ਦੇ ਦੋਸ਼ ਵਿੱਚ ਜੈਦੇਨ ਕਹੀ ਨੂੰ ਦੋ ਸਾਲ ਦੀ ਜੇਲ੍ਹ ਹੋਈ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਪਿਛਲੇ ਸਾਲ ਅਪ੍ਰੈਲ ਮਹੀਨੇ ਭਾਰਤ ਤੋਂ ਆਏ ਇਕ 60 ਸਾਲਾ ਬਜ਼ੁਰਗ ਮੇਵਾ ਸਿੰਘ ਦੀ ਲਿਨਵੁੱਡ ਪਾਰਕ ਕ੍ਰਾਈਸਟਚਰਚ ਵਿਖੇ ਇਕ ਅਜਨਬੀ ਵੱਲੋਂ ਕਿਸੇ ਗਲਤੀ ਫਹਿਮੀ ਦੇ ਵਿਚ ਪੈਣ ਕਰਕੇ ਹੱਤਿਆ ਕਰ ਦਿੱਤੀ ਗਈ ਸੀ। ਹਮਲਾਵਾਰ ਨੂੰ ਲੱਗਿਆ ਕਿ ਉਹ ਨੇੜੇ ਉਸਦੇ ਪੁੱਤਰ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਨੂੰ ਦੋ ਸਾਲਾਂ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਹਮਲਾਵਰ ਦੀ ਨਾਂਅ ਜੈਡੇਨ ਕਾਹੀ ਸੀ। ਅਦਾਲਤ ਨੇ ਇਸ ਨੂੰ ਕਤਲ ਲਈ ਦੋਸ਼ੀ ਮੰਨਿਆ ਅਤੇ ਅੱਜ ਸਵੇਰੇ ਕ੍ਰਾਈਸਟਚਰਚ ਵਿਖੇ ਹਾਈ ਕੋਰਟ ਵਿੱਚ ਇੱਕ ਭਰੀ ਜਨਤਕ ਗੈਲਰੀ ਦੇ ਸਾਹਮਣੇ ਉਸਨੂੰ ਸਜ਼ਾ ਸੁਣਾਈ ਗਈ। ਅਦਾਲਤ ਵਿਚ ਦੁਖੀ ਪਰਿਵਾਰ ਵੱਲੋਂ ਪੜ੍ਹੇ ਗੇ ਪੀੜ੍ਹਤ ਪ੍ਰਭਾਵ ਦੇ ਬਿਆਨ ਵਿੱਚ, ਮੇਵਾ ਸਿੰਘ ਦੇ ਪੁੱਤਰ ਨੇ ਕਿਹਾ ਕਿ ਉਹ ਅਜੇ ਵੀ ਆਪਣੇ ਪਿਤਾ ਦੀ ਮੌਤ ਕਰਕੇ ਮਾਨਸਿਕ ਤਨਾਅ ਵਿਚ ਜੂਝ ਰਿਹਾ ਹੈ। ਦੋਸ਼ੀ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਉਲਟ-ਪੁਲਟ ਕਰ ਦਿੱਤਾ ਹੈ। ਅਸੀਂ ਜਿੱਥੇ ਵੀ ਜਾਂਦੇ ਹਾਂ ਅਤੇ ਜੋ ਵੀ ਕਰਦੇ ਹਾਂ, ਅਸੀਂ ਹਮੇਸ਼ਾ ਆਪਣੇ ਪਿਤਾ ਨੂੰ ਯਾਦ ਕਰਾਂਗੇ, ''ਉਸਨੇ ਕਿਹਾ।

ਜਨਤਕ ਗੈਲਰੀ ਤੋਂ ਹਮਲਾਵਰ ਦੇ ਹੱਕ ਵਿਚ ਆਇਆਂ ਨੇ ਉਸਨੂੰ 'ਲਵ ਯੂ' ਦੇ ਨਾਅਰਿਆਂ ਨਾਲ ਨਿਵਾਜਿਆ। ਸਜ਼ਾ ਸੁਣਾਏ ਜਾਣ ਤੋਂ ਬਾਅਦ ਕਾਹੀ ਨੂੰ ਚੁੱਕ ਲਿਆ ਗਿਆ ਸੀ। ਇਸ ਤੋਂ ਸਾਫ ਝਲਕਦਾ ਸੀ ਕਿ ਕਿੰਨਾ ਕੁ ਦੁੱਖ ਹੋਵੇਗਾ ਹਮਲਵਾਰ ਦੇ ਪਰਿਵਾਰ ਨੂੰ।

ਤੱਥਾਂ ਦੇ ਸੰਖੇਪ ਵਿੱਚ ਕਿਹਾ ਗਿਆ ਹੈ ਕਿ ਮੇਵਾ ਸਿੰਘ ਆਪਣੀ ਮੌਤ ਤੋਂ ਸਿਰਫ਼ ਚਾਰ ਮਹੀਨੇ ਪਹਿਲਾਂ ਨਿਊਜ਼ੀਲੈਂਡ ਵਿੱਚ ਆਇਆ ਸੀ। ਦੋਸ਼ੀ ਕਾਹੀ ਨੇ ਆਪਣੇ 7 ਸਾਲ ਦੇ ਬੇਟੇ ਨੂੰ ਲਿਨਵੁੱਡ ਪਾਰਕ ਵਿਚ ਇਕੱਲੇ ਛੱਡ ਦਿੱਤਾ ਸੀ ਤਾਂ ਕਿ ਉਹ ਬੇਟੇ ਦੇ ਘਰ ਜਾਣ ਤੋਂ ਇਨਕਾਰ ਕਰਨ ਤੋਂ ਉਸਨੂੰ ਸਬਕ ਸਿਖਾ ਸਕੇ। ਜਦੋਂ ਕਾਹੀ ਵਾਪਸ ਆਇਆ, ਤਾਂ ਉਸਨੇ ਇੱਕ ਅਣਪਛਾਤੇ ਵਿਅਕਤੀ, ਜਿਸਦੀ ਬਾਅਦ ਵਿੱਚ ਮੇਵਾ ਸਿੰਘ ਵਜੋਂ ਪਛਾਣ ਕੀਤੀ ਗਈ, ਇੱਕ ਬੱਸ ਸਟਾਪ ਦੇ ਨੇੜੇ ਆਪਣੇ ਪੁੱਤਰ ਦਾ ਹੱਥ ਫੜਿਆ ਹੋਇਆ ਵੇਖਿਆ ਅਤੇ ਨਰਾਜ਼ ਹੋ ਗਿਆ। ਕਹੀ ਨੇ ਚੀਕਿਆ ਇਹ ਮੇਰਾ ਮੁੰਡਾ ਹੈ, ਉਸ ਆਦਮੀ ਨੂੰ ਕਿਹਾ ਕਿ ਉਹ ਆਪਣੇ ਪੁੱਤਰ ਤੋਂ ਆਪਣਾ ਹੱਥ ਖੋਹ ਲਵੇ ਅਤੇ ਉਸ ਆਦਮੀ ਨੂੰ ਧੱਕਾ ਦੇ ਦਿੱਤਾ, ਸੰਖੇਪ ਵਿੱਚ ਕਿਹਾ ਗਿਆ ਹੈ। ਕਾਹੀ ਫਿਰ ਆਪਣੇ ਬੇਟੇ ਨੂੰ ਆਪਣੇ ਸਾਬਕਾ ਸਾਥੀ ਦੇ ਘਰ ਲੈ ਗਿਆ, ਜਿੱਥੇ ਉਸਦੇ ਪੁੱਤਰ ਨੇ ਉਸਨੂੰ ਦੱਸਿਆ ਕਿ ਉਹ ਵਿਅਕਤੀ ਉਸਨੂੰ ਡੈਡੀ ਦੀ ਕਾਰ ਤੱਕ ਲੈ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਾਹੀ ਵਾਪਸ ਲਿਨਵੁੱਡ ਪਾਰਕ ਗਿਆ ਅਤੇ ਸਿੰਘ ਉਤੇ ਦੁਬਾਰਾ ਹਮਲਾ ਕੀਤਾ, ਉਸ 'ਤੇ ਆਪਣੇ ਪੁੱਤਰ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। ਉਸਨੇ ਮੇਵਾ ਸਿੰਘ ਨੂੰ ਧੱਕਾ ਮਾਰਿਆ ਅਤੇ ਉਸਦੇ ਜਬਾੜੇ ਵਿੱਚ ਹੇਮੇਕਰ ਸਟਾਈਲ ਪੰਚ ਦਿੱਤਾ, ਅਤੇ ਮੇਵਾ ਸਿੰਘ ਡਿੱਗ ਪਿਆ ਅਤੇ ਫੁੱਟਪਾਥ 'ਤੇ ਉਸਦਾ ਸਿਰ ਫੁੱਟ ਗਿਆ। ਮੇਵਾ ਸਿੰਘ ਦੀ ਖੋਪੜੀ ਵਿੱਚ ਫਰੈਕਚਰ ਅਤੇ ਅੰਦਰੂਨੀ ਖੂਨ ਵਹਿ ਗਿਆ ਅਤੇ ਦੋ ਦਿਨ ਬਾਅਦ ਕ੍ਰਾਈਸਟਚਰਚ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ। ਕਾਹੀ ਦੇ ਵਕੀਲ ਐਂਸੇਲਮ ਵਿਲੀਅਮਜ਼ ਨੇ ਕਿਹਾ ਕਿ ਉਸ ਦੇ ਮੁਵੱਕਿਲ ਨੂੰ ਬਹੁਤ ਪਛਤਾਵਾ ਸੀ। "ਉਸਨੇ ਸਵੀਕਾਰ ਕਰ ਲਿਆ ਹੈ ਕਿ ਉਸਦੇ ਹਮਲਾ ਕਾਰਨ ਇੱਕ ਵਿਅਕਤੀ ਦੀ ਮੌਤ ਹੋਈ ਹੈ। ਵਿਲੀਅਮਜ਼ ਨੇ ਕਿਹਾ ਕਿ ਇਹ ਪਹਿਲਾਂ ਤੋਂ ਸੋਚਿਆ ਗਿਆ ਹਮਲਾ ਨਹੀਂ ਸੀ ਅਤੇ ਕਾਹੀ ਨੇ ਬੇਚੈਨੀ ਨਾਲ ਇਹ ਕੰਮ ਕੀਤਾ। ਵਿਲੀਅਮਜ਼ ਨੇ ਕਿਹਾ ਕਿ ਕਾਹੀ ਲਗਭਗ 16 ਮਹੀਨਿਆਂ ਤੋਂ ਇਲੈਕਟਰਾਨਿਕ ਜ਼ਮਾਨਤ 'ਤੇ ਸੀ ਅਤੇ ਉਸ ਸਮੇਂ ਦੌਰਾਨ ਉਸ ਦੇ ਮਾਨਸਿਕ ਸਿਹਤ ਦੇ ਇਲਾਜ ਅਤੇ ਹਿੰਸਾ ਦੀ ਰੋਕਥਾਮ ਪ੍ਰੋਗਰਾਮ ਨਾਲ ਜੁੜਿਆ ਹੋਇਆ ਸੀ। ਜਸਟਿਸ ਮੇਲਾਨੀ ਹਾਰਲੈਂਡ ਨੇ ਕਾਹੀ ਨੂੰ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਹ ਇਸ ਸਥਿਤੀ ਵਿੱਚ ਹਮਲਾਵਰ ਸੀ। ਜੱਜ ਨੇ ਕਿਹਾ ਕਿ ਮੇਵਾ ਸਿੰਘ ਨੇ ਦਿਆਲਤਾ ਦਿਖਾਉਣ ਤੋਂ ਇਲਾਵਾ ਕੁਝ ਵੀ ਨਹੀਂ ਕੀਤਾ ਹੈ। ਉਹ ਵਿਅਕਤੀ ਸਿਰਫ਼ ਇੱਕ ਛੋਟੇ ਲੜਕੇ, ਤੁਹਾਡੇ ਪੁੱਤਰ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਨੂੰ ਤੁਹਾਡੇ ਦੁਆਰਾ ਪਾਰਕ ਵਿੱਚ ਛੱਡ ਦਿੱਤਾ ਗਿਆ ਸੀ, ''ਉਸਨੇ ਕਿਹਾ। ਅੰਤ ਜਸਟਿਸ ਹਰਲੈਂਡ ਨੇ ਕਾਹੀ ਨੂੰ ਦੋ ਸਾਲ ਦੀ ਸਜ਼ਾ ਸੁਣਾਈ।



# ਭਾਰਤ ਸਰਕਾਰ ਦੀ ਜੈਪੁਰ ਯੂਨੀਵਰਸਿਟੀ 'ਚ ਦਸ ਰੋਜਾ ਕੈਂਪ ਦੌਰਾਨ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀ ਦੀ ਚੋਣ ਹੋਈ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਵਿਵੇਕਾਨੰਦ ਗਲੋਬਲ ਯੂਨੀਵਰਸਿਟੀ ਜੈਪੁਰ, ਰਾਜਸਥਾਨ ਵਿਖੇ ਭਾਰਤ ਸਰਕਾਰ ਵੱਲੋਂ ਦਸ ਰੋਜ਼ਾ ਪ੍ਰੀ. ਆਰ. ਡੀ ਨੈਸ਼ਨਲ ਕੈਂਪ ਆਯੋਜਿਤ ਕੀਤਾ ਗਿਆ ਹੈ। ਜਿਸ ਵਿਚ ਸਿੱਖ ਨੈਸ਼ਨਲ ਕਾਲਜ, ਬੰਗਾ ਦੇ ਹੋਣਹਾਰ ਵਿਦਿਆਰਥੀ ਗੁਰਪ੍ਰੀਤ ਸਿੰਘ ਐਮ. ਏ. ਪੰਜਾਬੀ ਦੀ ਚੋਣ ਹੋਣਾ ਕਾਲਜ ਲਈ ਮਾਣ ਵਾਲੀ ਗੱਲ ਹੈ। ਇਸ ਬਾਬਤ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਜਿਥੇ ਵਿਦਿਆਰਥੀ ਗੁਰਪ੍ਰੀਤ ਸਿੰਘ ਨੂੰ ਉਸਦੇ ਸੁਨਹਿਰੇ ਭਵਿੱਖ ਅਤੇ ਸਖ਼ਸ਼ੀਅਤ ਦੇ ਸਰਬਪੱਖੀ ਵਿਕਾਸ ਲਈ ਦਿਲੀ ਮੁਬਾਰਕਬਾਦ ਦਿੱਤੀ ਅਤੇ ਇਹ ਜਾਣਕਾਰੀ ਮੁਹੱਈਆ ਕਰਵਾਈ ਕਿ ਇਸ ਕੈਂਪ ਵਿਚ ਪੂਰੇ ਭਾਰਤ ਵਿਚੋਂ ਵਿਦਿਆਰਥੀ ਹਿੱਸਾ ਲੈ ਰਹੇ ਹਨ। ਗੁਰਪ੍ਰੀਤ ਸਿੰਘ ਉੱਤਰੀ ਭਾਰਤ ਦੇ ਵਿਦਿਆਰਥੀ ਵਜੋਂ ਹਿੱਸਾ ਲੈ ਰਿਹਾ ਹੈ। ਇਸ ਮੌਕੇ ਉਹਨਾਂ ਨੇ ਐਨ. ਐਸ. ਐਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ ਨੂੰ ਵਧਾਈ ਦਿੰਦਿਆਂ ਭਵਿੱਖ ਵਿਚ ਅਜਿਹੇ ਹੋਰ ਕਾਰਜਾਂ ਵਿੱਚ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਹੌਂਸਲਾ ਅਫਜਾਈ ਕਰਨ ਲਈ ਪ੍ਰੇਰਿਤ ਕੀਤਾ।




# ਆਇਓਡੀਨ ਮਨੁੱਖੀ ਸਰੀਰ ਲਈ ਬਹੁਤ ਜਰੂਰੀ ਤੱਤ ਹੈ - ਡਾ ਸੀਮਾ ਗਰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਆਇਓਡੀਨ ਦੀ ਘਾਟ ਕਾਰਨ ਮਨੁੱਖੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਸਿਹਤ ਵਿਭਾਗ ਵੱਲੋ ਅੱਜ ਪੀਡੀ ਆਰਿਆ ਸੀਨੀਅਰ ਸੈਕੰਡਰੀ ਸਕੂਲ ਬਹਾਦਰ ਪੁਰ ਵਿਖੇ ਗਲੋਬਲ ਆਇ ਡੀਨ ਡੈਫੀਸ਼ੈਂਸੀ ਡਿਸਆਡਰ ਪ੍ਰੀਵੇਂਸ਼ਨ ਡੇਅ ਦੇ ਸਬੰਧ ਵਿੱਚ ਸੈਮੀਨਾਰ ਕਰਵਾਇਆ ਗਿਆ। ਪ੍ਰਿੰਸੀਪਲ ਮਿਸ ਟਿਮਾਟਿਨੀ ਆਹਲੂ-ਵਾਲੀਆ ਦੇ ਸਹਿਯੋਗ ਨਾਲ ਕੀਤੇ ਗਏ ਇਸ ਸੈਮੀਨਾਰ ਵਿੱਚ ਸਿਹਤ ਵਿਭਾਗ ਵੱਲੋਂ ਜਿਲਾ ਟੀਕਾਕਰਨ ਅਫਸਰ ਡਾ ਸੀਮਾ ਗਰਗ, ਡਿਪਟੀ ਮਾਸ ਮੀਡੀਆ ਅਫਸਰ ਡਾ ਤ੍ਰਿਪਤਾ ਦੇਵੀ ਅਤੇ ਡਿਪਟੀ ਮਾਸ ਮਿਡਿਆ ਅਫਸਰ ਰਮਨਦੀਪ ਕੌਰ ਨੇ ਸ਼ਾਮਿਲ ਹੋ ਕੇ ਵਿਦਿਆਰਥਣਾਂ ਨਾਲ ਆਇਓਡੀਨ ਦੀ ਘਾਟ ਕਾਰਨ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਅਤੇ ਇਸਦੇ ਨਿਦਾਨ ਬਾਰੇ ਜਾਣਕਾਰੀ ਸਾਂਝੀ ਕੀਤੀ। ਸੈਮੀਨਾਰ ਨੂੰ ਸੰਬੋਧਨ ਕਰਦਿਆ ਜ਼ਿਲਾ ਟੀਕਾਕਰਨ ਅਫਸਰ ਡਾ ਸੀਮਾ ਗਰਗ ਨੇ ਦੱਸਿਆ ਕਿ ਆਇਓਡੀਨ ਇਕ ਅਜਿਹਾ ਤੱਤ ਹੈ ਜੋ ਮਨੁੱਖੀ ਸਰੀਰ ਲਈ ਬਹੁਤ ਜਰੂਰੀ ਹੈ, ਜੇਕਰ ਇਸ ਦੀ ਕਮੀ ਸਰੀਰ ਵਿੱਚ ਆ ਜਾਵੇ ਤਾਂ ਮਾਨਸਿਕ ਅਤੇ ਸਰੀਰਕ ਵਿਕਾਸ ਹਮੇਸ਼ਾ ਲਈ ਰੁੱਕ ਜਾਂਦਾ ਹੈ। ਆਇਓਡੀਨ ਦੀ ਘਾਟ ਨਾਲ ਸਰੀਰ ਵਿੱਚ ਗਿਲੱੜ ਰੋਗ, ਬੋਲਾਪਨ, ਅੱਖਾਂ ਦਾ ਟੇਡਾਪਨ, ਅਤੇ ਗਰਭਵਤੀ ਮਾਵਾਂ ਦੇ ਬੱਚੇ ਮੰਦ ਬੁੱਧੀ ਤੇ ਸਰੀਰਕ ਤੌਰ ਕਮਜੋਰ ਪੈਦਾ ਹੋ ਸਕਦੇ ਹਨ । ਇਸ ਲਈ ਬੱਚਿਆ ਦੇ ਸਰੀਰਕ ਵਾਧੇ, ਦਿਮਾਗ ਦੇ ਵਿਕਾਸ ਲਈ ਅਤੇ ਗਰਭਵਤੀ ਅਵਸਥਾਂ ਵਿੱਚ ਬੱਚੇ ਦੇ ਵਿਕਾਸ ਲਈ ਆਇਓਡੀਨ ਯੁਕਤ ਲੂਣ ਹੀ ਵਰਤਣਾ ਚਹੀਦਾ ਹੈ। ਉਨ੍ਹਾਂ ਨੇ ਦੱਸਿਆ ਕਿ ਗਰਭਵਤੀ ਔਰਤਾਂ ਦਾ ਗਰਭ ਦੇ ਸੁਰੂਆਤੀ ਸਮੇਂ ਵਿੱਚ ਹੀ ਥਾਇਰਾਇਡ ਦਾ ਟੈਸਟ ਕਰਵਾਉਣਾ ਲਾਜਮੀ ਹੈ ਤਾਂ ਕਿ ਸਮਾਂ ਰਹਿੰਦਿਆਂ ਹੀ ਇਸ ਦਾ ਇਲਾਜ ਕੀਤਾ ਜਾ ਸਕੇ।

ਡਿਪਟੀ ਮਾਸ ਮੀਡੀਆ ਅਫਸਰ ਡਾ ਤ੍ਰਿਪਤਾ ਦੇਵੀ ਨੇ ਦੱਸਿਆ ਕਿ ਸਾਨੂੰ ਰੋਜਾਨਾ 150 ਮਾਇਕਰੋਗ੍ਰਾਮ ਆਇਓਡੀਨ ਦੀ ਜਰੂਰਤ ਹੁੰਦੀ ਹੈ ਅਤੇ ਗਰਭਵਾਤੀ ਮਾਵਾਂ ਨੂੰ ਇਸ ਦੀ ਮਾਤਰਾ 200 ਮਾਈਕਰੋਗ੍ਰਾਮ ਤੱਕ ਰੋਜਾਨਾ ਦੀ ਜਰੂਰਤ ਹੁੰਦੀ ਹੈ ਜੋ ਕਿ ਸਾਨੂੰ ਆਇਓਡੀਨ ਯੁਕਤ ਨਮਕ ਦੇ ਰਾਂਹੀ ਪ੍ਰਾਪਤ ਹੋ ਜਾਂਦੀ ਹੈ।

ਉਹਨਾਂ ਦੱਸਿਆ ਕਿ ਨਮਕ ਨੂੰ ਹਮੇਸ਼ਾਂ ਹਵਾ ਬੰਦ ਡੱਬੇ ਵਿੱਚ ਪਾ ਕੇ ਰੱਖਣਾ ਚਾਹੀਦਾ ਹੈ ਅਤੇ ਧੁੱਪ ਅਤੇ ਸਿੱਲ ਵਾਲੀ ਜਗਾ ਤੇ ਨਹੀਂ ਰੱਖਣਾ ਚਾਹੀਦਾ ਹੈ ਅਤੇ ਆਇਓਡੀਨ ਯੁਕਤ ਲੂਣ ਦੀ ਵਰਤੋਂ 6 ਮਹੀਨੇ ਦੇ ਅੰਦਰ-2 ਕਰ ਲੈਣੀ ਚਾਹੀਦੀ ਹੈ। ਉਹਨਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਮੇਂ-2 ਤੇ ਫੀਲਡ ਵਰਕਰਾਂ ਰਾਂਹੀ ਘਰਾਂ ਵਿੱਚੋਂ ਨਮਕ ਦੇ ਨਮੂਨੇ ਇੱਕਠੇ ਕਰਕੇ ਜਾਂਚ ਕੀਤੀ ਜਾਂਦੀ ਹੈ ਤਾਂ ਕਿ ਪੱਤਾ ਲੱਗ ਸਕੇ ਕਿ ਜਿਹੜਾ ਨਮਕ ਅਸੀ ਖਾਂਦੇ ਹਾਂ ਉਹ ਸਾਡੀ ਆਇਓਡੀਨ ਦੀ ਰੋਜਾਨਾ ਦੀ ਲੋੜ ਨੂੰ ਪੂਰਾ ਕਰਦਾ ਹੈ ਜਾਂ ਨਹੀਂ।



# ਪਿੰਡ ਗੰਡਵਾ ਦੇ ਨੌਜਵਾਨ ਆਗੂ ਤੇ ਸਮਾਜ ਸੇਵਕ ਮਨਜੀਤ ਮਾਨ ਦੇ ਸਿਰ ਸਜਿਆ ਸਰਪੰਚੀ ਦਾ ਤਾਜ

**ਫਗਵਾੜਾ (ਬੀ.ਕੇ. ਰੱਤੂ)** ਬਲਾਕ ਫਗਵਾੜਾ ਦੇ ਪਿੰਡ ਗੰਡਵਾ ਵਿਖੇ ਹੋਈਆਂ ਪੰਚਾਇਤੀ ਚੋਣਾਂ ਵਿਚ 34 ਸਾਲ ਦੇ ਨੌਜਵਾਨ ਆਗੂ ਮਨਜੀਤ ਮਾਨ ਦੇ ਸਿਰ ਵੋਟਰਾਂ ਵਲੋਂ ਸਰਪੰਚੀ ਦਾ ਤਾਜ ਸਜਾਇਆ ਗਿਆ ਹੈ। ਜੋ ਕਿ ਧਾਰਮਿਕ, ਸਮਾਜਿਕ ਅਤੇ ਸਿਆਸੀ ਹਲਕਿਆਂ 'ਚ ਸਰਗਰਮ ਹੋਣ ਦੇ ਨਾਲ ਹੀ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਲਈ ਹਮੇਸ਼ਾ ਤੱਤਪਰ ਰਹਿੰਦਾ ਹੈ। ਨਵ ਨਿਯੁਕਤ ਸਰਪੰਚ ਮਨਜੀਤ ਮਾਨ ਨੂੰ ਰਿਟਰਨਿੰਗ ਅਫਸਰ ਰਜਿੰਦਰ ਕੁਮਾਰ ਵਲੋਂ ਸਰਟੀਫਿਕੇਟ ਭੇਂਟ ਕੀਤਾ ਗਿਆ। ਜਿਸ ਉਪਰੰਤ ਉਹਨਾਂ ਨੇ ਪੰਚਾਇਤ ਮੈਂਬਰਾਂ ਹਰਵਿੰਦਰ ਕੁਮਾਰ, ਰਾਜ ਰਾਣੀ, ਦਰਸ਼ਨਾ ਰਾਣੀ ਅਤੇ ਰਾਣੀ ਪੰਚ ਸਮੇਤ ਵੱਖ-ਵੱਖ ਧਾਰਮਿਕ ਅਸਥਾਨਾ 'ਤੇ ਨਤਮਸਤਕ ਹੋ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।



# ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਸਾਹਿਤ ਤੇ ਸੱਭਿਆਚਾਰ ਨਾਲ ਜੋੜਿਆ ਜਾਵੇ- ਬਲਜਿੰਦਰ ਮਾਨ

**ਰਾਜਪੁਰਾ (ਮਾਨ)** ਬਾਲ ਸਾਹਿਤ ਨਾਲ ਵਿਦਿਆਰਥੀਆਂ ਦੀ ਸਾਂਝ ਵਧਾਉਣ ਲਈ ਅਧਿਆਪਕ ਵਰਗ ਨੂੰ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ। ਇਸੇ ਲੜੀ ਤਹਿਤ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਬਾਲ ਰਸਾਲਾ 'ਨਿੱਕੀਆਂ ਕਰੂੰਬਲਾਂ' ਦੇ ਸੰਪਾਦਕ ਬਲਜਿੰਦਰ ਮਾਨ ਉਚੇਚੇ ਤੌਰ 'ਤੇ ਰਾਜਪੁਰਾ ਸਰਕਾਰੀ ਹਾਈ ਸਕੂਲ ਪਹੁੰਚੇ ਅਤੇ ਬਾਲ ਸਾਹਿਤ ਵਿੱਚ ਰੁਚੀ ਰੱਖਣ ਵਾਲੇ ਅਧਿਆਪਕਾਂ ਨਾਲ ਗੱਲਬਾਤ ਕੀਤੀ। ਉਹਨਾਂ ਨੇ ਵੱਖ-ਵੱਖ ਸਕੂਲਾਂ ਨੂੰ 'ਨਿੱਕੀਆਂ ਕਰੂੰਬਲਾਂ' ਦੀਆਂ ਕਾਪੀਆਂ ਭੇਂਟ ਕਰਦਿਆਂ ਬਾਲ ਰਸਾਲੇ ਵਿੱਚ ਮੌਲਿਕ ਰਚਨਾਵਾਂ ਵੀ ਪ੍ਰਕਾਸ਼ਿਤ ਕਰਵਾਉਣ ਦੀ ਅਪੀਲ ਵੀ ਕੀਤੀ। ਬਲਜਿੰਦਰ ਮਾਨ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਅਥਾਹ ਹੁਨਰ ਭਰਿਆ ਪਿਆ ਹੈ ਅਤੇ ਇਸ ਨੂੰ ਸਾਹਿਤ ਅਤੇ ਸੱਭਿਆਚਾਰ ਨਾਲ ਇੱਕ-ਮਿੱਕ ਕਰਨ ਦੀ ਜ਼ਰੂਰਤ ਹੈ। ਉਹਨਾਂ ਵਿਦਿਆਰਥੀਆਂ ਨੂੰ ਪੁਸਤਕਾਂ ਅਤੇ ਬਾਲ ਰਸਾਲੇ ਪੜ੍ਹਨ ਲਈ ਪ੍ਰੇਰਿਤ ਕੀਤਾ। ਉਹਨਾਂ ਅੱਗੇ ਕਿਹਾ ਕਿ ਜਿਹੜੇ ਵਿਦਿਆਰਥੀ ਨਰੋਆ ਸਾਹਿਤ ਪੜ੍ਹਦੇ ਹਨ ਉਹ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਪ੍ਰਾਪਤ ਕਰਦੇ ਹਨ। ਰਾਜਪੁਰਾ ਵਿੱਚ ਬਲਜਿੰਦਰ ਮਾਨ ਦਾ ਸਵਾਗਤ ਰਾਜਿੰਦਰ ਸਿੰਘ ਚਾਨੀ ਸਮੇਤ ਸਕੂਲ ਸਟਾਫ ਵੱਲੋਂ ਕੀਤਾ ਗਿਆ। ਹਾਜ਼ਰੀਨ ਅਧਿਆਪਕਾਂ ਅਤੇ ਸੱਜਣਾਂ ਨੇ ਸ੍ਰੀ ਮਾਨ ਵੱਲੋਂ ਮਿਲੇ ਸੁਝਾਵਾਂ ਨੂੰ ਦਿਲੋਂ ਅਪਣਾਉਣ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਲਾਗੂ ਕਰਨ ਦੀ ਹਾਮੀ ਭਰੀ। ਇਸ ਮੌਕੇ ਰਾਜਿੰਦਰ ਸਿੰਘ ਚਾਨੀ ਨੇ ਬਲਜਿੰਦਰ ਮਾਨ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦਾ ਉਲੇਖ ਕਰਦਿਆਂ ਆਖਿਆ ਕਿ ਉਹਨਾਂ ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਬਾਲ ਰਸਾਲਾ ਨਿੱਕੀਆਂ ਕਰੂੰਬਲਾਂ ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਹੋ ਚੁੱਕਾ ਹੈ। ਰਜਿੰਦਰ ਸਿੰਘ ਚਾਨੀ ਦੇ ਯਤਨਾਂ ਦੁਆਰਾ ਰਚਾਏ ਇਸ ਤੋਂ ਸੰਵਾਦ ਦੀ ਪਤਵੰਤਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਉਹਨਾਂ ਇਸ ਗੱਲ ਤੇ ਮਾਣ ਮਹਿਸੂਸ ਕੀਤਾ ਕਿ ਬਾਲ ਰੀਝਾਂ ਦੀ ਪੂਰਤੀ ਕਰਨ ਵਾਲਾ ਪੰਜਾਬੀ ਵਿੱਚ 1995 ਤੋਂ ਨਿਰੰਤਰ ਛਪਣ ਵਾਲਾ ਇਹ ਇੱਕੋ ਇੱਕ ਰਸਾਲਾ ਹੈ।ਬਲਜਿੰਦਰ ਮਾਨ ਵੱਲੋਂ ਆਪਣੀਆਂ ਕਿਤਾਬਾਂ ਅਤੇ ਰਸਾਲੇ ਸਕੂਲ ਕੈਰੀਅਰ ਗਾਈਡੈਂਸ ਅਤੇ ਕਾਉਂਸਲਿੰਗ ਵਿੰਗ ਲਈ ਦਿੱਤੇ ਗਏ। ਇਸ ਮੌਕੇ ਉਹਨਾਂ ਨਾਲ ਹਰਵੀਰ ਮਾਨ ਸੰਪਾਦਕ ਕਰੂੰਬਲਾਂ ਨਿਊਜ਼ , ਜਸਵੀਰ ਸਿੱਧੂ ਸੰਪਾਦਕ ਨਵੀਆਂ ਕਲਮਾਂ ਨਵੀਂ ਉਡਾਨ, ਨਵਦੀਪ ਚਾਨੀ, ਅਮਰਜੀਤ ਸਿੰਘ, ਰਜਿੰਦਰ ਸਿੰਘ, ਜਸਵੀਰ ਕੌਰ, ਭੁਪਿੰਦਰ ਸਿੰਘ, ਮੇਜਰ ਸਿੰਘ ਅਤੇ ਹੋਰ ਸੱਜਣ ਵੀ ਮੌਜੂਦ ਸਨ।



# ਅਕਾਲੀ ਦਲ ਦੇ ਚੁਣੇ ਗਏ ਸਰਪੰਚਾਂ-ਪੰਚਾਂ ਨੇ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਕੀਤਾ ਵਾਹਿਗੁਰੂ ਦਾ ਸ਼ੁਕਰਾਨਾ



**ਫਗਵਾੜਾ (ਬੀ.ਕੇ. ਰੱਤੂ)** ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਸ਼ਹਿਰੀ ਇੰਚਾਰਜ ਸ. ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਸ। ਰਾਜਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਦੇ ਪਾਰਟੀ ਨਾਲ ਸਬੰਧਤ ਸਰਪੰਚਾਂ ਅਤੇ ਪੰਚਾਇਤ ਮੈਂਬਰਾਂ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਸਬੰਧੀ ਧਾਰਮਿਕ ਸਮਾਗਮ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਮੋਕੇ ਸਟੇਜ ਸਕੱਤਰ ਦੀ ਸੇਵਾ ਸਤਵਿੰਦਰ ਸਿੰਘ ਘੁੰਮਣ ਨੇ ਨਿਭਾਈ ਇਸ ਮੋਕੇ ਸਰੂਪ ਸਿੰਘ ਖਲਵਾੜਾ, ਬੀਬੀ ਸਰਬਜੀਤ ਕੋਰ, ਹਰਵਿੰਦਰ ਸਿੰਘ ਵਾਲੀਆਂ, ਅਵਤਾਰ ਸਿੰਘ ਭੁੰਗਰਨੀ, ਪਤਵਿੰਦਰ ਸਿੰਘ ਛਾਬੜਾ, ਬਲਜਿੰਦਰ ਸਿੰਘ ਠੇਕੇਦਾਰ, ਕੁਲਵਿੰਦਰ ਸਿੰਘ ਕਿੰਦਾ , ਬਹਾਦਰ ਸਿੰਘ ਸੰਗਤਪੁਰ, ਬਲਵੀਰ ਸਿੰਘ ਗੰਡਮ, ਗੁਰਦਿਆਂਲ ਸਿੰਘ ਲੱਖਪੁਰ, ਨੇ ਅਪਣੇ ਸੰਬੋਧਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੀਤੇ ਵਿਕਾਸ ਦੇ ਕੰਮਾ ਨੂੰ ਲੋਕ ਅੱਜ ਯਾਦ ਕਰ ਰਹੇ ਹਨ।

# ਗਦਰੀ ਬਾਬਿਆਂ ਦਾ ਮੇਲਾ 7-8-9-ਨਵੰਬਰ 2024 ਨੂੰ

**ਜਲੰਧਰ (ਵਿਵੇਕ ਭਾਟੀਆ)–** ਗਦਰੀ ਬਾਬਿਆਂ ਦਾ ਮੇਲਾ 7-8-9-ਨਵੰਬਰ 2024 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਲੱਗ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ 7 ਨਵੰਬਰ ਸ਼ਾਮ ਨੂੰ ਪੁਸਤਕ ਸਟਾਲਾਂ ਪ੍ਰਤੀ ਵਿਚਾਰ ਚਰਚਾ ਹੋਵੇਗੀ ਅਤੇ 8 ਨਵੰਬਰ ਨੂੰ ਦਿਨ ਦੇ ਸਮੇਂ ਕੁਇਜ਼, ਭਾਸ਼ਨ, ਪੇਂਟਿੰਗ ਤੇ ਗਾਇਨ ਮੁਕਾਬਲੇ ਹੋਣਗੇ। ਸ਼ਾਮ ਨੂੰ ਫਿਲਮ ਵੀ ਦਿਖਾਈ ਜਾਵੇਗੀ ਅਤੇ ਮੁੱਖ ਮਹਿਮਾਨ ਵਿਚਾਰ ਵੀ ਰੱਖਣਗੇ।ਵੱਡੇ ਮੇਲੇ ਵਾਲੇ ਦਿਨ 9 ਨਵੰਬਰ ਨੂੰ ਸਵੇਰੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਹਰਦੇਵ ਸਿੰਘ ਅਰਸ਼ੀ ਸਾਬਕਾ ਐਮ ਐਲ ਏ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਤੋਂ ਬਾਅਦ ਜਨਰਲ ਸਕੱਤਰ ਆਏ ਹੋਏ ਸਰੋਤਿਆਂ ਨੂੰ ਜੀ ਆਇਆਂ ਕਹਿਣਗੇ। ਹਰਦੇਵ ਸਿੰਘ ਅਰਸ਼ੀ ਦੇ ਭਾਸ਼ਨ ਤੋਂ ਬਾਅਦ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਧੰਨਵਾਦ ਵੀ ਕਰਨਗੇ ਅਤੇ ਆਪਣੇ ਵਿਚਾਰ ਵੀ ਪੇਸ਼ ਕਰਨਗੇ। ਇਸ ਸਟੇਜ ਦੇ ਸੰਚਾਲਕ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਹੋਣਗੇ। ਸਾਰਾ ਦਿਨ ਗੀਤ ਸੰਗੀਤ ਚੱਲੇਗਾ ਅਤੇ ਮੁੱਖ ਵਕਤਾ ਆਪਣੇ ਵੀ ਰੱਖਣਗੇ।

ਇਸ ਸਟੇਜ ਨੂੰ ਕਮੇਟੀ ਦੇ ਟਰੱਸਟੀ ਹਰਵਿੰਦਰ ਸਿੰਘ ਭੰਡਾਲ ਚਲਾਉਣਗੇ। ਸਾਰੀ ਰਾਤ ਨਾਟਕ ਮੇਲਾ ਹੋਵੇਗਾ ਰਾਤ ਵਾਲੀ ਸਟੇਜ ਵੀ ਅਮੋਲਕ ਚਲਾਏਗਾ। ਮਾੜੀਮੇਘਾ ਨੇ ਦੱਸਿਆ ਕਿ ਮੇਲੇ ਦੇ ਲੰਗਰ ਤੇ ਬਾਕੀ ਪ੍ਰਬੰਧਾਂ ਵਾਸਤੇ ਲਗਾਤਾਰ ਆਰਥਿਕ ਮਦਦ ਆ ਰਹੀ ਹੈ। ਅੱਜ ਸੀ ਪੀ ਆਈ ਐਮ ਵੱਲੋਂ ਜਾਗਰਣ ਦੇ ਪੱਤਰਕਾਰ ਮਹਿੰਦਰ ਰਾਮ ਫੁਗਲਾਣਾ ਅਤੇ ਉਘੇ ਦੇਸ਼ ਭਗਤ ਭਾਈ ਛਾਂਗਾ ਬੱਬਰ ਦੇ ਪ੍ਰਵਾਰ ਵੱਲੋਂ ਐਡਵੋਕੇਟ ਕੇ ਜਤਿੰਦਰ ਆਰਥਿਕ ਮਦਦ ਦੇ ਕੇ ਗਈ। ਕਮੇਟੀ ਧੰਨਵਾਦੀ ਹੈ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਦੀ ਧਰਮਪਤਨੀ ਸ੍ਰੀਮਤੀ ਉਰਮਿਲਾ ਦੇਵੀ ਨੇ ਜੇਤੂ ਸਰਪੰਚਾਂ ਅਤੇ ਪੰਚਾਂ ਦਾ ਮੂੰਹ ਮਿੱਠਾ ਕਰਵਾ ਕੇ ਦਿੱਤੀਆਂ ਵਧਾਈਆਂ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)–** ਵਿਧਾਨ ਸਭਾ ਹਲਕਾ ਭੋਆ ਦੀਆਂ ਵੱਖ ਵੱਖ ਪਿੰਡਾਂ ਵਿੱਚੋਂ ਆਮ ਆਦਮੀ ਪਾਰਟੀਆਂ ਦੀਆਂ ਜੇਤੂ ਪੰਚਾਇਤਾਂ ਪਿੰਡ ਕਟਾਰੂਚੱਕ ਵਿਖੇ ਪਹੁੰਚੀਆਂ। ਜਿੱਥੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਦੀ ਧਰਮਪਤਨੀ ਸ੍ਰੀਮਤੀ ਉਰਮਿਲਾ ਦੇਵੀ ਵੱਲੋਂ ਨਵੀਂਆਂ ਬਣਾਈਆਂ ਗਈਆਂ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ।

ਜਿਕਰਯੋਗ ਹੈ ਕਿ ਪਿੰਡ ਕਟਾਰੂਚੱਕ ਵਿਖੇ ਸ੍ਰੀਮਤੀ ਉਰਮਿਲਾ ਦੇਵੀ ਵੀ ਇਸ ਵਾਰ ਫਿਰ ਤੋਂ ਪਿੰਡ ਕਟਾਰੂਚੱਕ ਦੀ ਸਰਪੰਚ ਬਣੇ ਹਨ ਅਤੇ ਹੁਣ ਤੱਕ ਇੱਕ ਵਾਰ ਸ੍ਰੀ ਲਾਲ ਚੰਦ ਕਟ-ਾਰੂਚੱਕ ਜੀ ਅਤੇ 5 ਵਾਰ ਸ੍ਰੀਮਤੀ ਉਰਮਿਲਾ ਦੇਵੀ ਪਿੰਡ ਦੀ ਸਰਪੰਚ ਰਹਿ ਕੇ ਲੋਕ ਹਿੱਤਾਂ ਦੇ ਕੰਮ ਕੀਤੇ ਹਨ। ਅੱਜ ਪਿੰਡ ਕਟਾਰੂਚੱਕ ਵਿਖੇ ਪਿੰਡ ਕਿੱਲਪੁਰ ਜਿੱਥੇ ਸਾਮਲੀ ਦੇਵੀ ਸਰਪੰਚ ਚੁਣੀ ਗਈ ਹੈ ਅਤੇ ਪਿੰਡ ਭੋਆ ਦੇ ਸਰਪੰਚ ਸੁਨੀਲ ਦੱਤ ਦੀ ਸਰਪੰਚ ਵੱਜੋਂ ਚੋਣ ਕੀਤੀ ਗਈ ਹੈ। ਸ੍ਰੀਮਤੀ ਉਰਮਿਲਾ ਦੇਵੀ ਵੱਲੋਂ ਨਵਨਿਯੁਕਤ ਸਰਪੰਚ ਅਤੇ ਪੰਚਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਅਤੇ ਮੂੰਹ ਮਿੱਠਾ ਕਰਵਾ ਕੇ ਸੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਤੇ ਸੰਬੋਧਤ ਕਰਦਿਆਂ ਸ੍ਰੀਮਤੀ ਉਰਮਿਲਾ ਦੇਵੀ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਆਮ ਆਦਮੀ ਪਾਰਟੀ ਦੇ ਸਰਪੰਚਾਂ ਦੀ ਚੋਣ ਕਰਕੇ ਲੋਕਾਂ ਵੱਲੋਂ ਸੱਚ ਦੀ ਆਵਾਜ ਦਾ ਸਾਥ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਨਵਨਿਯੁਕਤ ਸਰਪੰਚਾਂ ਅਤੇ ਪੰਚਾਇਤ ਮੈਂਬਰਾਂ ਨੂੰ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ, ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਅਪਣੇ ਵੱਲੋਂ ਵਧਾਈ ਦਿੰਦੇ ਹਨ ਅਤੇ ਭਰੋਸਾ ਦਿੰਦੇ ਹਨ ਕਿ ਬਿਨ੍ਹਾਂ ਕਿਸੇ ਭੇਦਭਾਵ ਦੇ ਖੇਤਰ ਦਾ ਵਿਕਾਸ ਕਰਵਾਇਆ ਜਾਵੇਗਾ।

# 11 ਨਵਜੰਮੀਆਂ ਬੱਚੀਆਂ ਨੂੰ ਬੇਬੀ ਕਿਟ ਅਤੇ ਬੇਬੀ ਕੰਬਲ ਦੇ ਕੇ ਸਨਮਾਨਿਤ ਕੀਤਾ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ



ਚੰਡੀਗੜ੍ਹ ( ਪੰਜਾਬ) ਦੇ ਦਿਸ਼ਾ ਨਿਰਦੇਸ਼ਾ ਅਨੁਸਾਰ , ਜਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰ: ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਅਤੇ ਸੀਡੀਪੀ ਸ੍ਰੀ ਸੰਜੀਵ ਸ਼ਰਮਾ ਦੀ ਹਾਜ਼ਰੀ ਵਿੱਚ ਆਂਗਨਵਾੜੀ ਸੈਂਟਰ ਪਰਮਾਨੰਦ, ਬਲਾਕ ਪਠਾਨਕੋਟ, ਜਿਲ੍ਹਾ ਪਠਾਨਕੋਟ ਵਿਖੇ ਬੇਟੀ ਬਚਾ ਬੇਟੀ ਪੜ੍ਹਾ ਮੁਹਿੰਮ ਦੇ ਤਹਿਤ ਇਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ । ਜਿਸ ਵਿਚ 11 ਨਵਜੰਮੀਆਂ ਬੱਚੀਆਂ ਨੂੰ ਬੇਬੀ ਕਿਟ ਅਤੇ ਬੇਬੀ ਕੰਬਲ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਨਵਜੰਮੀਆਂ ਬੱਚੀਆਂ ਦੇ ਲਈ ਕੇਕ ਕੱਟਿਆ ਗਿਆ ਅਤੇ ਉਨਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਪ੍ਰੋਗਰਾਮ ਵਿੱਚ ਸ੍ਰੀ ਵਿਜੇ ਭਗਤ ਜੀ (ਸਕਿਲ ਡਿਵੈਲਪਮੈਂਟ), ਸ਼੍ਰੀਮਤੀ ਸੁਨੀਤਾ, ਸ਼੍ਰੀਮਤੀ ਸੋਨਿਕਾ ਤੇ ਸ਼੍ਰੀਮਤੀ ਨੀਰਜ਼ (ਜਿਲ੍ਹਾ ਬਾਲ ਸੁਰੱਖਿਆ ਯੂਨਿਟ) ਨੇ ਆਪਣੇ-ਆਪਣੇ ਵਿਭਾਗ ਵੱਲੋਂ ਦਿੱਤੀਆ ਜਾਣ ਵਾਲੀਆਂ ਅਲੱਗ - ਅਲੱਗ ਸਕੀਮਾਂ ਦੇ ਬਾਰੇ ਵਿਚ ਜਾਣਕਾਰੀ ਦਿੱਤੀ।

ਸੀਡੀਪੀ ਸ੍ਰੀ ਸੰਜੀਵ ਸ਼ਰਮਾ ਨੇ ਲੋਕਾਂ ਨੂੰ ਬੇਟੀ ਬਚਾ ਬੇਟੀ ਪੜ੍ਹਾ ਮੁਹਿੰਮ ਦੇ ਬਾਰੇ ਵਿਚ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਤੇ ਪਿੰਡ ਦੇ ਸਰਪੰਚ ਸ਼੍ਰੀ ਕੁਲਦੀਪ ਸਿੰਘ ਅਤੇ ਉਨ੍ਹਾਂ ਦੇ ਪਾਰਟੀ ਦੇ ਮੈਂਬਰ, ਸੁਪਰਵਾਈਜ਼ਰ ਸੁਨੀਤਾ, ਆਂਗਨਵਾੜੀ ਵਰਕਰਾਂ, ਆਂਗਨਵਾੜੀ ਹੈਲਪਰਾ ਅਤੇ ਪਿੰਡ ਦੇ ਲੋਕ ਮੌਜੂਦ ਸਨ।

# ਮੰਡੀਆਂ ਅੰਦਰ ਕਿਸਾਨਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਵੀ ਪ੍ਰੇਸਾਨੀ: ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੂਰੇ ਪੰਜਾਬ ਅੰਦਰ ਝੋਨੇ ਦੀ ਖਰੀਦ ਨੂੰ ਲੈ ਕੇ ਚੰਗੀ ਵਿਵਸਥਾ ਕੀਤੀ ਗਈ ਹੈ ਮੁੱਖ ਮੰਤਰੀ ਪੰਜਾਬ ਸ। ਭਗਵੰਤ ਸਿੰਘ ਮਾਨ ਵੱਲੋਂ ਵੀ ਹਰ ਰੋਜ ਰੀਵਿ ਮੀਟਿੰਗਾਂ ਕਰਕੇ ਮੰਡੀਆਂ ਦੀ ਤਾਜਾ ਸਥਿਤੀ ਬਾਰੇ ਜਾਇਜਾ ਲੈਂਦੇ ਹਨ, ਅਤੇ ਇਸ ਸਾਲ ਖੁਸੀ ਦੀ ਗੱਲ ਹੈ ਕਿ ਪੰਜਾਬ ਅੰਦਰ ਝੋਨਾਂ ਬਹੁਤ ਵਧੀਆ ਹੋਇਆ ਹੈ ਅਤੇ ਪੈਦਾਵਾਰ ਵੀ ਬਹੁਤ ਜਿਆਦਾ ਹੋਈ ਹੈ । ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਨਰੋਟ ਜੈਮਲ ਸਿੰਘ ਦੀ ਦਾਨਾ ਮੰਡੀ ਦਾ ਦੌਰਾ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਬੱਬਲੀ ਕੁਮਾਰ ਬੱਬੀ ਬਲਾਕ ਪ੍ਰਧਾਨ, ਮਾਸਟਰ ਤਰਸੇਮ ਚੰਦ, ਸੰਦੀਪ ਮਹਾਜਨ, ਕਰਮਚੰਦ, ਮਨੀ ਮਹਾਜਨ, ਰੂਬਲ ਗੁਪਤਾ, ਅਨੁ ਸਰਮਾ ਅਤੇ ਦੇਵ ਰਾਜ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜ਼ਰ ਸਨ।



ਇਸ ਮੌਕੇ ਤੇ ਜਾਣਕਾਰੀ ਦੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਨੂੰ ਕੇਂਦਰੀ ਪੁਲ ਅੰਦਰ 185 ਲੱਖ ਐਮ.ਟੀ. ਦਾ ਟੀਚਾ ਮਿਲਿਆ ਹੈ ਅਤੇ ਸਾਡੇ ਵੱਲੋਂ 190 ਲੱਖ ਐਮ.ਟੀ. ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਦੀਆਂ ਮੰਡੀਆ ਅੰਦਰ 26 ਲੱਖ ਮੀਟਰਿਕ ਟਨ ਤੋਂ ਜਿਆਦਾ ਝੋਨਾ ਆ ਗਿਆ ਹੈ ਅਤੇ 24 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਵੀ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਖਰੀਦ ਕੀਤੇ ਗਏ ਝੋਨੇ ਦੀ ਲਿਫਟਿੰਗ ਨੇ ਵੀ ਤੇਜੀ ਫੜ ਗਈ ਹੈ 6 ਲੱਖ ਐਮ.ਟੀ. ਦੇ ਕਰੀਬ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 4 ਹਜਾਰ ਕਰੋੜ ਤੋਂ ਜਿਆਦਾ ਰਾਸੀ ਕਿਸਾਨਾਂ ਦੇ ਖਾਤਿਆਂ ਵਿੱਚ ਪਾਈ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ 24 ਘੰਟਿਆਂ ਦੇ ਅੰਦਰ ਅੰਦਰ ਕਿਸਾਨਾਂ ਦੇ ਖਾਤਿਆਂ ਚੋਂ ਪੈਸੇ ਪਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਝੋਨੇ ਦਾ ਸੀਜਨ ਪੰਜਾਬ ਦੀ ਆਰਥਿਕ ਵਿਵਸਥਾਂ ਲਈ ਬਹੁਤ ਵੱਡਾ ਸਥਾਨ ਰੱਖਦਾ ਹੈ । ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਵੱਲੋਂ ਗੁਰਦਾਸਪੁਰ, ਦੀਨਾਨਗਰ ਅਤੇ ਨਰੋਟ ਜੈਮਲ ਸਿੰਘ ਦੀਆਂ ਮੰਡੀਆਂ ਦਾ ਦੋਰਾ ਕੀਤਾ ਗਿਆ ਹੈ ਉਨ੍ਹਾਂ ਦਾ ਉਪਰਾਲਾ ਹੈ ਕਿ ਕਿਸਾਨਾਂ ਨੂੰ ਮੰਡੀਆਂ ਅੰਦਰ ਕਿਸੇ ਵੀ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕੇਂਦਰ ਦੀ ਸਰਕਾਰ ਪਹਿਲਾ ਤੋਂ ਹੀ ਪੰਜਾਬ ਨਾਲ ਖੇਡ ਖੇਡਦੀ ਆ ਰਹੀ ਹੈ, ਅਸੀਂ ਪੰਜਾਬ ਦੇ ਕਿਸਾਨਾਂ ਦੀ ਫਸਲ ਨੂੰ ਕੇਂਦਰੀ ਪੂਲ ਵਿੱਚ ਭੇਜਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਜੋ ਗੋਦਾਮ ਭਰੇ ਪਏ ਹਨ ਉਹ ਕੇਂਦਰ ਦੇ ਹਨ ਅਤੇ ਉਨ੍ਹਾਂ ਵੱਲੋਂ ਕੇਂਦਰ ਨੂੰ ਪਿਛਲੇ 6 ਮਹੀਨਿਆਂ ਤੋਂ ਕਿਹਾ ਜਾ ਰਿਹਾ ਹੈ ਕਿ ਗੋਦਾਮਾਂ ਵਿੱਚੋਂ ਅਪਣਾ ਮਾਲ ਚੁੱਕਿਆ ਜਾਵੈ ਤਾਂ ਜੋ ਅਸੀਂ ਨਵੇਂ ਮਾਲ ਨੂੰ ਗੋਦਾਮਾਂ ਅੰਦਰ ਸਟੋਰ ਕਰ ਸਕੀਏ। ਉਨ੍ਹਾਂ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਉਨ੍ਹਾਂ ਵੱਲੋਂ ਲਗਾਤਾਰ ਕੇਂਦਰ ਨਾਲ ਸੰਪਰਕ ਕੀਤਾ ਗਿਆ ਅਤੇ ਜੋ ਸਾਨੂੰ ਸਟੋਰੇਜ ਦੀ ਦਿੱਕਤ ਆ ਰਹੀ ਸੀ ਹੁਣ ਕਾਫੀ ਹੱਦ ਤੱਕ ਹੱਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਅੰਦਰ ਕਿਸੇ ਤਰ੍ਹਾਂ ਦੀ ਪ੍ਰੇਸਾਨੀ ਨਹੀਂ ਆਉਂਣ ਦਿੱਤੀ ਜਾਵੇਗੀ।

# ਸੁਰ ਸੰਗੀਤ ਸੰਸਥਾ ਦੁਆਬਾ ਵੱਲੋਂ ਲਗਾਏ ਪਹਿਲੇ ਖੂਨਦਾਨ ਕੈਂਪ 'ਚ 40 ਖੂਨਦਾਨੀਆਂ ਨੇ ਕੀਤਾ ਖ਼ੂਨਦਾਨ

**ਫਗਵਾੜਾ (ਬੀ.ਕੇ. ਰੱਤੂ)–**ਸੁਰ ਸੰਗੀਤ ਸੰਸਥਾ ਦੁਆਬਾ ਬੰਗਾ ਵੱਲੋਂ ਲਗਾਇਆ ਪਹਿਲਾ ਖੂਨਦਾਨ ਕੈਂਪ ਸਫ਼ਲ ਰਿਹਾ। ਕੈਂਪ ਦੌਰਾਨ 40 ਖੂਨਦਾਨੀਆਂ ਨੇ ਖ਼ੂਨਦਾਨ ਕੀਤਾ। ਖ਼ੂਨਦਾਨ



ਕੈਂਪ ਦਾ ਉਦਘਾਟਨ ਹਰਜੀਤ ਸਿੰਘ ਰੰਧਾਵਾ ਡੀਐਸਪੀ ਬੰਗਾ ਜੀ ਨੇ ਕੀਤਾ। ਸੰਸਥਾ ਦੇ ਸਾਰੇ ਅਹੁਦੇਦਾਰਾਂ ਨੇ ਵੀ ਖ਼ੂਨਦਾਨ ਕੀਤਾ। ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਡਾਕਟਰ ਸਹਿਬਾਨ ਅਤੇ ਨਰਸਿੰਗ ਸਟਾਫ਼ ਨੇ ਇਹ ਕੈਂਪ ਲਗਾਉਣ ਦੀ ਸੰਸਥਾ ਦਾ ਸਹਿਯੋਗ ਕੀਤਾ। ਖੂਨਦਾਨੀਆਂ ਲਈ ਸੰਸਥਾ ਵੱਲੋਂ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਅਤੇ ਸਨਮਾਨ ਕੀਤਾ ਗਿਆ। ਇਸ ਕੈਂਪ ਨੂੰ ਸਫਲ ਬਣਾਉਣ ਲਈ ਸੰਸਥਾ ਦੇ ਪ੍ਰਧਾਨ ਗਾਇਕ ਰਾਜ ਦਦਰਾਲ, ਲੇਖਕ ਮਾਸਟਰ ਮੱਖਣ ਬਖਲੌਰ, ਵਾਇਸ ਪ੍ਰਧਾਨ ਗੀਤਕਾਰ ਵਿਜੇ ਗੁਣਾਚੌਰ,ਗਾਇਕ ਜਗਦੀਸ਼ ਜਾਡਲਾ, ਗਾਇਕ ਹਰਦੀਪ ਦੀਪਾ, ਗਾਇਕ ਰਾਜ ਬਾਹੜੋਵਾਲ, ਸੰਗੀਤਕਾਰ ਬੀ।ਆਰ।ਡਿਮਾਣਾ,ਇੰਦਰਪ੍ਰੀਤ ਸਿੰਘ ਝਿੱਕਾ, ਗਾਇਕ ਮਹੇਸ਼ ਸਾਜਨ,ਗਾਇਕ ਰਵਿਜੈ ਭਾਟੀਆ, ਗਾਇਕ ਦਵਿੰਦਰ ਰੂਹੀ, ਗਾਇਕ ਸਤਨਾਮ ਸੂਰਮਾ, ਗਾਇਕ ਹਰਦੀਪ ਬੱਲ,ਲੱਕੀ ਹਿਆਲਾ, ਸੰਗੀਤਕਾਰ ਪਰਸ਼ੋਤਮ ਬੰਗੜ,ਸੰਗੀਤਕਾਰ ਸਾਬੀ ਮਕੂੰਦਪੁਰ, ਗੀਤਕਾਰ ਦੀਪ ਅਲਾਚੌਰੀਆ,ਗਾਇਕ ਹਰਦੀਪ ਬੱਲ, ਗਾਇਕ ਨਿਰਮਲ ਨਿੰਮਾ,ਆਰ ਜੋਗੀ ਸੰਗੀਤਕਾਰ ਰਾਮ ਮੌਜੀ, ਗੀਤਕਾਰ ਬੱਬੂ ਖਾਨਖਾਨਾ ਗਾਇਕ ਦਵਿੰਦਰ ਬੀਸ਼ਲਾ, ਜੱਸੀ ਨਿਗਾਹ, ਰਾਜ ਕੁਮਾਰ ਉਆਣ, ਦਲਜੀਤ ਬਾਲੀ, ਦਾ ਵਿਸ਼ੇਸ਼ ਸਹਿਯੋਗ ਰਿਹਾ। ਇਹ ਮੌਕੇ ਤੇ ਬਸਪਾ ਆਗੂ ਪ੍ਰਵੀਨ ਬੰਗਾ, ਰਾਮ ਲੁਭਾਇਆ ਲਧਾਣਾ ਉਚਾ, ਜੈ ਪਾਲ ਸੁੰਡਾ, ਹਰਮੇਸ਼ ਵਿਰਦੀ ਜੀ ਦਾ ਵੀ ਸੰਸਥਾ ਵੱਲੋਂ ਸਨਮਾਨ ਕੀਤਾ ਗਿਆ। ਉੱਘੇ ਲੇਖਕ ਸਤਪਾਲ ਸਾਹਲੋਂ, ਗਾਇਕ ਰੂਪ ਲਾਲ ਧੀਰ, ਮਾਸਟਰ ਰਾਮ ਕਿਸ਼ਨ ਪੱਲੀ ਝਿੱਕੀ, ਸੋਨੀ ਸਰੋਆ, ਗਾਇਕਾ ਰਾਣੀ ਅਰਮਾਨ, ਰਾਜ ਕੁਮਾਰ ਬਜਾੜ (ਰਾਜ ਵਰਲਡ ਟਰੈਵਲ ਬੰਗਾ), ਗਾਇਕ ਹਰਦੇਵ ਚਾਹਲ, ਸਰਪੰਚ ਬਹਾਦਰ ਸਿੰਘ ਥਿਆੜਾ ਗੜ੍ਹੀ,ਗੀਤਕਾਰ ਬਹਾਦਰ ਗਰਚਾ ਜਰਮਨੀ, ਅਮਰੀਕ ਸਿੰਘ ਪੁਰੇਵਾਲ,ਹਰਜਿੰਦਰ ਸਿੰਘ ਬਾਠ ਵੇਟ ਲਿਫਟਿੰਗ ਕੋਚ ਜਗਦੀਸ਼ ਗੁਰੂ ਗੁਣਾਚੌਰ, ਦੇਬ ਰਾਜ ਗੁਣਾਚੌਰ, ਸੁਖਪਾਲ ਗੁਣਾਚੌਰ ਜੀ ਅਤੇ ਦਾ ਕੈਂਪ ਵਿੱਚ ਪਹੁੰਚਣ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਚੱਬੇਵਾਲ ਜ਼ਿਮਨੀ ਚੋਣ - ਪੋਲਿੰਗ ਸਟਾਫ਼ ਦੀ ਹੋਈ ਪਹਿਲੀ ਰੈਂਡੇਮਾਈਜੇਸ਼ਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ’ਤੇ ਵਿਧਾਨ ਸਭਾ ਹਲਕਾ ਚੱਬੇਵਾਲ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਅੱਜ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਦੀ ਨਿਗਰਾਨੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਪੋਲਿੰਗ ਸਟਾਫ਼ ਦੀ ਪਹਿਲੀ ਰੈਂਡੇਮਾਈਜੇਸ਼ਨ ਕੀਤੀ ਗਈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਚੱਬੇਵਾਲ ਵਿਧਾਨ ਸਭਾ ਹਲਕੇ ਵਿਚ 205 ਪੋਲਿੰਗ ਬੂਥਾਂ ਲਈ ਸਟਾਫ਼ ਦਾ ਡਾਟਾ ਮਿਕਸਿੰਗ ਕਰਕੇ ਉਪ ਚੋਣ ਲਈ ਪੋਲਿੰਗ ਸਟਾਫ਼ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕੇ ਲਈ 1232 ਪੋਲਿੰਗ ਸਟਾਫ਼ ਦੀ ਡਿਊਟੀ ਲਗਾਈ ਗਈ ਹੈ, ਜਿਸ ਵਿਚ 308 ਪੀ.ਆਰ. ., ਅਤੇ 616 ਪੀ. ਸ਼ਾਮਲ ਹਨ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਚੋਣ



ਕਮਿਸ਼ਨ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ 13 ਨਵੰਬਰ 2024 ਨੂੰ ਵੋਟਾਂ ਪੈਣਗੀਆਂ ਅਤੇ 23 ਨਵੰਬਰ 2024 ਨੂੰ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 25 ਅਕਤੂਬਰ ਹੈ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 28 ਅਕਤੂਬਰ ਨੂੰ ਕੀਤੀ ਜਾਵੇਗੀ ਅਤੇ ਨਾਮਜ਼ਦਗੀ ਵਾਪਸ ਲੈਣ ਦੀ ਮਿਤੀ 30 ਅਕਤੂਬਰ 2024 ਹੈ। ਨਾਮਜ਼ਦਗੀ ਪੱਤਰ ਵਧੀਕ ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਦਫ਼ਤਰ ਵਿਚ ਨਿਰਧਾਰਤ ਦਿਨਾਂ ਵਿਚ ਸਵੇਰੇ 11 ਵਜੇ ਤੋਂ ਲੈ ਕੇ ਦੁਪਹਿਰ 3 ਵਜੇ ਤੱਕ ਲਏ ਜਾਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਿਧਾਨ ਸਭਾ ਉਪ ਚੋਣ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਕੋਈ ਕਮੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਥੇ ਐਮ.ਸੀ.ਐਮ.ਸੀ. ਕਮੇਟੀ ਗਠਿਤ ਕਰਕੇ ਪੇਡ ਨਿਊਜ਼ ’ਤੇ ਨਜ਼ਰ ਰੱਖੀ ਜਾ ਰਹੀ ਹੈ, ਉਥੇ ਸੀ-ਵਿਜ਼ਿਲ ਐਪ ਰਾਹੀਂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਪ੍ਰਾਪਤ ਹੋ ਰਹੀਆਂ ਸ਼ਿਕਾਇਤਾਂ ’ਤੇ ਵੀ ਤੁਰੰਤ ਐਕਸ਼ਨ ਲਿਆ ਜਾਵੇਗਾ।

# ਦੇਸ਼ ਭਗਤ ਯੂਨੀਵਰਸਿਟੀ ਦੇ ਪੈਰਾਮੈਡੀਕਲ ਵਿਭਾਗ ਨੇ ਮਨਾਇਆ ਅਨੈਸਥੀਸੀਆ ਦਿਵਸ







**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਪੈਰਾਮੈਡੀਕਲ ਸਾਇੰਸਜ਼ ਵਿਭਾਗ ਵੱਲੋਂ ਆਧੁਨਿਕ ਦਵਾਈ ਵਿੱਚ ਅਨੈਸਥੀਸੀਆ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਉਂਦਿਆਂ ਅਨੈਸਥੀਸੀਆ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਅਕ ਵਰਕਸ਼ਾਪਾਂ, ਪ੍ਰਦਰਸ਼ਨਾਂ ਅਤੇ ਗੈਸਟ ਲੈਕਚਰ ਪੇਸ਼ ਕੀਤੇ ਗਏ ਜਿਨ੍ਹਾਂ ਦਾ ਉਦੇਸ਼ ਵਿਦਿਆਰਥੀਆਂ, ਫੈਕਲਟੀ ਅਤੇ ਕਮਿਊਨਿਟੀ ਨੂੰ ਸਰ-ਜੀਕਲ ਪ੍ਰਕਿਰਿਆਵਾਂ ਅਤੇ ਮਰੀਜ਼ਾਂ ਦੀ ਦੇਖ-ਭਾਲ ਵਿੱਚ ਅਨੈਸਥੀਸੀਆ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਇਸ ਮੌਕੇ ਰਿਸੋਰਸ ਪਰਸਨ ਦੀਪਾਂਸ਼ੂ ਸ਼ਰਮਾ (ਫੈਕਲਟੀ ਆਫ ਅਲਾਈਡ ਹੈਲਥ ਸਾਇੰਸਜ਼) ਸਨ। ਉਨ੍ਹਾਂ ਨੇ ਹਸਪਤਾਲ ਦੀਆਂ ਵੱਖ-ਵੱਖ ਸਹੂਲਤਾਂ ਜਿਵੇਂ ਕਿ .ਪੀ.ਡੀ., ਆਈ.ਪੀ.ਡੀ., ਆਈ.ਸੀ.ਯੂ., ਦਵਾਈਆਂ ਆਦਿ ਬਾਰੇ ਗਿਆਨ ਪ੍ਰਦਾਨ ਕਰਨ ਅਤੇ ਪੈਦਾ ਕਰਨ 'ਤੇ ਧਿਆਨ ਕੇਂਦਰਿਤ ਕੀਤਾ। ਇਸ ਪ੍ਰੋਗਰਾਮ ਵਿੱਚ ਪੈਰਾਮੈਡੀਕਲ ਸਾਇੰਸਜ਼ ਦੇ ਸਾਰੇ ਗ੍ਰੈਜੂਏਟ ਵਿਦਿਆਰਥੀਆਂ ਨੇ ਭਾਗ ਲਿਆ। ਇਸ ਉਪਰੰਤ ਡਾ: ਅਤੁਲ ਖਜੂਰੀਆ ਨੇ ਮੁੱਖ ਮਹਿਮਾਨ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਅਤੇ ਚਾਂਸਲਰ ਦੇ ਸਲਾਹਕਾਰ ਡਾ: ਵਰਿੰਦਰ ਸਿੰਘ ਵਿਸ਼ੇਸ਼ ਮਹਿਮਾਨ ਨੂੰ ਜੀ ਆਇਆਂ ਕਹਿੰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।

ਉਦਘਾਟਨੀ ਸੈਸ਼ਨ ਦੀ ਸ਼ੁਰੂਆਤ ਡਾ: ਖਜੂਰੀਆ ਦੇ ਸੁਆਗਤੀ ਭਾਸ਼ਣ ਅਤੇ ਅਨੈਸਥੀਸੀਆ ਦਿਵਸ ਅਤੇ ਹਸਪਤਾਲ ਦੇ ਵਾਤਾਵਰਣ ਨਾਲ ਸਬੰਧਤ ਮੁੱਖ ਨੁਕਤਿਆਂ ਨਾਲ ਹੋਈ। ਡਾ ਖਜੂਰੀਆ ਨੇ ਕਿਹਾ ਕਿ ਐਨਸਥੀਸੀਆ ਸਿਰਫ਼ ਦਰਦ ਨੂੰ ਕੰਟਰੋਲ ਕਰਨ ਲਈ ਨਹੀਂ ਹੈ; ਇਹ ਮਰੀਜ਼ਾਂ ਲਈ ਇੱਕ ਸੁਰੱਖਿਅਤ ਸਰਜੀਕਲ ਅਨੁਭਵ ਨੂੰ ਯਕੀਨੀ ਬਣਾਉਣ ਬਾਰੇ ਹੈ।

ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ ਜ਼ੋਰਾ ਸਿੰਘ ਨੇ ਕਿਹਾ ਕਿ ਉਹ ਅਨੱਸਥੀਸੀ ਲੋਜਿਸਟਸ ਦੇ ਮਹੱਤਵਪੂਰਨ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਬਹੁਤ ਪ੍ਰਸੰਨ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਗਰਾਮ ਸਿੱਖਣ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਵਿਦਿਆਰਥੀਆਂ ਨੂੰ ਇਸ ਜ਼ਰੂਰੀ ਖੇਤਰ ਵਿੱਚ ਕਰੀਅਰ ਦੀ ਖੋਜ ਕਰਨ ਲਈ ਵੀ ਉਤਸ਼ਾਹਿਤ ਕਰਦਾ ਹੈ।

ਇੰਟਰਐਕਟਿਵ ਵਰਕਸ਼ਾਪਾਂ ਨੇ ਭਾਗੀਦਾਰਾਂ ਨੂੰ ਆਮ ਅਤੇ ਖੇਤਰੀ ਸਮੇਤ ਵੱਖ-ਵੱਖ ਅਨੈਸਥੀਸੀਆ ਦੇ ਤਰੀਕਿਆਂ ਬਾਰੇ ਸਿੱਖਣ ਦਾ ਮੌਕਾ ਦਿੱਤਾ, ਜਦੋਂਕਿ ਹੱਥਾਂ ਦੇ ਪ੍ਰਦਰਸ਼ਨਾਂ ਨੇ ਨਿਗਰਾਨੀ ਅਤੇ ਮਰੀਜ਼ਾਂ ਦੀ ਦੇਖ-ਭਾਲ ਵਿੱਚ ਨਵੀਨਤਮ ਤਕਨਾਲੋਜੀ ਦਾ ਪ੍ਰਦਰਸ਼ਨ ਕੀਤਾ। ਨਰਸਿੰਗ ਅਤੇ ਮੈਡੀਕਲ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗ ਲਿਆ, ਜਿਸ ਨਾਲ ਖੇਤਰ ਵਿੱਚ ਅਮੁੱਲ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਵਿੱਚ ਸਾਬਕਾ ਵਿਦਿਆਰਥੀਆਂ ਦੀ ਇੱਕ ਪੈਨਲ ਚਰਚਾ ਵੀ ਸ਼ਾਮਲ ਸੀ ਜਿਨ੍ਹਾਂ ਨੇ ਡਾਕਟਰੀ ਪੇਸ਼ੇਵਰਾਂ ਦੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਦੇ ਹੋਏ, ਅਨੱਸਥੀਸੀ ਲੋਜੀ ਵਿੱਚ ਆਪਣੇ ਅਨੁਭਵ ਅਤੇ ਕਰੀਅਰ ਦੇ ਮਾਰਗ ਸਾਂਝੇ ਕੀਤੇ। ਵਿਦਿਆਰਥੀਆਂ ਨੇ ਪੋਸਟਰ, ਸੀਪੀਆਰ ਲਈ ਸਕਿੱਟ ਅਤੇ ਐਮਰਜੈਂਸੀ ਸਥਿਤੀ ਵਿੱਚ ਸਿਹਤ ਸੰਭਾਲ ਕਰਮਚਾਰੀਆਂ ਦੀ ਭੂਮਿਕਾ ਨਿਭਾਉਣ ਵਾਲੀ ਵੀਡੀ ਬਣਾਉਣ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

# ਠੱਗ ਲੜਕੇ ਨੇ ਏ.ਟੀ.ਐਮ ਤੋਂ ਦਿਨੇਸ਼ ਜੈਨ ਦਾ ਕਾਰਡ ਬਦਲ ਕੇ 40 ਹਜ਼ਾਰ ਰੁਪਏ ਕਢਵਾਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਬੀਤੀ 10 ਅਕਤੂਬਰ ਨੂੰ ਹੁਸ਼ਿਆਰਪੁਰ ਗ੍ਰੀਨ ਵਿਊ ਪਾਰਕ ਦੇ ਸਾਹਮਣੇ ਸਥਿਤ ਏ.ਟੀ.ਐਮ. 'ਚੋਂ ਕੁਝ ਪੈਸੇ ਕਢਵਾਉਣ ਗਏ ਹਰੀ ਨਗਰ ਵਾਰਡ ਨੰ. 5 ਦੇ ਦਿਨੇਸ਼ ਕੁਮਾਰ ਜੈਨ ਨੇ ਪੈਸੇ ਕਢਵਾਉਣ ਤੋਂ ਬਾਅਦ ਕੋਈ ਹੋਰ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੈਸੇ ਨਾ ਮਿਲਣ ਕਾਰਨ ਉਸ ਨੇ ਪਿੱਛੇ ਖੜ੍ਹੇ ਲੜਕੇ ਦੀ ਮਦਦ ਮੰਗੀ ਤਾਂ ਉਸ ਨੇ ਉਸ ਦਾ ਏ.ਟੀ.ਐਮ. ਦਾ ਪਾਸਵਰਡ ਲੱਭ ਲਿਆ ਅਤੇ ਬੜੀ ਹੁਸ਼ਿਆਰੀ ਨਾਲ ਉਸ ਦੇ ਖਾਤੇ 'ਚੋਂ ਸ਼ਾਮ ਦੇ 4 ਵਜੇ ਤੱਕ 40 ਹਜ਼ਾਰ ਰੁਪਏ ਕਢਵਾ ਲਏ। ਪੀੜਤ ਨੇ ਥਾਣਾ ਸਿਟੀ ਹੁਸ਼ਿਆਰਪੁਰ ਵਿਖੇ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਹੁਸ਼ਿਆਰਪੁਰ ਦੇ ਹਰੀ ਨਗਰ ਵਾਰਡ ਨੰਬਰ 5 ਦੇ ਦਿਨੇਸ਼ ਜੈਨ ਨੇ ਦੱਸਿਆ ਕਿ 10 ਅਕਤੂਬਰ ਨੂੰ ਉਹ ਗ੍ਰੀਨ ਵਿਊ ਪਾਰਕ ਦੇ ਸਾਹਮਣੇ ਸਥਿਤ ਏ.ਟੀ.ਐਮ ਤੋਂ 5000 ਰੁਪਏ ਕਢਵਾਉਣ ਗਿਆ ਸੀ ਤਾਂ ਉਸ ਦੇ ਪਿੱਛੇ ਖੜ੍ਹੇ ਇਕ ਲੜਕੇ ਨੇ ਬੜੀ ਚਲਾਕੀ ਨਾਲ ਉਸ ਦਾ ਪਾਸਵਰਡ ਦੇਖਿਆ ਅਤੇ ਦਿਨੇਸ਼ ਜੈਨ ਦਾ ਕਾਰਡ ਬਦਲ ਦਿੱਤਾ ਅਤੇ ਦਿਨੇਸ਼ ਜੈਨ ਵੀ ਘਰ ਆ ਗਏ ਅਤੇ ਜਦੋਂ 4 ਵਜੇ ਦੇ ਕਰੀਬ ਉਨ੍ਹਾਂ ਨੂੰ ਬੈਂਕ ਤੋਂ ਮੈਸੇਜ ਆਇਆ ਕਿ ਹੁਸ਼ਿਆਰਪੁਰ ਜਲੰਧਰ ਰੋਡ 'ਤੇ ਸਥਿਤ ਏ.ਟੀ.ਐਮ ਤੋਂ ਇਕ-ਇਕ ਕਰਕੇ ਤੁਹਾਡੇ ਖਾਤੇ 'ਚੋਂ 40 ਹਜ਼ਾਰ ਰੁਪਏ ਕਢਵਾ ਲਏ ਗਏ ਹਨ। ਫਿਰ 11 ਤਰੀਕ ਨੂੰ ਉਸ ਨੇ ਬੈਂਕ ਜਾ ਕੇ ਆਪਣਾ ਖਾਤਾ ਫ੍ਰੀਜ਼ ਕਰਵਾ ਦਿੱਤਾ ਅਤੇ ਇਸ ਦੀ ਸੂਚਨਾ ਵਾਰਡ ਨੰਬਰ 5 ਦੀ ਐਮਸੀ ਮੀਨਾ ਸ਼ਰਮਾ ਅਤੇ ਥਾਣਾ ਸਿਟੀ ਹੁਸ਼ਿਆਰਪੁਰ ਨੂੰ ਦਿੱਤੀ ਅਤੇ ਜਲਦੀ ਹੀ ਇਸ ਮਾਮਲੇ ਨੂੰ ਹੱਲ ਕਰਨ ਦੀ ਬੇਨਤੀ ਕੀਤੀ।



# ਦੇਸ਼ ਭਗਤ ਯੂਨੀਵਰਸਿਟੀ ਨੇ ਮਨਾਇਆ 'ਅੰਤਰਰਾਸ਼ਟਰੀ ਸ਼ੈੱਫ ਦਿਵਸ'






**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਵਿੱਚ ਅੰਤਰਰਾਸ਼ਟਰੀ ਸ਼ੈੱਫ ਦਿਵਸ ਮਨਾਇਆ ਗਿਆ। ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਵੱਲੋਂ ਇਸ ਮੌਕੇ ਖੇਤਰੀ ਪਕਵਾਨਾਂ 'ਤੇ ਅਧਾਰਿਤ ਸ਼ੈੱਫ ਮੁਕਾਬਲੇ ਕਰਵਾਏ ਗਏ। ਪੰਜ-ਪੰਜ ਵਿਦਿਆਰਥੀਆਂ ਦੀਆਂ ਪੰਜ ਟੀਮਾਂ ਨੇ ਪੰਜਾਬੀ, ਰਾਜਸਥਾਨੀ, ਬੰਗਾਲੀ, ਕਰਨਾਟਕ ਅਤੇ ਬਿਹਾਰੀ ਖੇਤਰੀ ਪਕਵਾਨ ਆਧਾਰਿਤ ਥੀਮ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਨਾ ਸਿਰਫ਼ ਇਨ੍ਹਾਂ ਪਕਵਾਨਾਂ ਦੇ ਸੁਆਦਲੇ ਪਕਵਾਨਾਂ ਨੂੰ ਪੇਸ਼ ਕੀਤਾ ਸਗੋਂ ਇਨ੍ਹਾਂ ਖੇਤਰਾਂ ਦੇ ਸੱਭਿਆਚਾਰ ਨੂੰ ਵੀ ਦਰਸਾਇਆ। ਇਹ ਸਖ਼ਤ ਮੁਕਾਬਲਾ ਸੀ।

ਇਸ ਮੁਕਾਬਲੇ ਵਿੱਚ ਸ਼ਰਨਪ੍ਰੀਤ ਕੌਰ, ਅਮਨਦੀਪ ਕੌਰ, ਪਵਨਦੀਪ ਕੌਰ, ਅਮਨਪ੍ਰੀਤ ਕੌਰ ਅਤੇ ਜਸਮੀਨ ਕੌਰ ਦੀ ਟੀਮ ਪੰਜਾਬੀ ਪਕਵਾਨਾਂ ਦੀ ਪ੍ਰਤੀਨਿਧਤਾ ਕਰਦੀ ਹੋਈ ਜੇਤੂ ਰਹੀ। ਜੇਤੂਆਂ ਨੂੰ ਡਾ: ਸੁਰਜੀਤ ਪਥੇਜਾ (ਡਾਇਰੈਕਟਰ ਮੀਡੀਆ ਅਤੇ ਪਰਫਾਰਮਿੰਗ ਆਰਟਸ) ਅਤੇ ਡਾ: ਪਰਵੀਨ ਕੁਮਾਰ (ਕੰਟਰੋਲਰ ਆਫ਼ ਐਗਜ਼ਾਮੀਨੇਸ਼ਨ) ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਦੀ ਪ੍ਰਧਾਨਗੀ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਕੀਤੀ। ਡਾ: ਜ਼ੋਰਾ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਭਰਦੇ ਸ਼ੈੱਫਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ, "ਇਹ ਸ਼ੈੱਫ ਹਨ ਜੋ ਭੋਜਨ ਨੂੰ ਇੱਕ ਅਨੁਭਵ ਅਤੇ ਖੁਸ਼ੀ ਵਿੱਚ ਬਦਲਦੇ ਹਨ।" ਡਾ: ਤਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸ਼ੈੱਫ ਦਿਵਸ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਸਨੇ ਕਿਹਾ, "ਜਿੱਤ ਜਾਂ ਹਾਰ ਮਾਇਨੇ ਨਹੀਂ ਰੱਖਦੀ ਪਰ ਭਾਗੀਦਾਰੀ ਅਹਿਮ ਹੁੰਦੀ ਹੈ।" ਇਸ ਸਮਾਗਮ ਦਾ ਸੰਚਾਲਨ ਡਾ: ਅਮਨ ਸ਼ਰਮਾ, ਡਾਇਰੈਕਟਰ-ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਅਤੇ ਸ਼ੈੱਫ ਰਿੰਕੂ, ਸ਼ੈੱਫ ਡਾ। ਰੁਪਿੰਦਰ ਕੌਰ ਅਤੇ ਸ਼੍ਰੀ ਰਿਤਿਕ ਤੋਮਰ ਨੇ ਕੀਤਾ।

# ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਨੂੰ "ਮੈਗਾ ਮੁਹਿੰਮ" ਦੇ ਤੌਰ ਤੇ ਕੀਤੀਆਂ ਵੱਖ ਵੱਖ ਗਤੀਵਿਧੀਆਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡੇਂਗੂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲਾ ਐਪੀਡਮੋਲੋਜਿਸਟ ਡਾ ਜਗਦੀਪ ਸਿੰਘ ਦੀ ਅਗਵਾਈ ਵਿੱਚ ਸ਼ਹਿਰ ਹੁਸ਼ਿਆਰਪੁਰ ਵਿੱਚ "ਹਰ ਸ਼ੁਕਰਵਾਰ ਡੇਂਗੂ ਤੇ ਵਾਰ" ਮੁਹਿੰਮ ਨੂੰ ਮੈਗਾ ਮੁਹਿੰਮ ਦੇ ਤੌਰ ਤੇ ਮਨਾਇਆ ਗਿਆ। ਜਿਸ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੁਹਿੰਮ ਵਿੱਚ ਐਂਟੀ ਲਾਰਵਾ ਟੀਮਾਂ, ਬਰੀਡਿੰਗ ਚੈਕਰ ਤੋਂ ਇਲਾਵਾ ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਘਰ ਘਰ ਜਾ ਕੇ ਸਰਵੇ ਕੀਤਾ ਗਿਆ ਅਤੇ ਜਿਨਾਂ ਘਰਾਂ ਵਿੱਚ ਮੱਛਰਾਂ ਦਾ ਲਾਰਵਾ ਪਾਇਆ ਗਿਆ ਉਹਨਾਂ ਨੂੰ ਮੌਕੇ ਤੇ ਹੀ ਨਸ਼ਟ ਕਰਵਾਇਆ ਗਿਆ। ਜ਼ਿਲਾ ਐਪੀਡਮੋਲੋਜਿਸਟ ਡਾ ਜਗਦੀਪ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸਰਵੇ ਕਰਨ ਤੋਂ ਪਹਿਲੇ ਨਰਸਿੰਗ ਵਿਦਿਆਰਥੀਆਂ ਨੂੰ ਏਡੀਜ ਮੱਛਰ ਦੇ ਲਾਰਵੇ ਦੀ ਡੈਮੋਸਟਰੇਸ਼ਨ ਦਿੱਤੀ ਗਈ ਅਤੇ ਉਹਨਾਂ ਨੂੰ ਵੱਖ ਵੱਖ ਸਰਵੇ ਟੀਮਾਂ ਦੇ ਨਾਲ ਜਾ ਕੇ ਡੇਂਗੂ ਦੀ ਰੋਕਥਾਮ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸ਼ਹਿਰ ਹੁਸ਼ਿਆਰਪੁਰ ਵਿੱਚ 10 ਐਂਟੀ ਲਾਰਵਾ ਟੀਮਾਂ ਵੱਲੋਂ ਕਾਰਪੋਰੇਸ਼ਨ ਦੇ ਐਸਆਈ ਅਤੇ ਨਰਸਿੰਗ ਕਾਲਜਾਂ ਦੀਆਂ ਵਿਦਿਆਰਥਣਾਂ ਦੇ ਸਹਿਯੋਗ ਨਾਲ ਮੁਹਿੰਮ ਵਿੱਢੀ ਗਈ। ਟੀਮਾਂ ਨੇ ਸ਼ਹਿਰ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਘਰ-ਘਰ ਜਾ ਕੇ ਮੱਛਰਾਂ ਦੇ ਲਾਰਵੇ ਦੀ ਜਾਂਚ ਕੀਤੀ ਅਤੇ ਵੱਖ-ਵੱਖ ਕੰਟੇਨਰਾਂ 'ਚੋਂ ਪਾਣੀ ਕੱਢ ਕੇ ਮੱਛਰਾਂ ਦੇ ਲਾਰਵੇ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ। ਲਾਰਵੀਸਾਈਡ ਸਪਰੇਅ ਅਤੇ ਮੱਛਰਾਂ ਦੇ ਲਾਰਵੇ ਨੂੰ ਰੋਕਣ ਲਈ ਸਿਹਤ ਸਿੱਖਿਆ ਅਤੇ ਹੋਰ ਉਪਾਅ ਕੀਤੇ ਗਏ। ਸਕੂਲਾਂ ਦਾ ਦੌਰਾ ਵੀ ਕੀਤਾ ਗਿਆ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਮੱਛਰਾਂ ਦੇ ਲਾਰਵਾ ਵੀ ਦਿਖਾਇਆ ਗਿਆ। ਜ਼ਿਲੇ ਦੇ ਹੋਰ ਸ਼ਹਿਰੀ ਖੇਤਰਾਂ ਅਤੇ ਪੇਂਡੂ ਖੇਤਰਾਂ ਵਿੱਚ ਵੀ ਖੇਤਰ-ਵਾਰ ਟੀਮਾਂ ਦੁਆਰਾ ਅਜਿਹੀਆਂ ਗਤੀਵਿਧੀਆਂ ਕੀਤੀਆਂ ਗਈਆਂ। ਉਹਨਾਂ ਕਿਹਾ ਕਿ ਸਰਵੇ ਗਤੀਵਿਧੀਆਂ ਦੌਰਾਨ ਲੋਕਾਂ ਨੂੰ ਡੇਂਗੂ ਦੀ ਰੋਕਥਾਮ ਅਤੇ ਇਸਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿਉਂਕਿ ਜਦ ਤੱਕ ਲੋਕ ਖੁਦ ਇਸ ਪ੍ਰਤੀ ਜਾਗਰੂਕ ਨਹੀਂ ਹੁੰਦੇ ਅਤੇ ਖੜ੍ਹੇ ਪਾਣੀ ਦੇ ਸੋਮਿਆਂ ਦੀ ਸਾਫ ਸਫਾਈ ਵੱਲ ਧਿਆਨ ਨਹੀਂ ਦਿੰਦੇ, ਤਦ ਤੱਕ ਡੇਂਗੂ ਦੀ ਰੋਕਥਾਮ ਨਹੀਂ ਕੀਤੀ ਜਾ ਸਕਦੀ।



# ਫੂਡ ਸੇਫਟੀ ਟੀਮ ਨੇ ਸਪਲਾਈ ਕੀਤੇ ਜਾ ਰਹੇ 7 ਕੁਇੰਟਲ ਪਨੀਰ ਦੇ ਲਏ ਗਏ ਸੈਂਪਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮਾਣਯੋਗ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਡਾ. ਅਭਿਨਵ ਤ੍ਰਿਖਾ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਲੋਕਾਂ ਨੂੰ ਸਾਫ ਅਤੇ ਮਿਆਰੀ ਖਾਧ ਪਦਾਰਥ ਮੁੁਹਈਆ ਕਰਵਾਉਣ ਲਈ ਅੱਜ ਜਿਲਾ ਸਿਹਤ ਅਫਸਰ ਡਾ: ਜਤਿੰਦਰ ਭਾਟੀਆ ਦੀ ਅਗਵਾਈ ਵਿੱਚ ਫੂਡ ਸੇਫਟੀ ਟੀਮ ਬਣਾਈ। ਜਿਸ ਵਿੱਚ ਐਫਐਸ ਅਭਿਨਵ ਖੋਸਲਾ ਅਤੇ ਐਫਐਸ ਵਿਵੇਕ ਕੁਮਾਰ ਸ਼ਾਮਲ ਸਨ, ਨੇ ਹੁਸ਼ਿਆਰਪੁਰ ਰਾੜਾ ਟਾਂਡਾ ਪੁਲ ਵਿਖੇ ਸਵੇਰੇ 3 ਵਜੇ ਨਾਕਾ ਲਗਾਇਆ। ਟੀਮ ਨੇ ਇੱਕ ਟਰੱਕ ਨੂੰ ਰੋਕਿਆ ਜਿਸ ਵਿੱਚ ਕਰੀਬ 7 ਕੁਇੰਟਲ ਪਨੀਰ ਸੀ। ਟੀਮ ਨੇ ਪਨੀਰ ਦੇ ਦੋ ਸੈਂਪਲ ਲਏ ਅਤੇ ਜੋ ਕਿ ਜਾਂਚ ਲਈ ਫੂਡ ਲੈਬ ਖਰੜ ਭੇਜੇ ਗਏ ਹਨ ਜਿਸਦੀ ਰਿਪੋਰਟ ਆਉਣ 'ਤੇ ਫੂਡ ਸੇਫਟੀ ਐਕਟ ਅਧੀਨ ਅਗਲੀ ਕਾਰਵਾਈ ਕੀਤੀ ਜਾਵੇਗੀ। ਹੋਰਨਾਂ ਮੈਂਬਰਾਂ ਵਿੱਚ ਰਾਮ ਲੋਬਾਇਆ, ਨਰੇਸ਼ ਕੁਮਾਰ ਅਤੇ ਅਰਵਿੰਦਰ ਸਿੰਘ ਸ਼ਾਮਲ ਸਨ। ਇਸ ਮੌਕੇ ਜਿਲਾ ਸਿਹਤ ਅਫਸਰ ਡਾ ਜਤਿੰਦਰ ਭਾਟੀਆ ਨੇ ਦੱਸਿਆ ਕਿ ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਇਸੇ ਤਹਿਤ ਸਾਨੂੰ ਖਬਰਾਂ ਮਿਲ ਰਹੀਆਂ ਸਨ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਨਕਲੀ ਪਨੀਰ ਵੱਖ ਵੱਖ ਰਸਤੇ ਰਾਹੀ ਵੱਡੀ ਮਾਤਰਾ ਵਿੱਚ ਕਈ ਪਾਸਿ ਂਆ ਰਿਹਾ ਹੈ ਜੋ ਕਿ ਜਿਲਾ ਹੁਸ਼ਿਆਰਪੁਰ ਅਤੇ ਹਿਮਾਚਲ ਪ੍ਰਦੇਸ ਦੇ ਖੇਤਰ ਊਨਾ ਦੇ ਬਾਜ਼ਾਰਾਂ ਵਿੱਚ ਵੱਡੀ ਪੱਧਰ ਤੇ ਵੇਚਿਆ ਜਾ ਰਿਹਾ ਹੈ ਅੱਜ ਇਸ ਤੇ ਕਾਰਵਾਈ ਕਰਦੇ ਹੋਏ ਵੱਡੀ ਪੱਧਰ ਤੇ ਵੱਖ-ਵੱਖ ਖੇਤਰਾਂ ਵਿੱਚ ਸਪਲਾਈ ਕੀਤਾ ਜਾ ਰਿਹਾ ਲਗਭਗ 7 ਕੁਇੰਟਲ ਪਨੀਰ ਫੜਿਆ ਗਿਆ। ਇਸ ਪਨੀਰ ਦੀ ਖੇਪ ਵਿੱਚ ਦੋ ਅਲੱਗ ਅਲੱਗ ਤਰ੍ਹਾਂ ਦਾ ਪਨੀਰ ਸੀ। ਇੱਕ ਪਨੀਰ ਉਹਨਾਂ ਅਲੱਗ ਡਰਮ ਵਿੱਚ ਪਾਇਆ ਹੋਇਆ ਸੀ ਅਤੇ ਇੱਕ ਮੇਨ ਕੰਟੇਨਰ ਵਿੱਚ ਸੀ। ਸ਼ੱਕ ਦੇ ਅਧਾਰ ਤੇ ਦੋਨਾਂ ਤਰ੍ਹਾਂ ਦੇ ਪਨੀਰ ਦੇ ਸੈਂਪਲ ਲੈ ਕੇ ਫੂਡ ਲੈਬ ਭੇਜ ਦਿੱਤੇ ਗਏ ਹਨ। ਉਹਨਾਂ ਕਿਹਾ ਕਿ ਮਿਲਾਵਟਖੋਰ ਕਈ ਤਰ੍ਹਾਂ ਦੇ ਘਟੀਆ ਪਦਾਰਥ ਪਾ ਕੇ ਪਨੀਰ ਬਣਾ ਕੇ ਵੇਚਦੇ ਹਨ। ਇਸ ਕਰਕੇ ਉਹਨਾਂ ਲੋਕਾਂ ਨੂੰ ਸਾਵਧਨ ਕਰਦਿਆ ਕਿਹਾ ਕਿ ਮਿਲਾਵਟਖੋਰਾ ਨੇ ਇਕ ਬਹੁਤ ਵੱਡਾ ਸਿੰਡੀਕੇਟ ਬਣਾਇਆ ਹੋਇਆ ਹੈ ਜੋ ਕਿ ਕੁਝ ਮੁਨਾਫੇ ਲਈ ਇਸ ਤਰ੍ਹਾਂ ਕਰਦੇ ਹਨ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਮਿਲਾਵਟਖੋਰਾਂ ਵਿਰੋਧ ਸਿਹਤ ਵਿਭਾਗ ਵੱਲੋ ਵਿੱਢੀ ਗਈ ਇਸ ਮੁਹਿੰਮ ਵਿੱਚ ਇਹਨਾਂ ਖਿਲਾਫ ਸੂਚਨਾ ਦੇ ਕੇ ਆਪਣਾ ਬਣਦਾ ਹਿੱਸਾ ਪਾਉਣ ਤਾਂ ਜੋ ਲੋਕਾਂ ਨੂੰ ਸਹੀ ਤੇ ਮਿਆਰੀ ਖਾਧ ਪਦਾਰਥ ਮੁਹੱਈਆ ਕਰਵਾ ਸਕੀਏ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਮੁਹੱਲਾ ਕੱਚਾ ਕੁਆਰਟਰ 'ਚ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਪਹਿਲਾਂ ਮੁਹੱਲਾ ਕੱਚੇ ਕੁਆਟਰ ਵਿੱਚ ਸਥਿਤ ਮੰਦਰ ਵਿੱਚ ਝੰਡਾ ਲਹਿਰਾਇਆ ਗਿਆ ਅਤੇ ਫਿਰ ਕੀਰਤਨ ਕੀਤਾ ਗਿਆ। ਇਸ ਮੌਕੇ ਪੁਰਸ਼ ਅਤੇ ਇਸਤਰੀ ਕੀਰਤਨ ਜਥਿਆਂ ਨੇ ਪ੍ਰਭੂ ਦਾ ਗੁਣਗਾਨ ਕੀਤਾ ਅਤੇ ਇਸ ਉਪਰੰਤ ਭੰਡਾਰੇ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਾਬਕਾ ਕੌਂਸਲਰ ਅਤੇ ਜ਼ਿਲ੍ਹਾ ਭਾਜਪਾ ਦੇ ਜਨਰਲ ਸਕੱਤਰ ਸੁਰੇਸ਼ ਭਾਟੀਆ ਬਿੱਟੂ ਨੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀ ਸਾਰਿਆਂ ਨੂੰ ਵਧਾਈ ਦਿੰਦਿਆਂ



ਕਿਹਾ ਕਿ ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਲੋੜ ਹੈ ਅਤੇ ਅਜੋਕੇ ਸਮੇਂ ਵਿੱਚ ਇਹ ਹੋਰ ਵੀ ਜ਼ਰੂਰੀ ਹੈ। ਉਨ੍ਹਾਂ ਝੰਡੇ ਦੀ ਪੂਜਾ ਕੀਤੀ ਅਤੇ ਸੰਕੀਰਤਨ ਕਰਨ ਉਪਰੰਤ ਭੰਡਾਰੇ ਦੀ ਸੇਵਾ ਵੀ ਕੀਤੀ। ਇਸ ਮੌਕੇ ਮਨਸਾ ਰਾਮ, ਪਰਮਜੀਤ ਕਾਕੂ, ਜਿਗਰੀ ਲਾਲ, ਰਿੱਕੀ ਕਟਾਰੀਆ, ਨਰੇਸ਼ ਗੁਪਤਾ, ਸੁਨੀਲ ਕੁਮਾਰ, ਨਰੇਸ਼ ਹੰਸ, ਸਲੀਮ ਹੰਸ, ਬਲਦੇਵ ਰਾਜ, ਵਿਸ਼ਾਲ, ਮਕਾਰ ਸਿੰਘ, ਅਸ਼ੋਕ ਕੁਮਾਰ, ਅਸ਼ਵਨੀ ਕੁਮਾਰ, ਸਨਵਲ ਭੱਟੀ, ਅਨੀਤਾ ਰਾਣੀ, ਸੰਤੋਸ਼ ਰਾਣੀ , ਕਮਲੇਸ਼, ਅੰਜੂ ਬਾਲਾ ਅਤੇ ਬੇਬੀ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਬੱਚਿਆਂ ਨੂੰ ਗਰੀਨ ਦੀਵਾਲੀ ਮਨਾਉਣ ਲਈ ਪ੍ਰੇਰਿਆ ਜਾਵੇਗਾ



**ਪਟਿਆਲਾ–** ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਵਜ਼ੀਰ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਬੱਚਿਆਂ ਨੂੰ ਪਟਾਕਿਆਂ ਤੋਂ ਰਹਿਤ ਗਰੀਨ ਦੀਵਾਲੀ ਮਨਾਉਣ ਅਤੇ ਕਿਸਾਨਾ ਨੂੰ ਜੀਰੀ ਦੀ ਪ੍ਰਾਲੀ ਨਾ ਜਲਾਉਣ ਲਈ ਪ੍ਰੇਰਿਆ ਜਾਵੇਗਾ ਤਾਂ ਜੋ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ। ਪਟਾਕਿਆਂ ਅਤੇ ਪ੍ਰਾਲੀ ਦਾ ਧੂੰਆਂ ਹਵਾ ਨੂੰ ਪ੍ਰਦੂਸ਼ਤ ਕਰਦਾ ਹੈ। ਪ੍ਰਦੂਸ਼ਣ ਕਰਕੇ ਸਾਹ ਲੈਣ ਦੀ ਤਕਲੀਫ ਹੁੰਦੀ ਹੈ। ਜ਼ਮੀਨ ਵਿੱਚ ਫ਼ਸਲਾਂ ਲਈ ਲਾਭਦਾਇਕ ਜੀਵ ਜੰਤੂ ਮਰ ਜਾਂਦੇ ਹਨ। ਸਾਹ ਦੀਆਂ ਬੀਮਾਰੀਆਂ ਵਿੱਚ ਵਾਧਾ ਹੁੰਦਾ ਹੈ। ਇਸ ਮੀਟਿੰਗ ਵਿੱਚ ਕੁਲਜੀਤ ਸਿੰਘ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਨੇ ਆਪਣੇ ਜੀਵਨ ਦੌਰਾਨ ਹੋਏ ਖੱਟੇ ਮਿੱਠੇ ਤਜ਼ਰਬਿਆਂ ਬਾਰੇ ਜਾਣਕਾਰੀ ਦਿੱਤੀ। ਨਰਾਤਾ ਸਿੰਘ ਸਿੱਧੂ ਦਾ 89ਵਾਂ ਅਤੇ ਉਸਦੀ ਪਤਨੀ ਨਸੀਬ ਕੌਰ ਸਿੱਧੂ ਦਾ 87ਵਾਂ ਜਨਮ ਦਿਨ ਕੇਕ ਕੱਟਕੇ ਮਨਾਇਆ ਗਿਆ। ਲੋਕ ਸੰਪਰਕ ਪਰਿਵਾਰ ਵੱਲੋਂ ਨਰਾਤਾ ਸਿੰਘ ਸਿੱਧੂ ਅਤੇ ਨਸੀਬ ਕੌਰ ਸਿੱਧੂ ਨੂੰ ਜਨਮ ਦਿਨ ਦੀ ਵਧਾਈ ਦਿੰਦਿਆਂ ਤੰਦਰੁਸਤ ਤੇ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਨਰਾਤਾ ਸਿੰਘ ਸਿੱਧੂ ਨੇ ਦੁਪਹਿਰ ਦੇ ਖਾਣੇ ਦਾ ਇੰਤਜ਼ਾਮ ਕੀਤਾ। ਇਸ ਮੌਕੇ 'ਤੇ ਸੁਰਜੀਤ ਸਿੰਘ ਸੈਣੀ ਪ੍ਰਧਾਨ, ਉਜਾਗਰ ਸਿੰਘ, ਸੁਰਜੀਤ ਸਿੰਘ ਦੁੱਖੀ, ਕੁਲਜੀਤ ਸਿੰਘ, ਪਰਮਜੀਤ ਕੌਰ ਸੋਢੀ, ਅਸ਼ੋਕ ਕੁਮਾਰ ਸ਼ਰਮਾ, ਸ਼ਾਮ ਸੁੰਦਰ , ਨਵਲ ਕਿਸ਼ੋਰ, ਪਰਮਜੀਤ ਸਿੰਘ ਸੇਠੀ, ਬਿਮਲ ਕੁਮਾਰ ਚਕੋਤਰਾ, ਜੀ ਪੀ ਸਿੰਘ, ਵਜ਼ੀਰ ਸਿੰਘ, ਜੀ ਆਰ ਕੁਮਰਾ ਤੇ ਅਮਰਜੀਤ ਕੌਰ ਵੀ ਹਾਜ਼ਰ ਸਨ।

# ਪੁਰਸ਼ੋਤਮ ਵਾਹਦ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਬਣੇ ਪਿੰਡ ਵਾਹਦ ਦੇ ਸਰਪੰਚ



**ਫਗਵਾੜਾ (ਬੀ.ਕੇ. ਰੱਤੂ)**– ਪਿੰਡ ਵਾਹਦ ਵਿਖੇ ਹੋਈਆਂ ਪੰਚਾਇਤੀ ਚੋਣਾਂ ਵਿਚ ਸਰਪੰਚੀ ਦੇ ਉਮੀਦ-ਵਾਰ ਪੁਰਸ਼ੋਤਮ ਵਾਹਦ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ ਮਾਤ ਦਿੰਦੇ ਹੋਏ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਉਪਰੰਤ ਸਮੂਹ ਵੋਟਰਾਂ ਅਤੇ ਸਪੋਰਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਜੋ ਵਿਸ਼ਵਾਸ ਪਿੰਡ ਦੇ ਵੋਟਰਾਂ ਨੇ ਉਹਨਾਂ ਪ੍ਰਤੀ ਪ੍ਰਗਟਾਇਆ ਹੈ, ਉਸ ਤੇ ਪੂਰਾ ਉਤਰਨਗੇ ਅਤੇ ਪਿੰਡ ਦਾ ਸਮੁੱਚਾ ਵਿਕਾਸ ਮੈਰਿਟ ਦੇ ਅਧਾਰ ਤੇ ਕਰਵਾਇਆ ਜਾਵੇਗਾ। ਉਹਨਾਂ ਦੇ ਨਾਲ ਹੀ ਨਵੇਂ ਚੁਣੇ ਗਏ ਸਮੂਹ ਪੰਚਾਇਤ ਮੈਂਬਰਾਂ ਨੇ ਵੀ ਪਰਮਾਤਮਾ ਦਾ ਸ਼ੁਕਰਾਨਾ ਅਤੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਨਵੀਂ ਬਣੀ ਪੰਚਾਇਤ ਦਾ ਸਮੂਹ ਪਿੰਡ ਵਾ-ਸੀਆਂ ਵਲੋਂ ਸਵਾਗਤ ਕੀਤਾ ਗਿਆ। ਪਿੰਡ ਦੇ ਪਤਵੰਤਿਆਂ ਨੇ ਕਿਹਾ ਕਿ ਚੋਣਾਂ ਤੋਂ ਬਾਅਦ ਕਿਸੇ ਦਾ ਕਿਸੇ ਨਾਲ ਵੀ ਕਿਸੇ ਤਰ੍ਹਾਂ ਦਾ ਕੋਈ ਗਿਲਾ ਸ਼ਿਕਵਾ ਨਹੀਂ ਹੈ। ਪਿੰਡ ਦੀ ਭਾਈਚਾਰਕ ਸਾਂਝ ਨੂੰ ਮਜਬੂਤ ਰੱਖਦੇ ਹੋਏ ਨਵੀਂ ਬਣੀ ਪੰਚਾਇਤ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਪਿੰਡ ਦੇ ਵਿਕਾਸ ਵਿਚ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਪੇਸ਼ ਨਾ ਆਵੇ। ਇਸ ਮੌਕੇ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜਰ ਸਨ।

# ਸਹੂੰਗੜਾ ਪਿੰਡ ਦੇ ਐਸ ਸੀ ਛੱਪੜ ਸਮੇਤ ਸਾਰੇ ਮਸਲੇ ਪਹਿਲ ਦੇ ਆਧਾਰ ਤੇ ਹੱਲ ਹੋਣਗੇ - ਐਮ ਐਲ ਏ ਸੰਤੋਸ਼ ਕਟਾਰੀਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)**– ਅੱਜ ਪਿੰਡ ਸਹੂੰਗੜਾ ਬਲਾਕ ਸੜੋਆ ਦੀ ਵਧੀਆ ਮੁਕਾਬਲੇ ਵਿੱਚ ਚੁਣੀ ਗਈ ਨਵੀਂ ਪੰਚਾਇਤ ਨੇ ਸਮੂਹ ਮੋਹਤਬਰਾਂ ਸਮੇਤ ਬਲਾਚੌਰ ਦੀ ਹਲਕਾ ਵਿਧਾਇਕ ਸ਼੍ਰੀਮਤੀ ਸੰਤੋਸ਼ ਕਟਾਰੀਆ ਦੇ ਘਰ ਜਾ ਕੇ ਹਾਜਰੀ ਲਗਵਾਈ। ਇਸ ਮੌਕੇ ਸਹੂੰਗੜਾ ਪਿੰਡ ਦੇ ਨਵੇਂ ਚੁਣੇ ਗਏ ਸਰਪੰਚ ਡਾਕਟਰ ਹਰਭਜਨ ਸਿੰਘ, ਪੰਚ ਰਸ਼ਪਾਲ ਸਿੰਘ, ਪੰਚ ਕੁਲਦੀਪ ਸਿੰਘ, ਨੰਬਰਦਾਰ ਸਤਨਾਮ ਸਿੰਘ ਖੇਲਾ, ਪ੍ਰਧਾਨ ਹਰਨੇਕ ਸਿੰਘ ਖੇਲਾ, ਬਲਾਕ ਪ੍ਰਧਾਨ ਸਤਨਾਮ ਸੱਤੂ, ਆਪ ਵਰਕਰ ਕਸ਼ਮੀਰ ਸਿੰਘ, ਹਰਭਜਨ ਸਿੰਘ ਮੰਗੀ ਸਮੇਤ ਸਾਰਿਆਂ ਨੇ ਪਹਿਲਾਂ ਨਵੇਂ ਸਰਪੰਚ ਡਾਕਟਰ ਹਰਭਜਨ ਸਿੰਘ ਦੀ ਨੁਮਾਇੰਦਗੀ ਵਿੱਚ ਐਮ ਐਲ ਏ ਨੂੰ ਮਠਿਆਈ ਦਾ ਡੱਬਾ ਦਿੱਤਾ ਗਿਆ। ਉਪਰੰਤ ਐਮ ਐਲ ਏ ਸ਼੍ਰੀਮਤੀ ਸੰਤੋਸ਼ ਕਟ-ਾਰੀਆ ਨੇ ਆਪਣੇ ਘਰ ਆਉਣ ਤੇ ਸਾਰਿਆਂ ਨੂੰ ਜੀ ਆਇਆ ਆਖਿਆ ਤੇ ਪਹੁੰਚੇ ਸਾਰੇ ਮੋਹਤਬਰਾਂ ਦੇ ਗਲਾਂ ਵਿੱਚ ਹਾਰ ਪਾ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਹੋਈ ਮੀਟਿੰਗ ਦੌਰਾਨ ਐਮ ਐਲ ਏ ਤੇ ਨਾਲ ਬੈਠੇ ਆਪ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਵਲੋਂ ਪਹੁੰਚੇ ਸਾਰੇ ਮੋਹਤਬਰਾਂ ਨੂੰ ਭਰੋਸਾ ਦਿੱਤਾ ਕਿ ਤੁਸੀਂ ਜੋ ਵੀ ਸਾਥੋਂ ਕੰਮ ਕਰਵਾਉਣਾ ਚਾਹੁੰਦੇ ਹੋ। ਅਸੀਂ ਤੁਹਾਡੇ ਪਿੰਡ ਦੇ ਵਿਕਾਸ ਦੇ ਮਾਮਲੇ ਵਿੱਚ ਹਰ ਤਰ੍ਹਾਂ ਨਾਲ ਸਹਿਯੋਗ ਕਰਨ ਲਈ ਵਚਨਬੱਧ ਹਾਂ। ਜਿੰਨੇ ਵੀ ਪੈਸੇ ਦੀ ਜਰੂਰਤ ਹੋਈ, ਹਰ ਮੰਗ ਪੂਰੀ ਕਰਨ ਵਿਚ ਸਾਡੇ ਵਲੋਂ ਕੋਈ



ਕਮੀ ਨਹੀਂ ਰਹੇਗੀ। ਇਸ ਮੌਕੇ ਸਮੂਹ ਮੋਹਤਬਰਾਂ ਨੇ ਇਕ ਆਵਾਜ ਨਾਲ ਪਿੰਡ ਦੇ ਐਸ ਸੀ ਛੱਪੜ ਜੋ ਪਿਛਲੀ ਪੰਚਾਇਤ ਨੇ 1700-1800 ਟਰਾਲੀ ਮਿੱਟੀ ਦੀ ਪਾ ਕੇ ਅੱਧੇ ਤੋਂ ਜਿਆਦਾ ਪੂਰ ਦਿੱਤਾ ਸੀ, ਵਾਰੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਕਿ ਸਾਡੇ ਪਿੰਡ ਤੋਂ ਦੂਰ ਦੂਰ ਜਾਣ ਤੇ ਧਾਰਮਿਕ ਅਸਥਾਨਾਂ ਨੂੰ ਮੱਥਾ ਟੇਕਣ ਜਾਣ ਵਾਲੀ ਸੰਗਤ ਵੀ ਇਸ ਨਜਦੀਕੀ ਰਸਤੇ ਤੋਂ ਹੀ ਤਿਉਹਾਰਾਂ ਦੇ ਸਮੇਂ ਗੁਜਰਦੀ ਹੈ। ਪਰ ਪਿਛਲੀ ਪੰਚਾਇਤ ਦੀ ਨਲਾਇਕੀ ਕਾਰਨ ਛੱਪੜ ਵਿੱਚ ਨਜਾਇਜ ਢੰਗ ਨਾਲ ਮਿੱਟੀ ਪਾਉਣ ਕਾਰਨ ਉਹ ਰਸਤਾ ਖਰਾਬ ਹੋ ਗਿਆ ਹੈ। ਉਸ ਰਸਤੇ ਹੁਣ ਆਮ ਰਾਹਗੀਰਾਂ ਸਮੇਤ ਪਿੰਡ ਦੇ ਲੋਕ ਵੀ ਬਹੁਤ ਦੁਖੀ ਹਨ। ਉਸ ਰਸਤੇ ਨੂੰ ਪਹਿਲ ਦੇ ਆਧਾਰ ਤੇ ਬਣਾਇਆ ਜਾਵੇ ਤੇ ਛੱਪੜ ਨੂੰ ਖਾਲੀ ਕਰਵਾ ਉਸ ਵਿੱਚ ਸੜਕਾਂ ਤੇ ਘੁੰਮਦਾ ਸਾਰਾ ਗੰਦਾ ਪਾਣੀ ਪਾਇਆ ਜਾਵੇ। ਜਿਸ ਨਾਲ ਪਿੰਡ ਦੇ ਲੋਕਾਂ ਤੇ ਆਮ ਰਾਹਗੀਰਾਂ ਨੂੰ ਪਿੰਡ ਵਿੱਚ ਪਏ ਨਰਕ ਤੋਂ ਮੁਕਤੀ ਮਿਲ ਸਕੇ। ਇਸ ਮੌਕੇ ਵਿਧਾਇਕ ਸ਼੍ਰੀਮਤੀ ਸੰਤੋਸ਼ ਕਟਾਰੀਆ ਤੇ ਅਸ਼ੋਕ ਕਟਾਰੀਆ ਵਲੋਂ ਸਮੂਹ ਮੋਹਤਬਰਾਂ ਨੂੰ ਪੂਰਾ ਭਰੋਸਾ ਦਿੰਦਿਆਂ ਕਿਹਾ ਕਿ ਉਸ ਛੱਪੜ ਤੇ ਰਸਤੇ ਸਮੇਤ ਪਿੰਡ ਸਹੂੰਗੜੇ ਦੇ ਹੋਰ ਜੋ ਵੀ ਮਸਲੇ ਹੋਣਗੇ, ਉਹ ਪਹਿਲ ਦੇ ਆਧਾਰ ਤੇ ਪੂਰੇ ਉਤਸ਼ਾਹ ਨਾਲ ਹੱਲ ਕਰਕੇ ਦਿੱਤੇ ਜਾਣਗੇ। ਵਿਕਾਸ ਦੇ ਮਾਮਲੇ ਵਿੱਚ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਬਾਕੀ ਉਹਨਾਂ ਚੁਣੀ ਨਵੀਂ ਸਮੂਹ ਪੰਚਾਇਤ ਨੂੰ ਵਧਾਈ ਦਿੰਦਿਆ ਕਿਹਾ ਕਿ ਪਿੰਡ ਦੇ ਸਾਰੇ ਮਸਲੇ ਪਿੰਡ ਵਿੱਚ ਹੀ ਨਿਪਟਾਉਣ ਦੀ ਕੋਸ਼ਿਸ਼ ਕਰਿ । ਕੋਈ ਜਿਆਦਾ ਹੀ ਸੰਗੀਨ ਮਸਲਾ ਹੋਇਆ ਤਾਂ ਉਹ ਹੀ ਵੱਡੇ ਅਫਸਰਾਂ ਤੱਕ ਜਾਵੇ, ਹੋਰ ਜੋ ਤੁਸੀਂ ਪਿੰਡ ਵਿੱਚ ਹੀ ਨਿਪਟਾ ਸਕਦੇ ਹੋ ਉਹ ਪਿੰਡ ਵਿੱਚ ਮੁਕਾ ਦੇਣੇ। ਇਸ ਦੌਰਾਨ ਸਾਰਿਆਂ ਦਾ ਵਿਧਾਇਕ ਵਲੋਂ ਹਾਰ ਪਾ ਕੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਰਪੰਚ ਹਰਭਜਨ ਸਿੰਘ, ਪੰਚ ਰਸ਼ਪਾਲ ਸਿੰਘ, ਪੰਚ ਕੁਲਦੀਪ ਸਿੰਘ ਨੰਬਰਦਾਰ ਸਤਨਾਮ ਸਿੰਘ ਖੇਲਾ, ਪ੍ਰਧਾਨ ਹਰਨੇਕ ਸਿੰਘ ਖੇਲਾ, ਪੰਚ ਅਜੀਤਪਾਲ ਸਿੰਘ, ਬਲਾਕ ਪ੍ਰਧਾਨ ਸਤਨਾਮ ਸੱਤੂ, ਵਰਕਰ ਕਸ਼ਮੀਰ ਸਿੰਘ, ਹਰਭਜਨ ਸਿੰਘ ਮੰਗੀ ਸਮੇਤ ਹੋਰ ਵੀ ਹਾਜ਼ਰ ਸਨ।

# ਦੋਸ਼ੀਆਂ ਦੀ ਗ੍ਰਿਫਤਾਰੀ ਲਈ ਗੁਰਸੇਵਾ ਨਰਸਿੰਗ ਕਾਲਜ ਦੇ ਅੱਗੇ ਧਰਨਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**– ਗੁਰਸੇਵਾ ਨਰਸਿੰਗ ਕਾਲਜ ਦੀ ਮੈਂਨਜਮੈਂਟ ਵਲੋ ਆਸ਼ਿਕ ਖਾਨ ਨਾਂ ਦੇ ਵਿਦਿਆਰਥੀ ਨੂੰ ਖੁਦਕਸ਼ੀ ਲਈ ਮਜਬੂਰ ਕਰਨ ਵਾਲੇ ਮੁਲਜਮਾਂ ਖਿਲਾਫ 306 ਦਾ ਮੁਕੱਦਮਾ ਦਰਜ ਹੋਣ ਦੇ ਬਾਵਜੂਦ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ। ਜਿਸ ਦੇ ਰੋਸ ਵਜੋਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਕਾਲਜ ਦੇ ਅੱਗੇ ਧਰਨਾ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਧਰਮਕੋਟ, ਜਿਲ੍ਹਾ ਆਗੂ ਰਾਜੂ ਬਰਨਾਲਾ, ਕਾਲਜ ਦੇ ਵਿਦਿਆਰਥੀ ਆਗੂ ਹਾਦੀ ਹੁਸੈਨ ਸ਼ੇਖ ਅਤੇ ਇਮਤਿਆਜ਼ ਖਾਨ ਨੇ ਕਿਹਾ ਕਿ ਕਾਲਜ ਦੇ ਵਿਦਿਆਰਥੀ ਨੂੰ ਖੁਦਕੁਸ਼ੀ ਦੇ ਲਈ ਮਜਬੂਰ ਕਰਨ ਲਈ ਜਿੰਮੇਵਾਰ ਅਧਿਕਾਰੀਆਂ, ਜਿਸ ਵਿੱਚ ਕਾਲਜ ਦੀ ਡਾਇਰੈਕਟਰ ਦਵਿੰਦਰ ਕੌਰ ਰਾਏ ਅਤੇ ਵਾਈਸ ਪ੍ਰਿੰਸੀਪਲ ਕਮਲਦੀਪ ਕੌਰ ਸ਼ਾਮਿਲ ਹੈ, ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਅਤੇ ਨਾ ਹੀ ਵਿਦਿਆਰਥੀਆਂ ਮੰਗਾਂ ਨੂੰ ਅਜੇ ਤੱਕ ਮੰਨਿਆ ਗਿਆ। ਜਿਸ ਦੇ ਰੋਜ਼ ਵਜੋਂ ਲਗਾਤਾਰ ਵਿਦਿਆਰਥੀ ਧਰਨੇ ਉੱਤੇ ਬੈਠੇ ਹਨ। ਇਸ ਦੇ ਉਲਟ ਮੈਨਜਮੈਂਟ ਵਲੋਂ ਸ਼ਾਂਤੀ ਪੂਰਵਕ ਚੱਲ ਰਹੇ ਰੋਸ ਪ੍ਰਦਰਸ਼ਨ ਦੇ ਵਿੱਚ ਕੁਝ



ਸ਼ਰਾਰਤੀ ਅਨਸਰ ਭੇਜ ਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਮੈਨੇਜਮੈਂਟ ਵਲੋਂ ਵਿਦਿਆਰਥੀਆਂ ਨੂੰ ਡਰਾ ਧਮਕਾ ਕੇ ਨਜਾਇਜ਼ ਫੀਸਾਂ ਅਤੇ ਜੁਰਮਾਨੇ ਵਸੂਲੇ ਜਾਂਦੇ ਹਨ। ਕਾਲਜ ਦਾ ਸਮਾਂ 9 ਵਜੇ ਨਾ ਹੋਣ ਦੀ ਬਜਾਏ :830 ਰੱਖਿਆ ਹੈ ਅਤੇ ਜੇਕਰ ਕੋਈ ਲੇਟ ਹੋ ਜਾਂਦਾ ਹੈ ਤਾਂ ਉਸ ਨੂੰ ਵੀ ਭਾਰੀ ਜੁਰਮਾਨਾ ਕੀਤਾ ਜਾਂਦਾ। ਹੋਸਟਲ ਵਾਲੇ ਵਿਦਿਆਰਥੀਆਂ ਨੂੰ ਵੀ ਖਰਾਬ ਖਾਣਾ ਦਿੱਤਾ ਜਾਂਦਾ ਹੈ। ਜਿਸ ਦੇ ਕਰਕੇ ਕਈ ਵਾਰ ਵਿਦਿਆਰਥੀ ਬਿਮਾਰ ਹੋਏ ਹਨ। ਬਹੁਤ ਸਾਰੇ ਵਿਦਿਆਰਥੀਆਂ ਦਾ ਦਾਖਲਾ ਕੌਂਸਲਿੰਗ ਰਾਹੀਂ ਹੋਣ ਦੇ ਬਾਵਜੂਦ ਵੀ ਉਨਾਂ ਵੱਲੋਂ ਫੀਸ ਲਏ ਜਾਣ ਦੇ ਬਾਵਜੂਦ ਵੀ ਦਾਖਲਾ ਨਹੀਂ ਦਿੱਤਾ ਗਿਆ। ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਦੀ ਵੀ ਉਲੰਘਣਾ ਕਰਕੇ ਐ ਸ . ਸੀ / ਐ ਸ . ਟੀ ਵਿਦਿਆਰਥੀਆਂ ਕੋਲੋਂ ਦਾਖਲੇ ਸਮੇਂ ਫੀਸਾਂ ਵਸੂਲੀਆਂ ਜਾਂਦੀਆਂ ਹਨ। ਜਦ ਕਿ ਦਾਖਲੇ ਸਮੇਂ ਉਹਨਾਂ ਕੋਲੋਂ ਕੋਈ ਵੀ ਨਾ ਮੁੜਨ ਯੋਗ ਫੀਸ ਅਤੇ ਫੰਡ ਨਹੀਂ ਲਿਆ ਜਾ ਸਕਦਾ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਜੇਕਰ ਕੱਲ੍ਹ ਦੀ ਮੀਟਿੰਗ ਦੇ ਵਿੱਚ ਇਹਨਾਂ ਮੰਗਾਂ ਦੇ ਪ੍ਰਤੀ ਗੰਭੀਰਤਾ ਨਾਲ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਦੇ ਵਿੱਚ ਵੱਡਾ ਸੰਘਰਸ਼ ਕੀਤਾ ਜਾਵੇਗਾ। ਜਿਸ ਦਾ ਜਿੰਮੇਵਾਰ ਜ਼ਿਲ੍ਹਾ ਪ੍ਰਸ਼ਾਸਨ ਹੋਵੇਗਾ।

ਇਸ ਮੌਕੇ ਕਾਲਜ ਦੀ ਮੈਨੇਜਮੈਂਟ ਵਿਰੁੱਧ ਜੋਰਦਾਰ ਨਾਰੇਬਾਜੀ ਕੀਤੀ ਗਈ। ਰੋਸ ਪ੍ਰਦਰਸ਼ਨ ਦੇ ਵਿੱਚ ਅਸ਼ਵਨੀ ਕੁਮਾਰ, ਰਫ਼ਾਤਕ਼ ਹੁਸੈਨ, ਸੋਇਬ, ਯਾਕੂਬ, ਰੋਹਿਤ, ਲਵਪ੍ਰੀਤ ਕੌਰ, ਜਸਪ੍ਰੀਤ ਕੌਰ, ਅਮਨਦੀਪ ਕੌਰ, ਪ੍ਰਿਆ, ਅੰਮ੍ਰਿਤ ਕੌਰ, ਹਰਸਿਮਰਨ ਪ੍ਰੀਤ ਕੌਰ, ਦਿਕਸ਼ਾ, ਸਿਮਰਨ ਕੌਰ, ਮਨਪ੍ਰੀਤ ਕੌਰ, ਸੋਹੇਲ ਤੈ ਅਰਮਾਨ ਆਦਿ ਮੌਜੂਦ ਸਨ।

# ਯੂਥ ਸਿਟੀਜ਼ਨ ਕੌਂਸਲ ਨੇ ਐਡਵੋਕੇਟ ਬੇਦੀ ਨੂੰ ਸਰਪੰਚ ਬਣਨ 'ਤੇ ਸਨਮਾਨਿਤ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਯੂਥ ਸਿਟੀਜ਼ਨ ਕੌਂਸਲ ਪੰਜਾਬ ਵੱਲੋਂ ਪਿੰਡ ਸਲੇਰਾਂ ਤੋਂ ਨਵੇਂ ਚੁਣੇ ਗਏ ਸਰਪੰਚ ਐਡਵੋਕੇਟ ਨਵਜਿੰਦਰ ਸਿੰਘ ਬੇਦੀ ਨੂੰ ਸਨਮਾਨਿਤ ਕਰਨ ਲਈ ਜ਼ਿਲ੍ਹਾ ਪ੍ਰਧਾਨ ਡਾ: ਪੰਕਜ ਸ਼ਰਮਾ ਦੀ ਅਗਵਾਈ ਹੇਠ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੂਬਾ ਪ੍ਰਧਾਨ ਡਾ: ਰਮਨ ਘਈ ਵਿਸ਼ੇਸ਼ ਤੌਰ 'ਤੇ ਪਹੁੰਚੇ



ਅਤੇ ਸਭਾ ਦੀ ਤਰਫ਼ੋਂ ਸ੍ਰੀ ਬੇਦੀ ਦਾ ਸਨਮਾਨ ਕੀਤਾ। ਇਸ ਮੌਕੇ ਡਾ: ਘਈ ਨੇ ਕਿਹਾ ਕਿ ਐਡਵੋਕੇਟ ਬੇਦੀ ਦੇ ਪਿਤਾ ਵੀ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੀ ਮਾਤਾ ਨੇ ਵੀ ਸਰਪੰਚ ਦੇ ਅਹੁਦੇ 'ਤੇ ਰਹਿ ਕੇ ਪਿੰਡ ਵਾਸੀਆਂ ਦੀ ਸੇਵਾ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਦਿੱਤੇ ਮਾਰਗ ਦਰਸ਼ਨ 'ਤੇ ਚੱਲਦਿਆਂ ਐਡਵੋਕੇਟ ਬੇਦੀ ਦੂਜੀ ਵਾਰ ਪਿੰਡ ਦੇ ਸਰਪੰਚ ਬਣੇ ਹਨ ਅਤੇ ਇਸ ਲਈ ਕੌਂਸਲ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ ਕਰਦੀ ਹੈ। ਐਡਵੋਕੇਟ ਬੇਦੀ ਨੂੰ ਵਧਾਈ ਦਿੰਦਿਆਂ ਡਾ: ਘਈ ਨੇ ਉਨ੍ਹਾਂ ਨੂੰ ਇਸੇ ਲਗਨ ਅਤੇ ਲਗਨ ਨਾਲ ਪਿੰਡ ਵਾਸੀਆਂ ਦੀ ਸੇਵਾ ਕਰਦੇ ਰਹਿਣ ਅਤੇ ਪਿੰਡ ਦਾ ਵਿਕਾਸ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਡਾ: ਪੰਕਜ ਸ਼ਰਮਾ ਅਤੇ ਹੋਰਨਾਂ ਨੇ ਵੀ ਐਡਵੋਕੇਟ ਬੇਦੀ ਨੂੰ ਸਰਪੰਚ ਬਣਨ 'ਤੇ ਵਧਾਈ ਦਿੱਤੀ ਅਤੇ ਪਹਿਲਾਂ ਨਾਲੋਂ ਵੀ ਵਧੀਆ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗਿਆਨ ਬਾਂਸਲ, ਮਨੋਜ ਸ਼ਰਮਾ, ਅਸ਼ਵਨੀ ਹਰੀ, ਗੌਰਵ ਵਾਲੀਆ, ਮੋਹਿਤ ਸੰਧੂ, ਮਯੰਕ ਸ਼ਰਮਾ, ਰਮਨੀਸ਼ ਘਈ, ਜਸਵੀਰ ਸਿੰਘ, ਦਲਜੀਤ ਸਿੰਘ, ਰਾਹੁਲ, ਗਗਨ ਸ਼ਰਮਾ, ਵਰੁਣ ਕਤਿਆਲ, ਵਿੱਕੀ ਵਰਮਾ ਅਤੇ ਹੋਰ ਮੈਂਬਰ ਹਾਜ਼ਰ ਸਨ।

# ਸਿੱਖ ਧਰਮ ਦੇ ਪੈਰੋਕਾਰਾਂ ਲਈ ਪੰਜ ਤਖ਼ਤ ਸਰਵੋਤਮ ਹਨ



ਸਿੱਖ ਧਰਮ ਦੇ ਪੈਰੋਕਾਰਾਂ ਲਈ ਪੰਜ ਤਖ਼ਤ ਸਰਵੋਤਮ ਹਨ। ਇਨ੍ਹਾਂ ਤਖ਼ਤਾਂ ਅਤੇ ਉਨ੍ਹਾਂ 'ਤੇ ਸ਼ਸ਼ੋਭਤ ਜਥੇਦਾਰ ਸਾਹਿਬਾਨ ਬਾਰੇ ਕੋਈ ਕਿੰਤੂ ਪ੍ਰੰਤੂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਿਆਣਪ ਤੋਂ ਕੰਮ ਲੈਂਦਿਆਂ ਗਿਅਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਅਸਤੀਫ਼ਾ ਰੱਦ ਕਰਕੇ ਤਖ਼ਤਾਂ ਦੇ ਜਥੇਦਾਰ/ਸਿੱਖ ਸੰਗਤ ਅਤੇ ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ/ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਸੀ ਟਕਰਾ ਤੋਂ ਬਚਾ ਲਿਆ ਹੈ। ਜਿਸ ਤਰ੍ਹਾਂ ਹੁਣ ਸਿੱਖ ਧਰਮ ਦੇ ਵਕਾਰ ਨੂੰ ਸੱਟ ਮਾਰਨ ਲਈ ਹਮਲਾ ਹੋਇਆ ਹੈ, ਇਸੇ ਤਰ੍ਹਾਂ ਸਿੱਖ ਧਰਮ ਦੀ ਵੱਧਦੀ ਮਹੱਤਤਾ ਨੂੰ ਰੋਕਣ ਲਈ ਕਈ ਵਾਰ ਪਹਿਲਾਂ ਵੀ ਹਮਲੇ ਹੋਏ ਹਨ। ਅਕਾਲੀ ਫੂਲਾ ਸਿੰਘ ਤੋਂ ਬਾਅਦ ਪਹਿਲੀ ਵਾਰ ਸਿੱਖ ਪੰਥ ਦੇ ਜਥੇਦਾਰ ਸਾਹਿਬਨ ਵੱਲੋਂ ਪੰਥ ਵਿਰੋਧੀਆਂ ਦੀਆਂ ਅਵੱਗਿਆਵਾਂ ਬਾਰੇ ਦਲੇਰੀ ਵਾਲਾ ਫ਼ੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਇੱਕ ਸਾਬਕਾ ਸੀਨੀਅਰ ਅਕਾਲੀ ਨੇਤਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਸੰਬੰਧੀ ਕੀਤੇ ਗਏ ਕਿੰਤੂ ਪ੍ਰੰਤੂ ਤੋਂ ਬਾਅਦ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਅਚਾਨਕ ਅਸਤੀਫ਼ਾ ਦੇਣ ਨਾਲ ਸਿੱਖ ਪੰਥ ਹੈਰਾਨ ਅਤੇ ਪ੍ਰੇਸ਼ਾਨ ਹੋ ਗਿਆ ਸੀ ਕਿਉਂਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਇੱਕ ਸੁਲਝਿਆ ਹੋਇਆ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਵਾਲਾ ਦਲੇਰ ਜਥੇਦਾਰ ਸਮਝਿਆ ਜਾ ਰਿਹਾ ਹੈ। ਸਿੱਖ ਪੰਥ ਵਿੱਚ ਚਿੰਤਾ ਦੀ ਸਥਿਤੀ ਪੈਦਾ ਹੋ ਗਈ ਸੀ। 30 ਅਗਸਤ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਤੋਂ ਬਾਅਦ ਪਾਰਟੀ ਦੇ ਭਵਿਖ ਲਈ ਘਬਰਾਹਟ ਵਿੱਚ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਸ਼ਪਸ਼ਟੀਕਰਨ ਦੇਣ ਤੋਂ ਬਾਅਦ ਕੋਈ ਫ਼ੈਸਲਾ ਨਹੀਂ ਕੀਤਾ ਗਿਆ। ਤਨਖ਼ਾਹੀਆ ਪ੍ਰਧਾਨ ਸਿਆਸੀ ਕਾਰਵਾਈ ਨਹੀਂ ਕਰ ਸਕਦਾ, ਇਸ ਕਰਕੇ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ/ਕੋਟਰੀ ਬਹੁਤ ਜ਼ਿਆਦਾ ਚਿੰਤਾ ਵਿੱਚ ਹਨ। ਪ੍ਰੰਤੂ ਸੁਖਬੀਰ ਸਿੰਘ ਬਾਦਲ ਨੇ ਫਿਰ ਅਵੱਗਿਆ ਕਰਕੇ ਪੰਚਾਇਤ ਚੋਣਾਂ ਵਿੱਚ ਪ੍ਰਚਾਰ ਕੀਤਾ ਹੈ। ਦੂਜੇ ਪਾਸੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਦੀਆਂ ਉਪ ਚੋਣਾਂ ਦਾ ਐਲਾਨ ਹੋ ਗਿਆ ਹੈ। ਸਾਬਕਾ ਅਕਾਲੀ ਨੇਤਾ ਵਿਰਸਾ ਸਿੰਘ ਵਲਟੋਹਾ ਨੇ ਸੁਖਬੀਰ ਸਿੰਘ ਬਾਦਲ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਫ਼ੈਸਲੇ ਨੂੰ ਲਮਕਾਉਣ ਦੇ ਦੋਸ਼ ਲਗਾਏ ਅਤੇ ਮਰਿਆਦਾ ਵਿੱਚ ਨਾ ਰਹਿੰਦਿਆ ਜਥੇਦਾਰ ਸਾਹਿਬਾਨ ਬਾਰੇ ਬਿਆਨਬਾਜ਼ੀ ਕੀਤੀ ਗਈ ਸੀ। ਜਿਸ ਕਰਕੇ ਵਿਰਸਾ ਸਿੰਘ ਵਲਟੋਹਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਪੱਖ ਸ਼ਪਸ਼ਟ ਕਰਨ ਲਈ ਬੁਲਾਇਆ ਗਿਆ ਸੀ। ਆਪਣਾ ਪੱਖ ਪੇਸ਼ ਕਰਦਿਆਂ ਵਿਰਸਾ ਸਿੰਘ ਵਲਟੋਹਾ ਨੇ ਗਿਆਨੀ ਹਰਪ੍ਰੀਤ ਸਿੰਘ 'ਤੇ ਭਾਰਤੀ ਜਨਤਾ ਪਾਰਟੀ ਅਤੇ ਆਰ।ਐਸ।ਐਸ। ਦਾ ਏਜੰਟ ਹੋਣ ਦੇ ਦੋਸ਼ ਲਗਾ ਦਿੱਤੇ। ਜਿਹੜੇ ਨੇਤਾ ਗਿਆਨੀ ਹਰਪ੍ਰੀਤ ਸਿੰਘ ਉਪਰ ਬੀ।ਜੇ।ਪੀ।ਅਤੇ ਆਰ।ਐਸ।ਐਸ। ਨਾਲ ਮਿਲੇ ਹੋਣ ਦਾ ਇਲਜ਼ਾਮ ਲਗਾ ਰਹੇ ਹਨ, ਹਾਲਾਂ ਕਿ ਉਨ੍ਹਾਂ ਦਾ ਅਕਾਲੀ ਦਲ ਆਪ 1996 ਤੋਂ ਲਗਾਤਾਰ ਬੀ।ਜੇ।ਪੀ। ਦੇ ਭਾਈਵਾਲ ਬਣੇ ਹੋਏ ਹਨ। ਪੰਜ ਸਿੰਘ ਸਾਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ 10 ਸਾਲ ਲਈ ਕੱਢਣ ਦਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਨੂੰ ਹੁਕਮ ਦੇ ਦਿੱਤਾ। ਇਸ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਨੇ ਸ਼ੋਸ਼ਲ ਮੀਡੀਆ ਤੇ ਫਿਰ ਆਪਣੇ ਦੋਸ਼ ਦੁਹਰਾ ਦਿੱਤੇ। ਗਿਆਨੀ ਹਰਪ੍ਰੀਤ ਸਿੰਘ ਦੇ ਕਹਿਣ ਅਨੁਸਾਰ ਉਸ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ ਅਤੇ ਉਸ ਦੀਆਂ ਪਰਵਾਸ ਵਿੱਚ ਪੜ੍ਹਾਈ ਕਰ ਰਹੀਆਂ ਧੀਆਂ ਬਾਰੇ ਅਪਸ਼ਬਦ ਕਹੇ ਗਏ ਅਤੇ ਉਨ੍ਹਾਂ ਨੂੰ ਅਗਵਾ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਇਸ ਲਈ ਉਹ ਅਸਤੀਫ਼ਾ ਦੇ ਰਹੇ ਹਨ। ਗਿਆਨੀ ਰਘਵੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫਾ ਪ੍ਰਵਾਨ ਨਾ ਕਰਨ ਦੇ ਹੁਕਮ ਕਰ ਦਿੱਤੇ ਸਨ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜੇਕਰ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫ਼ਾ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਸਮੇਤ ਬਾਕੀ ਜਥੇਦਾਰਾਂ ਨੂੰ ਅਸਤੀਫ਼ੇ ਦੇਣ ਲਈ ਮਜ਼ਬੂਰ ਹੋਣਾ ਪਵੇਗਾ। ਗਿਆਨੀ ਰਘਬੀਰ ਸਿੰਘ ਦੇ ਬਿਆਨ ਤੋਂ ਬਾਅਦ ਸਿੱਖ ਪੰਥ ਦਾ ਸੰਕਟ ਅਤਿਅੰਤ ਗਹਿਰਾ ਹੋ ਗਿਆ ਸੀ। ਇਉਂ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਤਾਕਤ ਤੋਂ ਬਿਨਾ ਰਹਿਣਾ ਮੁਸ਼ਕਲ ਹੋ ਗਿਆ ਲੱਗਦਾ ਹੈ। ਇਸ ਕਰਕੇ ਜਥੇਦਾਰ ਸਾਹਿਬਾਨ 'ਤੇ ਦਬਾਆ ਬਣਾਉਣ ਲਈ ਅਜਿਹੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।



ਉਜਾਗਰ ਸਿੰਘ
91-94178 13072

ਸ੍ਰੀ ਅਕਾਲ ਤਖ਼ਤ ਸਿੱਖ ਪੰਥ ਦੀ ਸਰਵੋਤਮ ਅਧਿਆਤਮਿਕ ਸੰਸਥਾ ਹੈ। ਇਸ ਸੰਸਥਾ 'ਤੇ ਸ਼ਸ਼ੋਭਤ ਹੋਣ ਵਾਲੇ ਵਿਅਕਤੀ ਵੀ ਨਿਯੁਕਤੀ ਤੋਂ ਬਾਅਦ ਸਰਵੋਤਮ ਹੋ ਜਾਂਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਪੀਰੀ ਦੇ ਸਿਧਾਂਤ ਦੀ ਸੋਚ ਦਾ ਪ੍ਰਤੀਕ ਹੈ। ਗੁਰੂ ਸਾਹਿਬ ਦਾ ਭਾਵ ਪੀਰੀ ਅਰਥਾਤ ਸਿੱਖ ਧਰਮ ਦੀ ਪ੍ਰਫੁਲਤਾ ਵਿੱਚ ਰੁਕਾਵਟ ਪਾਉਣ ਵਾਲੇ ਨੂੰ ਰੋਕਣ ਲਈ ਮੀਰੀ ਦਾ ਹੋਣਾ ਅਤਿਅੰਤ ਜ਼ਰੂਰੀ ਸੀ ਪ੍ਰੰਤੂ ਉਨ੍ਹਾਂ ਦਾ ਭਾਵ ਇਹ ਨਹੀਂ ਸੀ ਕਿ ਪੀਰੀ, ਮੀਰੀ ਅਰਥਾਤ ਧਰਮ (ਸਿਆਸੀ ਤਾਕਤ) ਦੇ ਅਧੀਨ ਹੋ ਜਾਵੇ, ਇਸ ਕਰਕੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਰਵਪ੍ਰਵਾਣਤ ਸਿੱਖ ਧਰਮ ਦੇ ਨੈਤਿਕ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਵਾਲੇ ਅਕਾਲੀ ਫੂਲਾ ਸਿੰਘ ਵਰਗੇ ਸਿਰਮੌਰ ਵਿਅਕਤੀ ਨਿਯੁਕਤ ਕੀਤੇ ਜਾਂਦੇ ਸਨ। ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾ ਨੂੰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ 'ਤੇ ਕਿੰਤੂ ਪ੍ਰੰਤੂ ਹੋਣ ਲੱਗ ਪਿਆ।

ਮੇਰਾ ਏਥੇ ਮਤਲਵ ਇਹ ਨਹੀਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਉਚੇ ਕਿਰਦਾਰ ਦੇ ਮਾਲਕ ਨਹੀ ਹੁੰਦੇ। ਪ੍ਰੰਤੂ ਉਨ੍ਹਾਂ ਵਿੱਚੋਂ ਨਿਰਪੱਖ ਸੋਚ ਵਾਲੇ ਵਿਦਵਾਨ ਨਿਯੁਕਤ ਹੋਣੇ ਚਾਹੀਦੇ ਹਨ। ਉਹ ਜਥੇਦਾਰ ਬਣਨ ਤੋਂ ਬਾਅਦ ਮੁਲਾਜ਼ਮ ਨਹੀਂ ਹੋਣੇ ਚਾਹੀਦੇ। ਉਨ੍ਹਾਂ ਦੀ ਮਿਆਦ ਵੀ ਨਿਸਚਤ ਹੋਣੀ ਚਾਹੀਦੀ ਹੈ। ਭਾਵ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਦੇ ਧਾਰਮਿਕ ਨਿਯਮ ਹੋਣੇ ਚਾਹੀਦੇ ਹਨ। ਫਿਰ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕੇਗਾ ਤਾਂ ਜੋ ਉਹ ਆਜ਼ਾਦਾਨਾ ਤੌਰ ਤੇ ਫ਼ੈਸਲੇ ਲੈ ਸਕਣ। ਸਿੱਖ ਧਰਮ ਦੇ ਵਰਤਮਾਨ ਸੰਕਟ ਦੀ ਜੜ੍ਹ ਡੇਰਾ ਸਿਰਸਾ ਦੇ ਰਾਮ ਰਹੀਮ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਪੰਥ ਦੀ ਵਿਚਾਰਧਾਰਾ ਦੇ ਵਿਰੁੱਧ ਮੁਆਫ਼ੀ ਦੇਣ ਦੇ ਲਏ ਗਏ ਫ਼ੈਸਲੇ ਹੀ ਹਨ। ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਇੱਕ ਵਿੰਗ ਸਮਝਣ ਲੱਗ ਪਿਆ, ਜਿਸ ਕਰਕੇ ਉਹ ਆਪਣੀ ਮਰਜ਼ੀ ਦੇ ਸਿਆਸੀ ਰੰਗਤ ਵਾਲੇ ਫ਼ੈਸਲੇ ਕਰਵਾਉਂਦਾ ਰਿਹਾ। ਗਿਆਨੀ ਹਰਪ੍ਰੀਤ ਸਿੰਘ ਦੇ ਅਸਤੀਫ਼ੇ ਨਾਲ ਸਿੱਖ ਪੰਥ ਗਹਿਰੇ ਸੰਕਟ ਵਿੱਚ ਘਿਰ ਗਿਆ ਹੈ। ਇਹ ਪਹਿਲੀ ਵਾਰ ਨਹੀਂ, ਇਸ ਤੋਂ ਪਹਿਲਾਂ ਵੀ ਸਿੱਖ ਪੰਥ 'ਤੇ ਗਹਿਰੇ ਸੰਕਟ ਆਏ ਹਨ ਪ੍ਰੰਤੂ ਉਹ ਸੰਕਟ ਬਾਹਰੀ ਹੁੰਦੇ ਸਨ। ਵਰਤਮਾਨ ਸੰਕਟ ਸਿੱਖ ਪੰਥ ਦੇ ਅੰਦਰੋਂ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਸਾਬਕਾ ਸੀਨਅਰ ਨੇਤਾ ਵੱਲੋਂ ਕੀਤਾ ਗਿਆ ਹੈ।

ਸਿੱਖ ਪੰਥ ਦੇ ਮੁੱਦਈਆਂ ਵੱਲੋਂ ਸਿੱਖ ਸੰਸਥਾਵਾਂ ਦੀਆਂ ਮਰਿਆਦਾਵਾਂ ਦੀਆਂ ਉਲੰਘਣਾਵਾਂ ਲੰਬੇ ਸਮੇਂ ਤੋਂ ਹੋ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਕਦੀਂ ਵੀ ਅਜਿਹੀਆਂ ਘਟਨਾਵਾਂ ਨੂੰ ਸੰਜੀਦਗੀ ਨਾਲ ਨਹੀਂ ਲਿਆ, ਸਗੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ 'ਤੇ ਦਬਾਆ ਪਾ ਕੇ ਅਜਿਹੀਆਂ ਘਟਨਾਵਾਂ ਨੂੰ ਆਪਣੇ ਸਿਆਸੀ ਨਿਸ਼ਾਨੇ ਪੂਰੇ ਕਰਨ ਲਈ ਸ਼ਹਿ ਦਿੰਦੇ ਰਹੇ ਹਨ। ਜਾਣੀ ਕਿ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਆਪਣੇ ਸਿਆਸੀ ਹਿਤ ਪੂਰੇ ਕਰਦਾ ਰਿਹਾ ਹੈ। ਵਰਤਮਾਨ ਸੰਕਟ ਵੀ ਸਿਆਸੀ ਹਿਤਾਂ ਦੀ ਪੂਰਤੀ ਲਈ ਕਰਵਾਇਆ ਜਾ ਰਿਹਾ ਹੈ। ਗ਼ਲਤੀ ਕਿਸੇ ਵੀ ਵਿਅਕਤੀ ਜਾਂ ਸੰਸਥਾ ਤੋਂ ਜਾਣੇ ਅਣਜਾਣੇ ਹੋ ਸਕਦੀ ਹੈ। ਉਹ ਗ਼ਲਤੀ ਸੁਧਾਰਨ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਗ਼ਲਤੀ ਤੇ ਗ਼ਲਤੀ ਕਰਦਾ ਆ ਰਿਹਾ ਹੈ। ਅਜਿਹੇ ਸੰਕਟ ਅਕਾਲੀ ਦਲ ਨੂੰ ਨੁਕਸਾਨ ਤਾਂ ਪਹੁੰਚਾ ਸਕਦੇ ਹਨ ਪ੍ਰੰਤੂ ਉਸਨੂੰ ਖ਼ਤਮ ਨਹੀਂ ਕਰ ਸਕਦੇ। ਇਹ ਚੰਗੀ ਗੱਲ ਹੈ ਕਿ ਸਿੱਖ ਪੰਥ ਨੇ ਅਜਿਹੇ ਸੰਕਟਮਈ ਸਮੇਂ ਵਿੱਚ ਇੱਕਮੁਠਤਾ ਦਾ ਸਬੂਤ ਦਿੱਤਾ ਹੈ। ਇਸ ਤੋਂ ਬਾਅਦ ਭਵਿਖ ਵਿੱਚ ਇਸ ਸਰਵੋਤਮ ਸੰਸਥਾ ਦੀ ਸਿਆਸੀ ਲੋਕ ਦੁਰਵਰਤੋਂ ਨਹੀਂ ਕਰ ਸਕਣਗੇ। ਇਨ੍ਹਾਂ ਘਟਨਾਵਾਂ ਦਾ ਜ਼ਿੰਮੇਵਾਰ ਇਕੱਲਾ ਸਿੱਖ ਪੰਥ ਹੀ ਨਹੀਂ ਸਗੋਂ ਸਿੱਖ ਸੰਸਥਾਵਾਂ ਦੇ ਉਚ ਅਹੁਦਿਆਂ ਤੇ ਸ਼ਸ਼ੋਭਤ ਤਤਕਾਲੀ ਵਿਅਕਤੀ ਵੀ ਬਰਾਬਰ ਦੇ ਜ਼ਿੰਮੇਵਾਰ ਰਹੇ ਹਨ, ਕਿਉਂਕਿ ਸਿੱਖ ਸੰਸਥਾਵਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ/ਸ਼੍ਰੋਮਣੀ ਅਕਾਲੀ ਦਲ ਆਪਣੇ ਸਿਆਸੀ ਹਿੱਤਾਂ ਲਈ ਵਰਤਦੀਆਂ ਰਹੀਆਂ ਹਨ। ਤੱਤਕਾਲੀ ਅਹੁਦੇਦਾਰ ਚੁੱਪ ਕਰਕੇ ਸਿਆਸੀ ਆਕਾਵਾਂ ਦੇ ਹੁਕਮ ਮੰਨਦੇ ਰਹੇ ਹਨ। ਹੁਣ ਇੱਕ ਦੂਜੇ ਬਾਰੇ ਦੂਸ਼ਣਬਾਜ਼ੀ ਤੁਰੰਤ ਬੰਦ ਹੋਣੀ ਚਾਹੀਦੀ ਹੈ। ਅਜਿਹੇ ਵਰਤਾਰੇ ਵਾਲਾ ਮਾਹੌਲ ਪਹਿਲਾਂ ਬਹੁਤ ਘੱਟ ਵੇਖਣ ਨੂੰ ਮਿਲਿਆ ਹੈ। ਇਉਂ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਸਿੱਖ ਪੰਥ ਵਿੱਚ ਘਰੇਲੂ ਖ਼ਾਨਜੰਗੀ ਵਰਗਾ ਵਾਤਾਵਰਨ ਬਣਾ ਰਿਹਾ ਹੈ। ਸਿੱਖ ਪੰਥ/ਸਿੱਖ ਲੀਡਰਸ਼ਿਪ/ਸਿੱਖ ਸੰਸਥਾਵਾਂ ਦਾ ਜੋ ਨੁਕਸਾਨ ਪੰਥ ਵਿਰੋਧੀ ਆਗੂ ਜਾਂ ਜਥੇਬੰਦੀਆਂ ਨਹੀਂ ਕਰ ਸਕੀਆਂ, ਉਹ ਅਕਾਲੀ ਲੀਡਰਸ਼ਿਪ ਖੁਦ ਇੱਕ ਦੂਜੇ 'ਤੇ ਚਿਕੜ ਉਛਾਲਕੇ ਕਰ ਰਹੀ ਹੈ। ਸੰਕਟ ਦੀ ਘੜੀ ਵਿੱਚ ਸਿੱਖ ਬੁੱਧੀਜੀਵੀ, ਵਿਦਵਾਨ ਅਤੇ ਹੋਰ ਸੰਪਰਦਾਵਾਂ ਦੇ ਮੁਖੀਆਂ ਨੂੰ ਮਿਲ ਬੈਠਕੇ ਕੋਈ ਫ਼ਾਰਮੂਲਾ ਬਣਾਉਣ ਦੇ ਸੁਝਾਅ ਦੇਣੇ ਚਾਹੀਦੇ ਹਨ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ ਦੀ ਸਰਵਉਚਤਾ ਬਰਕਰਾਰ ਰਹਿ ਸਕੇ ਅਤੇ ਸ਼੍ਰੋਮਣੀ ਅਕਾਲੀ ਦਲ/ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਖੋਇਆ ਵਕਾਰ ਮੁੜ ਬਹਾਲ ਕਰ ਸਕੇ।

# ਨਵਾਂ ਕਰੈਕਟਰ



ਕੁਲਵੰਤ ਉੱਭੀ ਧਾਲੀਆਂ
(559) 473-9264

ਅੱਜ ਕਈ ਦਿਨਾਂ ਬਾਅਦ ਮੈਂ ਆਪਣੀ ਸਟੇਟ ਪੱਧਰ ਦੀ ਮੀਟਿੰਗ ਦੌਰਾਨ ਕਮਲ ਨੂੰ ਮਿਲਿਆ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਉਹ ਆਪਣੇ ਪਤੀ ਪ੍ਰੀਤ ਨਾਲ ਆਈ ਹੋਈ ਸੀ। ਮੀਟਿੰਗ ਦੀ ਸਮਾਪਤੀ ਦੌਰਾਨ ਅਸੀਂ ਸਾਰਿਆਂ ਨੇ ਇੱਕ ਪ੍ਰੋਗਰਾਮ ਬਣਾਇਆ ਕਿ ਆਪਾਂ ਬਹੁਤ ਦੇਰ ਬਾਅਦ ਸਾਰੇ ਇੱਕਠੇ ਹੋਏ ਹਾਂ, ਸੋ ਅੱਜ ਰਾਤ ਦਾ ਖਾਣਾ ਸਾਰੇ ਇੱਕਠੇ ਕਿਸੇ ਚੰਗੇ ਜਿਹੇ ਰੈਸਟੋਰੈਂਟ ਵਿੱਚ ਖਾਵਾਗੇ। ਇਸੇ ਬਹਾਨੇ ਕੁਝ ਸਮਾਂ ਗੱਲਬਾਤ ਕਰਨ ਨੂੰ ਵੀ ਮਿਲ ਜਾਵੇਗਾ।

ਇਹ ਰਾਤ ਦੇ ਖਾਣੇ ਦੌਰਾਨ ਸਭ ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰ ਅਤੇ ਬੀਤੇ ਸਮੇਂ ਦੀਆਂ ਗੱਲਾਂ ਕਰਦੇ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਇਉਂ ਜਾਪ ਰਿਹਾ ਸੀ ਕਿ ਜਿਵੇਂ ਇੱਕ ਵਿੱਛੜਿਆ ਪਰਿਵਾਰ ਬਹੁਤ ਸਮੇਂ ਬਾਅਦ ਇਕੱਠਾ ਹੋਇਆ ਹੋਵੇ। ਪ੍ਰੀਤ ਇੱਕ ਚੰਗਾ ਲਿਖਾਰੀ ਹੈ, ਜਿਸ ਦੀਆਂ ਸਹਿੱਤਕ ਅਤੇ ਅਲੋਚਨਾਮਿਕ ਕਵਿਤਾਵਾਂ ਅਕਸਰ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਛਪਦੀਆਂ ਰਹਿੰਦੀਆਂ ਹਨ। ਹਰ ਕੋਈ ਉਨ੍ਹਾਂ ਦੀ ਤਾਰੀਫ ਕਰ ਰਿਹਾ ਸੀ।

ਉੱਥੇ ਬੈਠਿਆਂ ਮੈਂ ਪ੍ਰੀਤ ਵੱਲ ਦੇਖਦੇ ਹੋਏ ਅਚਾਨਕ ਹੀ ਪੁੱਛ ਲਿਆ ਕਿ ਭਾਜੀ ਤੁਸੀਂ ਹੁਣ ਮਹੀਨਾਵਾਰ ਸਾਹਿਤਕ ਮੀਟਿੰਗਾਂ ਵਿੱਚ ਆਉਣਾ ਕਿਉਂ ਬੰਦ ਕਰ ਦਿੱਤਾ। ਉਹ ਇਸ ਗੱਲ ਦਾ ਜਵਾਬ ਦੇਣ 'ਚ ਕੁਝ ਝਿਝਕ ਜਿਹਾ ਰਿਹਾ ਸੀ। ਇਸ ਲਈ ਉਹ ਕੁਝ ਬੋਲੇ, ਇਸ ਤੋਂ ਪਹਿਲਾਂ ਹੀ ਪ੍ਰੀਤ ਦੀ ਪਤਨੀ ਕਮਲ ਭੜਕ ਉੱਠੀ, "ਵੀਰ ਜੀ ਇਹ ਕਿਹੜੀਆਂ ਮਹਿਫਲਾਂ, ਜਿੱਥੇ ਬੰਦੇ ਸ਼ਰਾਬਾਂ ਪੀਣ ਨੂੰ ਇਕੱਠੇ ਹੁੰਦੇ ਆ। ਸਾਹਿੱਤ ਘੱਟ ਅਤੇ ਤੀਵੀਂਆਂ ਵੱਧ ਦੇਖਦੇ ਆ। ਇਸੇ ਕਰਕੇ ਕਈ ਸਾਹਿੱਤਕ ਭੈਣਾਂ ਚਾਹੁੰਦੇ ਹੋਏ ਵੀ ਇੰਨ੍ਹਾਂ ਦੀਆਂ ਸਭਾਵਾਂ ਦਾ ਮੈਂਬਰ ਨਹੀਂ ਬਣਦੀਆਂ। ਜਦ ਕਿ ਵੱਖ-ਵੱਖ ਵਿਸ਼ਿਆਂ 'ਤੇ ਉਨ੍ਹਾਂ ਦੀ ਬਹੁਤ ਸੋਹਣੀ ਪਕੜ ਹੁੰਦੀ ਹੈ। ਕਈ ਨੇ ਮੇਰੇ ਨਾਲ ਇਨ੍ਹਾਂ ਦੀਆਂ ਕਰਤੂਤਾਂ ਸਾਝੀਆਂ ਕੀਤੀਆਂ।"

ਮੈਂ ਇਹ ਗੱਲ ਛੇੜ ਕੇ ਬੜਾ ਪਛਤਾਇਆ, ਪਰ ਇਸ ਗੱਲ ਦਾ ਉੱਤਰ ਕਮਲ ਤੋਂ ਜ਼ਰੂਰ ਲੈਣਾ ਚਾਹੁੰਦਾ ਸੀ ਕਿ ਅਜਿਹਾ ਕੀ ਹੋਇਆ ਕਿ ਇਕ ਚੰਗੀ ਸਾਹਿੱਤਕ ਸੋਚ ਵਾਲੀ ਔਰਤ ਹੀ ਸਾਹਿਤਕਾਰਾਂ ਬਾਰੇ ਆਪਣੇ ਮਨ ਵਿੱਚ ਇੰਨਾਂ ਗੁੱਸਾ ਭਰੀ ਬੈਠੀ ਹੈ। ਕਾਲਜ਼ ਸਮੇਂ ਉਹ ਚੰਗੀਆਂ ਲਿਖਤਾਂ ਲਿਖਣ ਅਤੇ ਪੇਸ਼ਕਾਰੀ ਕਰਨ ਬਦਲੇ ਯੂਨੀਵਰਸਿਟੀ ਤੋਂ ਇਨਾਮ ਅਤੇ ਸਨਮਾਨ ਪ੍ਰਾਪਤ ਕਰ ਚੁੱਕੀ ਸੀ। ਆਖਰਕਾਰ ਅਜਿਹੀ ਕਿਹੜੀ ਘਟਨਾਂ ਘਟੀ ਜਿਸ ਕਰਕੇ ...... ? ਖੈਰ।

ਇੰਨੇ ਨੂੰ ਕਮਲ ਦਾ ਪਤੀ ਪ੍ਰੀਤ ਬੋਲਿਆ, "ਚੱਲ ਛੱਡ ਕਮਲ, ਉਨ੍ਹਾਂ ਗੰਦਾ ਦਾ ਕੀ ਨਾਂ ਲੈਣਾ ..."

ਮੈਂ ਕਿਹਾ, "ਅਜਿਹਾ ਕੀ ਹੋਇਆ?"

ਤਾਂ ਇਕ ਵਾਰ ਫਿਰ ਕਮਲ ਬੋਲੀ, "ਵੀਰ ਜੀ ਇੰਨਾਂ ਨੇ ਕੀ ਦੱਸਣਾ, ਇੰਨਾਂ ਦੀ ਤਾਂ ਛਪੀ ਹੋਈ ਕਵਿਤਾ ਅਗਲਿਆਂ ਨੇ ਇੰਨਾਂ ਦੇ ਸਾਹਮਣੇ ਆਪਣਾ ਨਾਂ ਭਰ ਕੇ ਮਹਿਫਲ ਵਿੱਚ ਸੁਣਾਉਂਦੇ ਹੋਏ ਕਿਹਾ ਕਿ ਮੈਂ ਅੱਜ ਹੀ ਤਾਜ਼ੀ-ਤਾਜ਼ੀ ਲਿਖੀ ਹੈ। ਇਹ ਸਭ ਇਨ੍ਹਾਂ ਦੇ ਸਾਹਮਣੇ ਹੋਇਆ। ਕੁੱਝ ਨਹੀਂ ਬੋਲੇ। ਘਰ ਆ ਕੋਸ਼ਾਂ ਜਿਹਾ ਮੂੰਹ ਬਣਾ ਬੈਠ ਗਏ। ਇਹ ਲਿਖ ਸਕਦੇ ਆ, ਕਾਲਜ਼ ਵਿੱਚ ਲੈਕਚਰ ਦੇ ਸਕਦੇ ਆ। ਆਹੋ ਸੱਚ ਮੈਂਨੂੰ ਬਥੇਰੀਆਂ ਮੱਤਾਂ ਦਿੰਦੇ ਆ। ਪਰ ਆਪਣੇ ਲੰਡਰ ਯਾਰਾਂ ਦੇ ਸਾਹਮਣੇ ਕੁਝ ਨਹੀਂ ਬੋਲ ਸਕਦੇ।"

ਅਸੀਂ ਸਭ ਸੁਣ ਰਹੇ ਸੀ ਕਿ ਬਿੰਨਾਂ ਰੁਕਾਵਟ ਅੱਜ ਕਮਲ ਆਪਣੇ ਅੰਦਰਲੇ ਦਰਦ ਨੂੰ ਸਭ ਦੋਸ਼ਤਾਂ ਨਾਲ ਸਾਂਝਾ ਕਰਨਾ ਚਾਹੁੰਦੀ ਹੈ। ਪਰ ਉਹ ਅੱਗੇ ਬੋਲੀ ਗਈ...

"ਆਹ ਕੁਝ ਦਿਨ ਪਹਿਲਾਂ ਅਸੀਂ ਗੁਰਦੁ-ਆਰਾ ਸਾਹਿਬ ਵਿਸਾਖੀ ਦੇ ਮੇਲੇ 'ਤੇ ਗਏ ਸੀ। ਉੱਥੇ ਇਨ੍ਹਾਂ ਦੇ ਇਹੀ ਲੰਡਰ ਯਾਰ ਟੱਕਰ ਗਏ।"

ਕਮਲ ਵਾਰ-ਵਾਰ 'ਲੰਡਰ ਯਾਰ' ਸ਼ਬਦ ਵਰਤ ਰਹੀ ਸੀ ਤਾਂ ਮੈਂ ਸਮਝ ਜ਼ਰੂਰ ਗਿਆ ਸੀ ਹੋਇਆ ਕੁਝ ਜ਼ਿਆਦਾ ਹੀ ਮਾੜਾ ਹੈ। ਸਭ ਖਾਣਾ ਛੱਡ ਇਸ ਬਾਅਦ ਕੀ ਹੋਇਆ ਸੁਣਨ ਦੀ ਤੀਬਰਤਾ ਦਿਖਾ ਰਹੇ ਸਨ।

ਇੰਨੇ ਨੂੰ ਫਿਰ ਠੰਡਾ ਸਾਹ ਭਰਦੇ ਹੋਏ ਕਮਲ ਨੇ ਕਿਹਾ, "ਗੁਰਦੁਆਰਾ ਸਾਹਿਬ ਵਿੱਚ ਦਰਬਾਰ ਸਾਹਿਬ ਦੇ ਸਾਹਮਣੇ ਅਸੀਂ ਖੜੇ ਅਰਦਾਸ ਕਰ ਪਿੱਛੇ ਹੀ ਪਰਤੇ ਸਾਂ, ਇੰਨੇ ਨੂੰ ਉਹ ਸਾਡੇ ਸਾਹਮਣੇ ਇਕਦਮ ਆ ਖੜੇ ਹੋਏ। ਅਸੀਂ ਉਨਾਂ ਨੂੰ ਸਤਿਕਾਰ ਦਿੰਦੇ ਹੋਏ ਸਤਿ ਸ੍ਰੀ ਅਕਾਲ ਬੁਲਾਉਂਦੇ ਹੋਏ ਅੱਗੇ ਜਾਣਾ ਚਾਹਿਆ। ਪਰ ਉਹ ਬੇ-ਫਜ਼ੂਲ ਗੱਲਾਂ ਕਰ ਸਾਨੂੰ ਖੜਨ ਲਈ ਮਜ਼ਬੂਰ ਕਰ ਰਹੇ ਸਨ। ਉਸ ਸਮੇਂ ਮੈਨੂੰ ਬਹੁਤ ਸ਼ਰਮ ਮਹਿਸੂਸ ਹੋ ਰਹੀ ਸੀ ਕਿ ਉਹ ਗੱਲਾਂ ਤਾਂ ਪ੍ਰੀਤ ਨਾਲ ਕਰ ਰਹੇ ਸਨ, ਪਰ ਅੱਖਾਂ ਪਾੜ-ਪਾੜ ਮੇਰੇ ਵੱਲ ਦੇਖ ਰਹੇ ਸਨ। ਇਹ ਸਾਰਾ ਕੁਝ ਪ੍ਰੀਤ ਹੋਣਾ ਨੇ ਵੀ ਨੋਟਿਸ ਕੀਤਾ ਪਰ ਕੁਝ ਨਹੀਂ ਬੋਲੇ।" ਉਨ੍ਹਾਂ ਦੀ ਗੱਲ ਟੋਕਦੇ ਹੋਏ ਮੈਂ ਵਿੱਚਕਾਰ ਹੀ ਬੋਲ ਪਿਆ ਅਤੇ ਕਿਹਾ ਕਿ , "ਭਾਜ਼ੀ ਅਜਿਹੇ ਲੋਕਾਂ ਤੋਂ ਦੂਰ ਹੀ ਰਿਹਾ ਕਰੋ ਅਤੇ ਉਨ੍ਹਾਂ ਨੂੰ ਇਸ ਕਰਤੂਤ ਬਾਰੇ ਚੇਤਾਵਨੀ ਵੀ ਦੇ ਦੇਣੀ ਸੀ ਕਿ ਅਜਿਹਾ ਕਰਨਾ ਠੀਕ ਨਹੀਂ। ਧੀਆਂ -ਭੈਣਾਂ ਸਭ ਦੇ ਘਰ ਹਨ।"

ਇੰਨੇ ਨੂੰ ਫੇਰ ਕਮਲ ਡੂੰਘਾਂ ਸਾਹ ਭਰਦੇ ਹੋਏ ਮਜਾਕੀਆਂ ਅੰਦਾਜ਼ ਵਿੱਚ ਬੋਲੀ, "ਜਦ ਮੈਂ ਘਰ ਆ ਕੇ ਇੰਨਾਂ ਨਾਲ ਇਸ ਘਟਨਾਂ ਬਾਰੇ ਗੱਲ ਕਰਦੇ ਹੋਏ ਲੜੀ ਤਾਂ ਪ੍ਰੀਤ ਹੋਰੀ ਕਹਿਣ ਲੱਗੇ ਕਿ ਇਹ ਲੇਖਕ ਹਨ, ਇੰਨਾਂ ਦੇ ਘਰੋਂ ਤਾਂ ਛਿੱਤਰ ਹੀ ਖੜਕਦਾ ਹੋਊ। ਪਰ ਖ਼ਿਆਲੀ-ਖਿਆਲੀ ਤੇਰੇ 'ਚੋਂ ਕੋਈ ਨਵਾਂ ਕਰੈਕਟਰ ਲੱਭਦੇ ਹੋਣਗੇ।"

ਇਹ ਸੁਣ ਕੇ ਸਭ ਉੱਚੀ ਹੱਸਣ ਲੱਗੇ ਅਤੇ ਰਲਕੇ ਬੋਲੇ "ਜਿਵੇਂ ਕਵਿਤਾ ਵਿੱਚ ਨਾਂ ਭਰਿਆ ਸੀ।" ਮੈਂ ਇਹ ਸਭ ਸੁਣ ਕੇ ਸੋਚ ਰਿਹਾ ਸੀ ਕਿ ਇਹ ਵਿਸ਼ਾ ਤਾਂ ਚਿੰਤਾ ਦਾ ਹੈ। ਕੁਝ ਸਮਾਂ ਪਹਿਲਾ ਮੇਰੀ ਲਿਖੀ ਕਵਿਤਾ ਕਿਤਾਬਾਂ ਦੇ ਨਾਂਮਵਰ ਲੇਖਕ ਆਪਣੀ ਰਚਨਾਂ ਕਹਿ ਕਿ ਸੁਣਾ ਆਪਣੇ ਨਾਂ ਕਰ ਲਈ ਸੀ। ਸ਼ਾਇਦ ਕੁਝ ਸੁਹਿਰਦ ਲੇਖਕ ਲਿਖਦੇ ਹੋਣਗੇ। ਕੁਝ ਮਜ਼ਬੂਰੀ ਵੱਸ ਆਪਣਾ ਲਿਖਿਆ ਸਾਹਿੱਤ ਰੋਜ਼ੀ-ਰੋਟੀ ਖ਼ਾਤਰ ਪੈਸ਼ੇ ਬਦਲੇ ਵੇਚ ਦਿੰਦੇ ਹੋਣਗੇ। ਇਸ ਬਾਅਦ ਆਪਣਾ ਨਾਂ ਕਰਨ ਲਈ ਰਹਿੰਦੇ ਬਾਕੀ ਇਹੋ ਜਿਹੀ ਚੋਰੀ ਤਾਂ ਜ਼ਰੂਰ ਕਰਦੇ ਹੋਣਗੇ। ਸ਼ੋਸ਼ਲ ਮੀਡੀਏ ਦੇ ਯੁੱਗ ਦੀ ਦੌੜ ਵਿੱਚ ਹੁਣ ਹਰ ਕੋਈ ਸਾਹਿੱਤਕਾਰ ਜਾਂ ਪੱਤਰਕਾਰ ਬਣਿਆ ਹੋਇਆ ਹੈ। ਇੰਨਾਂ ਹਾਲਾਤਾਂ ਅੰਦਰ ਅਸਲੀ ਲਿਖਤ ਦੇ ਲੇਖਕ ਦੀ ਪਹਿਚਾਣ ਕਰਨਾ ਵੀ ਮੁਸ਼ਕਲ ਹੋ ਗਿਆ ਹੈ। ਰੱਬ ਰਾਖਾ।

## ਮਿੰਨੀ ਕਹਾਣੀ

# ਗਲਤ ਕੌਣ?

ਮੈਨੂੰ ਹਰ ਰੋਜ਼ ਇੱਕ ਗੱਲ ਬਹੁਤ ਤੰਗ ਕਰਦੀ ਹੈ? ਅਕਸਰ ਆਲੇ ਦੁਆਲੇ ਵਿੱਚ ਸ਼ਿਕਾਇਤਾਂ ਸੁਣਨ ਨੂੰ ਮਿਲਦੀਆਂ ਹਨ। ਉਹ ਗਲਤ ਹੈ! ਉਸਨੇ ਬਹੁਤ ਬੁਰਾ ਕੀਤਾ! ਉਸ ਨੇ ਮੇਰਾ ਨੁਕਸਾਨ ਕਰ ਦਿੱਤਾ! ਉਸ ਨੇ ਮੇਰਾ ਦਿਲ ਤੋੜ ਦਿੱਤਾ! ਉਸ ਨੇ ਮੇਰਾ ਭਰੋਸਾ ਤੋੜ ਦਿੱਤਾ! ਇਹ ਸਵਾਲ ਹਰ ਰੋਜ਼ ਸਤਾਉਂਦੇ ਹਨ, ਪਰ ਇਕੱਲਾ ਬੈਠਦਾ ਹਾਂ ਜਦੋਂ ਮੈਂ ,ਆਪਣੇ ਆਪ ਨਾਲ ਗੱਲ ਕਰਦਾ ਹਾਂ ਜਦੋਂ ਮੈਂ, ਖੁਦ ਨਾਲ ਲੜਦਾ ਹਾਂ ਜਦੋਂ ਮੈਂ, ਤਾਂ ਮਨ ਵਿੱਚ ਇੱਕ ਹੀ ਸਵਾਲ ਹੁੰਦਾ ਹੈ ਕਿ ਸੱਚਮੁੱਚ ਕੋਈ ਗਲਤ ਹੈ? ਮਨ ਵਿੱਚੋਂ ਇੱਕੋ ਹੀ ਆਵਾਜ਼ ਆਉਂਦੀ ਹੈ ਨਹੀਂ, ਨਹੀਂ, ਕੋਈ ਵੀ ਗਲਤ ਨਹੀਂ ਹੈ! ਇਸ ਦੁਨੀਆਂ ਵਿੱਚ ਲੱਖਾਂ ਹੀ ਮਨੁੱਖ ਰਹਿੰਦੇ ਹਨ ਉਹਨਾਂ ਦੀ ਪਰਵਰਿਸ਼ ਵੱਖਰੇ ਵੱਖਰੇ ਢੰਗ ਨਾਲ ਹੋਈ ਹੈ ਉਨਾਂ ਦੀ ਪਰਵਰਿਸ਼ ਸਮੇਂ ਹਾਲਾਤ ਵੀ ਵੱਖਰੇ ਵੱਖਰੇ ਸਨ ਅਤੇ ਵਾਤਾਵਰਨ ਸਮਾਜਿਕ ਮਾਹੌਲ ਵੀ ਇੱਕ ਅਲੱਗ ਧਰਮ ਦਾ ਸੀ। ਉਹਨਾਂ ਦੀਆਂ ਆਦਤਾਂ ਉਹਨਾਂ ਦਾ ਔਰਾ ਉਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦੇ ਮਾਹੌਲ ਵਿੱਚ ਉਹਨਾਂ ਦੀ ਪਰਵਰਿਸ਼ ਹੋਈ ਹੈ, ਗਲਤ ਕੋਈ ਵੀ ਨਹੀਂ। ਬਸ ਸਾਡੇ ਨਜ਼ਰੀਏ ਦਾ ਫਰਕ ਹੈ ਸਾਡੀ ਸੋਚ ਦਾ ਫਰਕ ਹੈ ਅਸੀਂ ਖੁਦ ਦੀ ਗੱਲ ਮਨਵਾਉਣ ਲਈ ਦੂਜਿਆਂ ਨੂੰ ਗਲਤ ਸਾਬਿਤ ਕਰਨ ਦਾ ਇੱਕ ਧੰਦਾ ਜਿਹਾ ਫੜ ਲਿਆ ਆਪਣੇ ਆਪ ਨੂੰ ਵੱਡਾ ਦਿਖਾਉਣ ਲਈ ਦੂਜਿਆਂ ਨੂੰ ਗਲਤ ਸਾਬਤ ਕਰਨ ਦਾ ਇੱਕ ਧੰਦਾ ਜਿਹਾ ਫੜ ਲਿਆ। ਹਰ ਕਿਸੇ ਨੂੰ ਆਪਣੇ ਮੁਤਾਬਿਕ ਜਿਉਣ ਦਾ ਅਤੇ ਆਪਣੇ ਮੁਤਾਬਕ ਰਹਿਣ ਦਾ ਅਧਿਕਾਰ ਹੈ । ਹਾਂ ਜੇਕਰ ਤੁਸੀਂ ਖੁਸ਼ ਰਹਿਣਾ ਚਾਹੁੰਦੇ ਹੋ ਤਾਂ ਜਿਸ ਤਰ੍ਹਾਂ ਦਾ ਵੀ ਤੁਹਾਡੇ ਆਲੇ ਦੁਆਲੇ ਦੇ ਇਨਸਾਨ ਹਨ ਤਾਂ ਉਹਨਾਂ ਨੂੰ ਉਸੇ ਤਰ੍ਹਾਂ ਐਕਸੈਪਟ ਕਰੋ ਬਸ ਤੁਸੀਂ ਹਮੇਸ਼ਾ ਖੁਸ਼ ਰਹੋ। ਬਸ ਅੰਤ ਵਿੱਚ ਇਹੀ ਕਹਾਂਗਾ ਗਲਤ ਕੋਈ ਵੀ ਨਹੀਂ ਕੋਈ ਵੀ ਨਹੀਂ।

**– ਹਰਿੰਦਰ ਸਿੰਘ ਗਰੇਵਾਲ**

# 22 ਅਕਤੂਬਰ ਲਈ ਭਾਖੜਾ ਡੈਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਦੇਸ਼ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਭਾਖੜਾ ਬੰਨ ਭਾਰਤ ਦਾ ਪ੍ਰਭਾਵਸ਼ਾਲੀ ਅਤੇ ਦੂਜਾ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ, ਟਿਊਬਵੈੱਲਾਂ ਨੂੰ ਚਲਾਉਣ ਲਈ ਅਤੇ ਘਰਾਂ ਨੂੰ ਰੁਸ਼ਨਾਉਣ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਇੱਕ ਟੂਰਿਸਟ ਸਥਾਨ ਵੀ ਬਣਦਾ ਜਾ ਰਿਹਾ ਹੈ ਜਿੱਥੇ ਅੰਦਾਜਨ ਪੰਜ ਲੱਖ ਟੂਰਿਸਟ ਹਰ ਸਾਲ ਇਸਨੂੰ ਵੇਖਣ ਲਈ ਪਹੁੰਚਦੇ ਹਨ। ਪਿਛਲੇ ਕਈ ਸਾਲਾਂ ਤੋਂ ਸੁਰੱਖਿਆ ਕਾਰਨਾਂ ਕਰਕੇ ਡੈਮ ਦੇ ਅੰਦਰ ਜਾਣ ਦੀ ਮਨਾਹੀ ਹੈ ਅਤੇ ਇੱਥੇ ਜਾਣ ਲਈ ਸਵੇਰੇ 8 ਵਜੇ ਤੋਂ ਲੈਕੇ ਦੁਪਿਹਰ 3 ਵਜੇ ਤੱਕ ਹੀ ਸਥਾਨਕ ਲੋਕ ਸੰਪਰਕ ਵਿਭਾਗ ਤੋਂ ਪਾਸ ਬਣਦੇ ਹਨ। ਭਾਖੜਾ ਡੈਮ ਗੋਬਿੰਦ ਸਾਗਰ ਝੀਲ ਜੋ 168.35 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਫੈਲੀ ਹੋਈ ਹੈ ਤੇ ਬਣਿਆ ਹੋਇਆ ਹੈ। ਭਾਖੜਾ ਡੈਮ ਤੋਂ ਬਿਜਲੀ ਪੈਦਾ ਕਰਨ ਲਈ ਦੋ ਬਿਜਲੀ ਘਰ ਭਾਖੜਾ ਡੈਮ ਦੇ ਕਿਨਾਰਿਆਂ ਤੇ ਬਣੇ ਹੋਏ ਹਨ। ਇਨ੍ਹਾਂ ਦੀ ਸਮਰੱਥਾ 5-5 ਯੂਨਿਟ ਦੀ ਹੈ। ਇਨ੍ਹਾਂ ਤੋਂ ਕ੍ਰਮਵਾਰ 108 ਮੈਗਾਵਾਟ ਅਤੇ 157 ਮੈਗਾਵਾਟ ਬਿਜਲੀ ਦਾ ਉਤਪਾਦਨ ਹੋ ਰਿਹਾ ਹੈ। ਭਾਖੜਾ ਡੈਮ ਤੋਂ ਲੱਗਭੱਗ 13 ਕਿਲੋਮੀਟਰ ਦੂਰੀ ਤੇ ਨੰਗਲ ਡੈਮ ਵੀ ਹੈ ਜਿਸ ਦੀ ਉੱਚਾਈ 95 ਫੁੱਟ ਹੈ। ਇਸ ਕਰਕੇ ਦੋਵੇਂ ਡੈਮਾਂ ਨੂੰ ਭਾਖੜਾ ਨੰਗਲ ਡੈਮ ਕਿਹਾ ਜਾਂਦਾ ਹੈ। ਨੰਗਲ ਡੈਮ ਵਿੱਚ ਸੰਭਾਲੇ ਪਾਣੀ ਵਿੱਚੋਂ ਨਹਿਰਾਂ ਵੀ ਨਿਕਲਦੀਆਂ ਹਨ ਜੋ ਅੱਗੇ ਜਾਕੇ ਵੱਖ ਵੱਖ ਖੇਤਰਾਂ ਵਿੱਚ ਪਾਣੀ ਦੀ ਪੂਰਤੀ ਕਰਦੀਆਂ ਹਨ। ਭਾਖੜਾ ਡੈਮ ਤੋਂ ਪੈਦਾ ਹੋ ਰਹੀ ਬਿਜਲੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੀ ਹੈ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੌਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜ੍ਹਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਸਰ ਲੂਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। 1920 ਤੋਂ ਲੈ ਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਯਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। ਸਾਲ 1944 ਵਿੱਚ ਡਾਕਟਰ ਜੇ. ਐਲ. ਸੈਵੇਜ ਜੋ ਅਮਰੀਕਾ ਦੀ ਬਿਊਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ. ਐਸ. ਏ. ਦੀ ਅੰਤਰਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਨਾਲ ਰਾਜਾ ਬਿਲਾਸਪੁਰ ਦੇ ਮਹਿਲ ਅਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇਸ ਮਾਮਲੇ ਵਿੱਚ ਦਖਲ ਦੇਣ ਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਇਸ ਪ੍ਰੋਜੈਕਟ ਲਈ ਲੱਗਭੱਗ 371 ਪਿੰਡ ਜਿਨ੍ਹਾਂ ਵਿੱਚ ਸਾਬਕਾ ਬਿਲਾਸਪੁਰ ਸੂਬੇ ਦੇ 256, ਸਾਬਕਾ ਕਾਂਗੜਾ ਸੂਬੇ ਦੇ 110 ਅਤੇ ਮੰਡੀ ਦੇ ਪੰਜ ਸ਼ਾਮਲ ਸਨ ਭਾਖੜਾ ਡੈਮ ਦੇ ਕੈਚਮੈਂਟ ਖੇਤਰ ਵਿੱਚ ਡੁੱਬ ਗਏ ਹਨ। ਇਸ ਤੋਂ ਇਲਾਵਾ ਤਕਰੀਬਨ 10000 ਏਕੜ ਵਾਹੀਯੋਗ ਜ਼ਮੀਨ ਅਤੇ 20000 ਏਕੜ ਜੰਗਲੀ ਜ਼ਮੀਨ ਡੁੱਬ ਗਈ ਹੈ। ਉਜਾੜੇ ਗਏ ਕੁੱਝ ਲੋਕਾਂ ਦਾ ਹਰਿਆਣਾ ਦੇ ਸਿਰਸਾ, ਹਿਸਾਰ ਅਤੇ ਫਤਿਹਾਬਾਦ ਜ਼ਿਲ੍ਹਿਆਂ ਵਿੱਚ ਪੁਨਰਵਾਸ ਕੀਤਾ ਗਿਆ ਸੀ। ਕਈ ਹੋਰ ਲੋਕ ਰੋਪੜ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ, ਨਾਲਾਗੜ੍ਹ ਅਤੇ ਊਨਾ ਵਿੱਚ ਆਬਾਦ ਹੋਏ ਹਨ। ਇਸ ਤੋਂ ਇਲਾਵਾ ਭਾਖੜਾ ਤੋਂ ਲੈ ਕੇ




ਸਲਾਪੜ ਅਤੇ ਲਠਿਆਣੀ ਤੱਕ ਜਲ ਭੰਡਾਰ ਦੇ ਦੋਵੇਂ ਪਾਸੇ ਜੰਗਲੀ ਢਲਾਣਾਂ ਦੇ ਨਾਲ-ਨਾਲ ਕੁਝ ਵਿਸਥਾਪਿਤ ਲੋਕਾਂ ਨੂੰ ਵੀ ਮੁੜ ਵਸਾਇਆ ਗਿਆ ਹੈ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰਰਾਸ਼ਟਰੀ ਕੰਪਨੀ ਆਈ ਐਨਸੀ ਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੋਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜਾਇਨ ਸਮੇਤ ਦਿਸ਼ਾ ਨਿਰਦੇਸ਼ ਸਬੰਧਿਤ ਕੰਪਨੀ ਨੂੰ ਸੌਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਦੇ ਸਕੱਤਰ ਨੂੰ ਉਪੱ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤ ਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। ਸਾਲ 1952 ਵਿੱਚ ਡਾਕਟਰ ਏ ਐਨਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ ਆਫ ਕਾਂਸਿਉਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ, 1955 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਸ ਸਥਾਨ ਤੇ ਕੰਕਰੀਟ ਦੀ ਪਹਿਲੀ ਟੋਕਰੀ ਪਾ ਕੇ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੌਰ ਤੇ ਭਾਖੜ੍ਹਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਉਸਿਜ਼, ਰੋਪੜ੍ਹ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ-ਨਿਰਮਾਣ, ਭਾਖੜ੍ਹਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਰ ਅਤੇ ਵਿਤਰਣ ਪ੍ਰਣਾਲੀ, ਭਾਖੜ੍ਹਾ-ਨੰਗਲ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬ ਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮਦੀ ਉਸਾਰੀ ਲਈ ਵੱਖ ਵੱਖ ਤਰਾਂ ਦੀ ਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ ਅਤੇ ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ ਸਮਰੱਥ ਸੀ। ਇਸਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ ਸੀ। ਇੰਜਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਭਾਖੜਾ ਬੰਨ ਵਿੱਚ ਲੱਚਕਤਾ ਰੱਖੀ ਗਈ ਹੈ ਜਿਸ ਨਾਲ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ ਤੇ ਭਾਖੜਾ ਬੰਨ 2 ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘੱਟਣ ਤੋਂ ਬਾਅਦ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾਹੈ। ਸਾਬਕਾ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ ਇਸ ਸਥਾਨ ਦਾ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੀ ਸਾਈਟ ਤੇ ਹੀ ਪੰਚਸ਼ੀਲ ਸਮਝੌਤੇ ਤੇ ਚੀਨ ਦੇ ਪ੍ਰਧਾਨ ਮੰਤਰੀ ਚਾਓਇਨ ਲਾਈ ਦੇ ਨਾਲ ਗੱਲਬਾਤ ਕੀਤੀ ਸੀ। ਇਸ ਪ੍ਰੋਜੈਕਟ ਦਾ ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨਾਂ ਜਿਵੇਂ ਕਿ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੁਗੋਸਲਾਵੀਆ ਦੇ ਰਾਸ਼ਟਰ-ਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚੂਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋਚੀ ਮਿਨ, ਕਲੈਮੈਂਟ ਐਂਟਲੀ, ਇੰਗਲੈਂਡ ਦੇ ਪ੍ਰਧਾਨ ਮੰਤਰੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਪ ਡਯੂਕ ਆਫ਼ ਐਡਨਸਰਾ, ਬੋਧ ਗੁਰੂ ਦਲਾਈਲਾਮਾ, ਪੰਚਨਲਾਮਾ, ਈਰਾਨ ਦੇ ਬਾਦਸ਼ਾਹ ਰਜ਼ਾਸ਼ਾਹ ਪਹਿਲਵੀ ਆਦਿ ਇਸ ਡੈਮ ਦਾ ਦੌਰਾ ਕਰ ਚੁੱਕੇ ਹਨ। ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਮਕਰਨ ਸਿੱਖਾਂ ਦੇ ਮਹਾਨ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਹੀ ਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ। ਇਹ ਝੀਲ 96.56 ਕਿਲੀਮੀਟਰ ਲੰਬੀ ਹੈ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਭਾਖੜਾ ਬੰਨ ਤੱਕ ਸਤਲੁਜ ਦਰਿਆ ਦਾ ਕੁੱਲ ਕੈਚਮੈਂਟ ਏਰੀਆਂ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨਸਰੋਵਰ ਝੀਲ ਅਤੇ ਰਸਤੇ ਦੀ ਬਰਫ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਕੈਚਮੈਂਟ ਏਰੀਆਂ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਬੰਨ ਵਿੱਚ 50 ਤੋਂ 60 ਫੀਸਦੀ ਪਾਣੀ ਬਰਫ ਦੇ ਪਿਘਲਣ ਕਾਰਨ ਆਉਂਦਾ ਹੈ ਅਤੇ ਬਾਕੀ ਬਾਰਿਸ਼ ਤੇ ਹੀ ਨਿਰਭਰ ਰਹਿੰਦਾ ਹੈ। ਇਸ ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਝੀਲ ਵਿੱਚ ਬਰਸਾਤ ਦੇ ਦਿਨਾਂ ਵਿੱਚ ਜਮ੍ਹਾਕੀਤੇ ਪਾਣੀ ਦੀ ਬਦੋਲਤ ਪੰਜਾਬ, ਹਰਿਆਣਾ ਅਤੇ ਹੋਰ ਪ੍ਰਾਂਤਾ ਦੇ ਇਲਾਕਿਆਂ ਨੂੰ ਹੜ੍ਹ ਤੋਂ ਰਾਹਤ ਮਿਲਦੀ ਹੈਅਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ ਲੱਗਭੱਗ 65 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ। ਭਾਖੜਾ ਬੰਨ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਦ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਣ ਵਾਲੇ ਪਾਣੀ ਨੂੰ ਰੋਕ ਕੇ ਅੱਗੇ ਵੱਖ ਵੱਖ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ। ਭਾਖੜਾ ਬੰਨ ਕਾਰਨ ਦੇਸ਼ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ ਹੈ। ਲੱਗਭੱਗ 283.90 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜਾ ਬੰਨ ਉਸ ਵੇਲੇ ਏਸ਼ੀਆਂ ਵਿੱਚ ਸਭ ਤੋਂ ਉੱਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ ਤੇ ਸੀ। ਭਾਖੜਾ ਡੈਮ ਦੇ ਦੋਨੋਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਵਾਇਨਾਂ ਰਾਹੀਂ ਸਿਰਫ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜ਼ਲੀ ਪੈਦਾ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ (ਸੀਈਏ) ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵੱਧ ਰਿਹਾ ਹੈ। ਇਸਦਾ ਜਲ ਭੰਡਾਰਨ ਦੇਸ਼ ਦੇ ਸਭ ਤੋਂ ਵੱਡੇ ਜਲ ਭੰਡਾਰਾ ਵਿੱਚੋਂ ਇੱਕ ਹੈ। ਜਿਸਦੀ ਸਮਰੱਥਾ 9620 ਅਤੇ 8570 ਮਿਲੀਅਨ ਘਣਮੀਟਰ ਹੈ। ਅੱਜ ਦੇ ਦਿਨ 22 ਅਕਤੂਬਰ 1963 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਨੇ ਇਸ ਡੈਮ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਅਤੇਇਸ ਬਾਰੇ ਕਿਹਾ ਕਿ ਭਾਖੜ੍ਹਾ ਨੰਗਲ ਪ੍ਰੋਜੈਕਟ ਕੁੱਝ ਹੈਰਾਨੀਜਨਕ ਹੈ, ਕੁੱਝ ਚਮਤਕਾਰੀ ਹੈ, ਕੁੱਝ ਅਜਿਹਾ ਹੈ ਜਿਸਨੂੰ ਵੇਖਕੇ ਤੁਹਾਡੇ ਦਿਲ ਵਿੱਚ ਤੁਫਾਨ ਉਠਦਾ ਹੈ। ਸਾਲ 2013 ਵਿੱਚ ਗੋਲਡਨ ਜੁਬਲੀ ਮੌਕੇ ਹੋਏ ਸਮਾਰੋਹ ਵਿੱਚ ਕੇਂਦਰ ਅਤੇ ਵੱਖ ਵੱਖ ਹਿੱਸੇਦਾਰ ਰਾਜਾਂ ਦੇ ਆਗੂਆਂ ਨੇ ਇਸ ਡੈਮ ਅਤੇ ਇਲਾਕੇ ਦੇ ਵਿਕਾਸ ਲਈ ਕਈ ਘੋਸ਼ਣਾਵਾਂ ਕੀਤੀਆਂ ਸਨ ਪਰ ਇਲਾਕੇ ਦੀ ਦੁਰਦਸ਼ਾ ਉਨ੍ਹਾਂ ਘੋਸ਼ਣਾਵਾਂ ਦੀ ਪੋਲ ਖੋਲਦੀ ਹੈ। ਹਰ ਸਾਲ ਵਾਂਗ ਅੱਜ 22 ਅਕਤੂਬਰ ਨੂੰ ਭਾਖੜ੍ਹਾ ਡੈਮ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਪਰ ਸਰਕਾਰਾਂ ਦੀ ਲਾਪਰਵਾਹੀ ਅਤੇ ਕੁੱਝ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਕਾਰਨ ਇਸ ਡੈਮਦੀ ਤਰੱਕੀ ਲਈ ਕੋਈ ਠੋਸ ਯੋਜਨਾ ਲਾਗੂ ਨਹੀਂ ਹੋਈ ਹੈ ਅਤੇ ਇਸ ਡੈਮ ਕਾਰਨ ਵਸਿਆ ਨੰਗਲ ਸ਼ਹਿਰ ਉੱਜੜ ਰਿਹਾ ਹੈ। ਕੇਂਦਰ ਸਰਕਾਰ ਅਧੀਨ ਚੱਲ ਰਹੇ ਇਸ ਅਦਾਰੇ ਨੂੰ ਹੋਰ ਵਿਕਸਿਤ ਕਰਨ ਲਈ ਠੋਸ ਯੋਜਨਾ ਬਣਾਕੇ ਅਮਲੀ ਜਾਮਾ ਪਹਿਨਾਉਣ ਦੀ ਜਰੂਰਤ ਹੈ।

## ਪੁਸਤਕ ਸਮੀਖਿਆ

**ਪੰਜਾਬ ਦਾ ਗੌਰਵ ਪੁਆਧ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਸੰਪਾਦਕ ਮਨਮੋਹਨ ਸਿੰਘ ਦਾਊਂ**
**ਪ੍ਰਕਾਸ਼ਕ ਤਰਲੋਚਨ ਪਬਲਿਸ਼ਰਜ ਚੰਡੀਗੜ੍ਹ, ਪੰਨੇ: 320 ,ਮੁੱਲ: 450/-**

ਮਨਮੋਹਨ ਸਿੰਘ ਦਾਊਂ ਪੰਜਾਬੀ ਸਾਹਿਤ ਖਾਸ ਕਰ ਬਾਲ ਸਾਹਿਤ ਦੇ ਨਗੀਨੇ ਹਨ। ਉਹਨਾਂ ਆਪਣੇ ਜੀਵਨ ਵਿੱਚ ਖੋਜ ਭਰਪੂਰ ਕਾਰਜਾਂ ਨਾਲ ਸ਼ਾਨਦਾਰ ਪਿਰਤਾਂ ਪਾਈਆਂ ਹਨ। ਦਰਜਨਾਂ ਪੁਸਤਕਾਂ ਬਾਲ ਸਾਹਿਤ ਦੀਆਂ ਲਿਖ ਕੇ ਅਨੇਕਾਂ ਮਾਣ ਸਨਮਾਨ ਪ੍ਰਾਪਤ ਕੀਤੇ ਹਨ। ਪਰੋੜ ਸਾਹਿਤ ਵਿੱਚ ਵੀ ਉਨਾਂ ਦੇ ਖੋਜ ਕਾਰਜਾਂ ਨੂੰ ਖੋਜੀਆਂ ਵੱਲੋਂ ਵਿਚਾਰਿਆ ਜਾ ਰਿਹਾ ਹੈ। ਉਹਨਾਂ ਵੱਲੋਂ ਪੁਆਧ ਇਲਾਕੇ ਬਾਰੇ ਡੇਢ ਦਰਜਨ ਦੇ ਕਰੀਬ ਪੁਸਤਕਾਂ ਦੀ ਸੰਪਾਦਨਾ ਅਤੇ ਸਿਰਜਣਾ ਕੀਤੀ ਜਾ ਚੁੱਕੀ ਹੈ। ਹਥਲੀ ਵੱਡ ਕਾਰੀ ਪੁਸਤਕ 'ਪੰਜਾਬ ਦਾ ਗੌਰਵ ਪੁਆਧ' ਵਿੱਚ ਵੀ ਉਹਨਾਂ ਵੱਖ ਵੱਖ ਲੇਖਕਾਂ ਦੇ ਖੋਜ ਭਰਪੂਰ ਲੇਖ ਸ਼ਾਮਿਲ ਕੀਤੇ ਹਨ। ਇਸ ਖੋਜ ਕਾਰਜ ਨਾਲ ਪੁਆਧ ਇਲਾਕੇ ਦੀ ਵਿਲੱਖਣਤਾ ਅਤੇ ਮਹੱਤਤਾ ਬਾਰੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਮਿਲਦੀ ਹੈ।ਸੰਪਾਦਕ ਨੇ ਆਪਣੀ ਸੰਪਾਦਨ ਕਲਾ ਨਾਲ ਇਸ ਪੁਸਤਕ ਨੂੰ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਬਣਾ ਦਿੱਤਾ ਹੈ। ਛੇ ਖੰਡਾਂ ਵਿੱਚ ਵੰਡੀ ਪੁਸਤਕ ਹਰ ਪਹਿਲੂ ਨੂੰ ਬਾਖੂਬੀ ਪੇਸ਼ ਕਰਦੀ ਹੈ। ਚੰਡੀਗੜ੍ਹ ਦੇ ਬਣਨ ਨਾਲ ਆਲੇ ਦੁਆਲੇ ਦੇ 50 ਪਿੰਡ ਅਲੋਪ ਹੋ ਗਏ। ਇਸ ਦੇ ਬਾਵਜੂਦ ਇਹ ਇਲਾਕਾ ਆਪਣੀ ਸ਼ਾਨਾਮੱਤੀ ਇਤਿਹਾਸਕ, ਧਾਰਮਿਕ ਅਤੇ ਰਾਜਸੀ ਯਾਤਰਾ ਵਿੱਚ ਅੱਗੇ ਨਿਕਲਦਾ ਜਾਂਦਾ ਹੈ। ਇਲਾਕੇ ਦੀਆਂ ਵਿਰਾਸਤੀ ਬਾਤਾਂ ਪਾਠਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਕਿਸੇ ਜ਼ਮਾਨੇ ਅੰਬਾਲੇ ਨੂੰ ਪੁਆਧ ਦਾ ਕੇਂਦਰ ਮੰਨਿਆ ਜਾਂਦਾ ਸੀ। 1966 ਵਿੱਚ ਪੰਜਾਬੀ ਸੂਬਾ ਬਣਨ ਨਾਲ ਇਸ ਖੇਤਰ ਦਾ ਨਕਸ਼ਾ ਬਦਲ ਗਿਆ ਅਤੇ ਇਹ ਖੇਤਰ ਛੋਟੇ ਤੋਂ ਹੋਰ ਛੋਟਾ ਹੋ ਗਿਆ। ਇਸ ਕਰਕੇ ਪੰਜਾਬ ਦੇ ਪੂਰਬ ਅਰਧ ਦਾ ਨਾਂ ਬਦਲਦਾ ਹੋਇਆ ਪੁਆਧ ਬਣ ਗਿਆ।

ਪੁਸਤਕ ਦੇ ਪਹਿਲੇ ਭਾਗ ਪੁਆਧ ਦੀ ਵਿਲੱਖਣਤਾ ਵਿੱਚ ਸੰਪਾਦਕ ਨੇ 14 ਲੇਖ ਸ਼ਾਮਿਲ ਕੀਤੇ ਹਨ। ਦੂਜੇ ਖੰਡ ਵਿੱਚ ਪੁਆਧ 'ਚ ਲੋਕ ਭਲਾਈ ਸੰਸਥਾਵਾਂ ਸਿਰਲੇਖ ਹੇਠ ਸੱਤ ਸੰਸਥਾਵਾਂ ਦੇ ਕਾਰਜਾਂ ਨੂੰ ਸਲਾਹਿਆ ਗਿਆ ਹੈ। ਤੀਜੇ ਭਾਗ ਪੁਆਧ ਦੇ ਪਿੰਡਾਂ ਦੀ ਜਾਣ ਪਛਾਣ ਵਿੱਚ 19 ਲੇਖ ਸ਼ਾਮਿਲ ਕੀਤੇ ਗਏ ਹਨ। ਪੁਆਧ ਦਾ ਦੁਖੜਾ 1947 ਦਾ ਚੌਥਾ ਭਾਗ ਵਿੱਚ 47 ਦੀ ਵੰਡ ਦੇ ਦੁਖੜਿਆਂ ਨਾਲ ਸੰਬੰਧਿਤ 6 ਲੇਖ ਦਰਦਮਈ ਘਟਨਾਵਾਂ ਨੂੰ ਪੇਸ਼ ਕਰਦੇ ਹਨ।ਪੁਆਧੀ ਲੋਕ ਰੰਗ ਵਿੱਚ ਚਾਰ ਅਤੇ ਪੁਆਧ ਦੇ ਕਲਮਕਾਰ ਭਾਗ ਵਿੱਚ ਤਿੰਨ ਲੇਖਕਾਂ ਬਾਰੇ ਜਾਣਕਾਰੀ ਭਰਪੂਰ ਲੇਖ ਦਰਜ ਕੀਤੇ ਗਏ ਹਨ। ਪੁਸਤਕ ਦੇ ਪੰਨੇ ਫਰੋਲਦਿਆਂ ਪੁਆਧ ਦੇ ਭਰਪੂਰ ਦਰਸ਼ਨ ਹੁੰਦੇ ਹਨ। ਉੱਥੋਂ ਦੇ ਜਨਜੀਵਨ, ਸਿੱਖਿਆ ਸੰਸਥਾਵਾਂ, ਲੋਕਾਂ ਦੇ ਸੁਭਾਅ, ਭੂਗੋਲਿਕ ਪਰਿਸਥਿਤੀਆਂ, ਰਾਜਸੀ ਅਤੇ ਧਾਰਮਿਕ ਜੀਵਨ ਦੀਆਂ ਝਲਕਾਂ ਵੀ ਮਿਲਦੀਆਂ ਹਨ।ਪੁਆਧ ਦੀਆਂ ਵਿਲੱਖਣਤਾਵਾਂ ਤੇ ਰੌਸ਼ਨੀ ਪਾਉਂਦੀ ਇਹ ਇੱਕ ਖੋਜ ਭਰਪੂਰ ਪੁਸਤਕ ਹੈ। ਜਿਸ ਵਿੱਚ ਹਰ ਵਿਸ਼ੇ ਨਾਲ ਸੰਬੰਧਿਤ ਵੱਖ ਵੱਖ ਖੋਜੀ ਲੇਖਕਾਂ ਵੱਲੋਂ ਆਪਣੇ ਖੋਜ ਭਰਪੂਰ ਲੇਖ ਸ਼ਾਮਿਲ ਕਰਵਾਏ ਗਏ ਹਨ। ਸੰਪਾਦਕ ਦੀ ਵਿਸ਼ਾਲਤਾ ਅਤੇ ਡੂੰਘੀ ਦ੍ਰਿਸ਼ਟੀ ਇਸ ਪੁਸਤਕ ਵਿੱਚੋਂ ਪੇਸ਼ ਹੁੰਦੀ ਪ੍ਰਤੀਤ ਹੁੰਦੀ ਹੈ। ਖਾਲਸੇ ਦੀ ਸਾਜਨਾ ਦੀ ਧਰਤੀ ਅਤੇ ਗੁਰੂ ਸਾਹਿਬਾਨ ਦੁਆਰਾ ਵਰਸੋਈ ਇਸ ਲੁਕਾਈ ਨੂੰ ਵਿਗਸਣ ਅਤੇ ਸਿਰਜਣ ਦਾ ਵਰ ਪ੍ਰਾਪਤ ਹੈ। ਇਹ ਲੋਕ ਉਜਾੜੇ ਤੋਂ ਬਾਅਦ ਵੀ ਮੁੜ ਸਿਰਜੇ ਗਏ ਨੇ ਅਤੇ ਆਪਣੀ ਮਿਹਨਤ ਦੀ ਕਲਾਂ ਨਾਲ ਉੱਚੀਆਂ ਉਸਾਰੀਆਂ ਉਸਾਰਦੇ ਰਹੇ ਹਨ। ਅਨੇਕਾਂ ਇਤਿਹਾਸਕ ਯਾਦਗਾਰਾਂ ਨਾਲ ਭਰਪੂਰ ਪਿੰਡ ਅਤੇ ਉਹਨਾਂ ਵਿੱਚ ਵਸਦੇ ਲੋਕ ਆਪਣੀ ਅਮੀਰ ਵਿਰਾਸਤ ਦੇ ਵਾਰਸ ਬਣਦੇ ਹਨ। ਉਹ ਜਾਣਦੇ ਹਨ ਕਿ ਆਪਣੇ ਵਿਰਸੇ ਨੂੰ ਸੰਭਾਲਣ ਨਾਲ ਹੀ ਆਉਣ ਵਾਲੀਆਂ ਕੌਮਾਂ ਨਵ ਨਿਰਮਾਣ ਦੇ ਰਾਹੇ ਪੈਣਗੀਆਂ ।ਪੁਸਤਕ ਦੀ ਸਿਰਜਣਾ ਅਤੇ ਸੰਪਾਦਨਾ ਦਾ ਮੁੱਖ ਮਨੋਰਥ ਵੀ ਇਹੀ ਹੈ। ਜਿਸ ਨੂੰ ਆਪਣੇ ਪਿਛੋਕੜ ਦਾ ਗਿਆਨ ਹੁੰਦਾ ਹੈ ਉਹ ਆਪਣਾ ਵਰਤਮਾਨ ਅਤੇ ਭਵਿੱਖ ਸ਼ਿੰਗਾਰ ਲੈਂਦਾ ਹੈ। ਪੁਸਤਕ ਵਿੱਚ ਸ਼ਾਮਿਲ ਰਚਨਾਵਾਂ ਸਾਨੂੰ ਬੀਤੇ ਦੀ ਜਾਣਕਾਰੀ ਪ੍ਰਦਾਨ ਕਰਦੀਆਂ ਹੋਈਆਂ ਵਰਤਮਾਨ ਵਿੱਚ ਖੜਾ ਕਰਦੀਆਂ ਅਤੇ ਭਵਿੱਖ ਵੱਲ ਇਸ਼ਾਰਾ ਕਰਦੀਆਂ ਹਨ। ਭਵਿੱਖ ਸਾਨੂੰ ਕਿਸ ਦਿਸ਼ਾ ਵੱਲ ਤੋਰਦਾ ਹੈ ਇਹ ਸਭ ਕੁਝ ਵਰਤਮਾਨ ਨੇ ਨਿਸ਼ਚਿਤ ਕਰਨਾ ਹੁੰਦਾ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਵਸਦਾ ਇਹ ਖਿੱਤਾ ਇਸ ਧਰਤੀ ਦਾ ਨਿਰਾਲਾ ਤੇ ਨਿਵੇਕਲਾ ਇਲਾਕਾ ਹੈ। 2004 ਈਸਵੀ ਵਿੱਚ ਪੁਆਧੀ ਪੰਜਾਬੀ ਸੱਥ ਮੋਹਾਲੀ ਦੇ ਸੰਗਠਨ ਨਾਲ ਇਸ ਖੇਤਰ ਦੀ ਚਰਚਾ ਪੂਰੇ ਵਿਸ਼ਵ ਵਿੱਚ ਹੋਣ ਲੱਗੀ। ਸਭਾ ਦਾ ਉਦੇਸ਼ ਪੁਆਧ ਖੇਤਰ ਦੇ ਸੱਭਿਆਚਾਰ, ਸਾਹਿਤ, ਕਲਾ, ਭਾਸ਼ਾ, ਸੰਸਕ੍ਰਿਤੀ, ਇਤਿਹਾਸ ਆਦਿ ਖੇਤਰਾਂ ਦੀ ਭੂਗੋਲਿਕ ਵੰਨ-ਸੁਵੰਨਵਤਾ ਨੂੰ ਸਾਂਭਣਾ ਹੈ। ਇਸ ਸੰਸਥਾ ਵੱਲੋਂ ਸ਼ਾਨਦਾਰ ਕਾਰਜ ਕਰਨ ਵਾਲੀਆਂ 105 ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪੁਸਤਕ ਦੀ ਸ਼ੁਰੂਆਤ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ ਹੁੰਦੀ ਹੈ। ਇਸ ਦਾ ਸਿਖਰ ਹਰਿਆਣਾ ਪੁਆਧ ਦੇ ਚੋਣਵੇਂ ਸਾਹਿਤਕਾਰਾਂ ਨਾਲ ਸਿਰਜਿਆ ਜਾਂਦਾ ਹੈ।




ਪੁਆਧ ਦੇ ਪ੍ਰਮੁੱਖ ਸਾਹਿਤਕਾਰਾਂ ਵਿੱਚ ਭਗਤ ਆਸਾ ਰਾਮ ਵੈਦਵਾਨ, ਭਾਈ ਰਣਧੀਰ ਸਿੰਘ ਡੂੰਮਛੇੜੀ, ਗਿਆਨੀ ਦਿੱਤ ਸਿੰਘ, ਸੋਹਣ ਸਿੰਘ ਹੰਸ, ਨਵਤੇਜ ਪੁਆਧੀ, ਨੌਰੰਗ ਸਿੰਘ, ਗਿਆਨੀ ਰਤਨ ਸਿੰਘ ਸਹੋੜਾਵਾਲਾ, ਗੁਰਬਖਸ਼ ਸਿੰਘ ਕੇਸਰੀ, ਡਾ. ਬਲਬੀਰ ਸਿੰਘ ਸੰਧੂ, ਡਾ. ਕਰਨੈਲ ਸਿੰਘ ਸੋਮਲ, ਡਾ. ਕੇਸਰ ਸਿੰਘ ਕੇਸਰ, ਮਨਮੋਹਨ ਸਿੰਘ ਦਾਊਂ ਅਤੇ ਦਲਜੀਤ ਕੌਰ ਦਾਊਂ ਆਦਿ ਨਾਮ ਸ਼ਾਮਿਲ ਹਨ। ਪੁਸਤਕ ਵਿੱਚ 51 ਲੇਖਕਾਂ ਦੇ 53 ਲੇਖ ਪੁਆਧ ਦੇ ਨਿੱਗਰ ਯੋਗਦਾਨ ਦੀ ਚਰਚਾ ਕਰਦੇ ਹਨ। ਅਮਰੀਕ ਸਿੰਘ ਦਿਆਲ ਵਲੋਂ ਖੇੜਾ ਕਲਮੋਟ ਦੀ ਕਥਾ, ਮਨਮੋਹਨ ਸਿੰਘ ਦਾਊ- ਮੋਈ ਮਾਂ ਦਾ ਦੁੱਧ,ਹਰਨਾਮ ਸਿੰਘ ਡੱਲਾ- ਸ਼ਾਂਤੀ ਦਾ ਪੁੰਜ ਬਹਿਰਾਮਪੁਰ ਬੇਟ, ਸਤਵਿੰਦਰ ਸਿੰਘ ਮੜੌਲਵੀ- ਮਾਤਾ ਗੁਜਰੀ ਸੁੱਖ ਨਿਵਾਸ ਖਾਨਪੁਰ, ਡਾ. ਸਿਮਰਜੀਤ ਕੌਰ-ਪੁਆਧ ਫ਼Þ39;ਚ ਗੋਗਾ ਮਾੜੀ, ਹਰਬੰਸ ਸੋਢੀ- ਪੁਆਧ ਖੇਤਰ ਦਾ ਮੀਡੀਆ ਤੇ ਆਧੁਨਿਕ ਦੌਰ, ਪ੍ਰਿੰ. ਬਹਾਦਰ ਸਿੰਘ ਗੋਸਲ- ਪੁਆਧ ਖੇਤਰ ਦੀਆਂ ਰਣਭੂਮੀਆਂ ਆਦਿ ਲੇਖ ਪ੍ਰੇਰਨਾਦਾਇਕ ਢੰਗ ਨਾਲ ਇਤਿਹਾਸਿਕ ਦਸਤਾਵੇਜ਼ ਪੇਸ਼ ਕਰਦੇ ਹਨ। ਪਾਠਕ ਦੀ ਅੱਗੇ ਤੋਂ ਅਗੇਰੇ ਪੜ੍ਹਨ ਦੀ ਇੱਛਾ ਜਾਗਦੀ ਰਹਿੰਦੀ ਹੈ। ਸੰਪਾਦਕ ਮਨਮੋਹਨ ਸਿੰਘ ਦਾਊਂ ਹੁਰਾਂ ਆਪਣੀ ਮਿਹਨਤ ਤੇ ਘਾਲਣਾਂ ਸਦਕਾ ਇਸ ਪੁਸਤਕ ਨੂੰ ਆਉਣ ਵਾਲੀਆਂ ਪੀੜੀਆਂ ਵਾਸਤੇ ਇੱਕ ਪੱਥ ਪ੍ਰਦਰਸ਼ਕ ਦੇ ਰੂਪ ਵਿੱਚ ਪੇਸ਼ ਕੀਤਾ ਹੈ।

## ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਗੁਰੂ ਰਾਮਦਾਸ ਸਾਹਿਬ ਜੀ

ਗੁਰੂ ਰਾਮਦਾਸ ਜੀ ਦਾ ਸਮਾਂ 1534-1581 ਤੱਕ ਦਾ ਹੈ। ਹਮਾਯੂੰ 1530 ਵਿਚ ਮੁਗਲ ਬਾਦਸ਼ਾਹ ਬਣਿਆ। ਪੰਜਾਬ ਵਿਚ ਰਾਜਨੀਤਿਕ ਅਰਾਜਕਤਾ ਸੀ। ਅਕਬਰ 1556 ਵਿਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਅਤੇ ਹਿੰਦੂ ਪਰਜਾ ਵਿਚ ਵੈਰ ਵਿਰੋਧ ਸੀ। ਸਾਰੇ ਧਰਮ ਅੱਗੇ ਕਈ ਵਰਗਾ ਵਿਚ ਵੰਡੇ ਹੋਏ ਸਨ। ਜਾਤ-ਪਾਤ, ਧੜੇਬੰਦੀ, ਲੁੱਟ-ਖਸੁੱਟ ਜ਼ੋਰਾਂ ਤੇ ਸੀ। ਲੋਕ ਗਿਆਨ ਵਿਹੂਣੇ ਭਟਕ ਰਹੇ ਸਨ। ਪਰ ਬਾਦਸ਼ਾਹ ਅਕਬਰ ਆਪ ਖੁੱਲ੍ਹਦਿਲੀ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿਚ ਗੁਰੂ ਰਾਮਦਾਸ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚੱਲਿਤ ਝੂਠੇ ਕਰਮਕਾਂਡਾਂ, ਰੀਤਾਂ ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ ਸੰਨ 1534 ਨੂੰ ਪਿਤਾ ਹਰਿਦਾਸ ਮਾਤਾ ਅਨੂਪ ਦੇਵੀ/ਦਯਾ ਕੌਰ ਦੀ ਕੁੱਖੋਂ ਪਲੇਠਾ ਪੁੱਤਰ ਜੰਮਿਆ। ਉਹਨਾਂ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਇਕ ਸਧਾਰਨ ਦੁਕਾਨਦਾਰ ਸਨ ਪਲੇਠਾ ਪੁੱਤਰ ਹੋਣ ਕਰਕੇ ਜੇਠਾ ਪ੍ਰਸਿੱਧ ਹੋਇਆ। ਆਪ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਹਨਾਂ ਨੂੰ ਪਿੰਡ ਬਾਸਰਕੇ ਲੈ ਆਈ, ਜਿੱਥੇ ਆਪ ਘੁੰਙਣੀਆ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬੱਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਇੱਥੇ ਹੀ ਹੋਈ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਵੇਚਣ ਦਾ ਹੀ ਕੰਮ ਕੀਤਾ। ਆਪਦਾ ਕੰਮ ਸ਼ਾਂਤ-ਚਿੱਤ, ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ। ਕਾਰ ਵਿਹਾਰ ਦੇ ਨਾਲ-ਨਾਲ ਗੁਰੂ ਘਰ ਵਿਚ ਸੇਵਾ ਸਿਮਰਨ ਸਤਿਸੰਗ ਵੀ ਕਰਦੇ। ਉਹ ਆਪਦੇ ਮਿੱਠੇ ਅਤੇ ਨਿਮਰਤਾ ਦੇ ਸੁਭਾਅ ਕਰਕੇ ਸੰਗਤਾਂ ਵਿਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿਚ ਰੁਚੀ ਵਧਦੀ ਗਈ। ਉਹ ਮਧੁਰ ਸੁਰ ਵਿਚ ਗਾਉਂਦੇ ਅਤੇ ਤੰਤੀ ਸਾਜ ਵੀ ਵਜਾਉਂਦੇ। ਇਸ ਤਰ੍ਹਾਂ 7 ਸਾਲ ਦੀ ਉਮਰ ਤੋਂ ਲੱਗਭੱਗ 20 ਸਾਲ ਦੀ ਉਮਰ ਤੱਕ ਆਪ ਰਿਸ਼ਟ-ਪੁਸ਼ਟ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਜੇਠਾ ਜੀ ਦੇ ਸੁਭਾਅ, ਰਹਿਣੀ-ਬਹਿਣੀ, ਬੋਲਚਾਲ, ਸੇਵਾ ਸਿਮਰਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਸੰਪੰਨ ਕੀਤਾ। ਪਿਤਰੀ ਸਨੇਹ ਕਰਕੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੀ ਸੰਤਾਨ ਵਜੋਂ ਤਿੰਨ ਸਾਹਿਬਜਾਦੇ- ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖੀ ਜੀਵਨ ਨੂੰ ਸਮਝ ਲਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਕੰਮ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ। ਆਪ ਕਾਰ ਸੇਵਾ ਕਰਦੇ, ਟੋਕਰੀ ਢੋਇਆ ਕਰਦੇ ਸਨ। ਲੋਕਾਂਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ ਉਠ ਕੇ ਸੇਵਾ ਕਰਦੇ ਰਹੇ। ਜਿਸ ਨਾਲ ਉਹਨਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਉਹਨਾਂ ਦੀ ਨਿਸ਼ਕਾਮ, ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੁੰਦੇ ਸਨ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕਿਰਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਗੋਂਦੇ ਨਾਲ ਹੋਰ ਜਾਤੀ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਗੁਰੂ ਸਾਹਿਬ ਨੂੰ ਤਲਬ ਕਰਨ ਦਾ ਹੁਕਮ ਦਿੱਤਾ। ਤਾਂ ਉਹਨਾਂ ਨੇ ਭਾਈ ਜੇਠਾ ਜੀ ਨੂੰ ਪੱਖ ਪੂਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਗੁਰਬਾਣੀ ਦੀ ਘੋਖ ਕੀਤੀ ਹੋਈ ਸੀ। ਤਦ ਹੀ ਬੜੀ ਗੰਭੀਰਤਾ ਨਾਲ ਆਪਣੇ ਪੱਖ ਨੂੰ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡਾ ਲੋਕ ਭਲਾਈ ਦਾ ਮਨੋਰਥ ਹੈ। ਅਕਬਰ ਬਾਦਸ਼ਾਹ ਦੇ ਸ਼ੰਕੇ ਦੂਰ ਹੋ ਗਏ ਤਾਂ ਸਾਰੇ ਦੋਸ਼ ਖਾਰਜ ਕਰ ਦਿੱਤੇ। ਸੇਵਾ, ਭਗਤੀ, ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ ਉਹਨਾਂ ਦੀ ਘਾਲਣਾ ਨੂੰ ਵੇਖ ਕੇ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹਨ। ਉਹ ਹੁਣ ਗੁਰਤਾ ਦੇ ਯੋਗ ਹਨ, ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਂ ਦੇ ਕੇ ਗੁਰਗੱਦੀ ’ਤੇ ਬਿਠਾਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰਬਾਣੀ ਰਚਨਾ ਦੇ ਕਾਰਜ ਖੇਤਰ ਵਿਚ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਦੀ ਨਕਲ ਕਰਦੇ ਰਹੇ, ਜਿਸ ਨਾਲ ਉਹਨਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਹਨਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ
ਭਲਕੇ ਉਠਿ ਹਰਿ ਨਾਮ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ
ਕਰੈ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਖ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸ ਗੁਰਬਾਣੀ ਗਾਵੈ
ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ
ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮ ਜਪਾਵੈ॥ (ਅੰਗ 305)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਹਨਾਂ ਦੇ 638 ਪਦੇ, 30 ਸੰਗੀਤ ਰਾਗਨੀਆਂ ਵਿਚ ਦਰਜ ਹਨ। ਜਿਵੇਂ: ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਹਨਾਂ ਦੇ 31 ਸਲੋਕ ਵਾਰਾਂ ਤ ਵਧੀਕ ਵਿਚ ਹਨ। ਆਪ ਜੀ ਦੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ-ਮਾਣ ਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ, ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਨਾਮਦਾਨ, ਇਸ਼ਨਾਨ ਤੇ ਸੁੱਚੀ ਕਿਰਤ, ਵੰਡ ਛਕਣਾ ਸਿੱਖੀ ਦੇ ਮੀਰੀ-ਗੁਣ ਹਨ। ਅਜਿਹੀ ਰਹਿਤ ਲਾਗੂ ਕਰ ਦਿੱਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਨਾਮ ਜਾਪਦੇ ਰਹਿਣਾ ਹੀ ਸਿੱਖ ਦਾ ਉੱਤਮ ਕਰਮ ਹੈ। ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ।

ਸੱਚ ਤੇ ਪਹਿਰਾ ਦੇਣ ਦਾ ਉਪਦੇਸ਼ ਹੈ।ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਪ੍ਰਮਾਤਮਾ ਨਾਲ ਮੇਲ ਦਾ ਰਾਹ ਹੈ। ਗੁਰੂ ਰਾਮਦਾਸ ਜੀ ਨੇ ਸੰਨ 1579 ਵਿਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ ’ਤੇ ਭੇਜਿਆ, ਜਿੱਥੇ ਹੁਣ ਅੰਮ੍ਰਿਤਸਰ ਵੱਸਿਆ ਹੋਇਆ ਹੈ ਕਿ ਉਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕਰਵਾਈ। ਜਿਸ ਟਾਹਲੀ ਹੇਠ ਆਪ ਬੈਠਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਸੁਸ਼ੋਭਿਤ ਹੈ।

ਗੁਰਗੱਦੀ ਤੋਂ ਕੁਝ ਚਿਰ ਪਹਿਲੇ ਗੁਰੂ ਰਾਮਦਾਸ ਜੀ ਨੇ 1574 ਵਿਚ ਪਿੰਡ ’ਗੁਰੂ ਕਾ ਚਕ’ ਦੀ ਨੀਂਹ ਰੱਖੀ, ਜਿਸਦਾ ਨਾਂ ਰਾਮਦਾਸਪੁਰ ਜਾਂ ਚੱਕ ਰਾਮਦਾਸ ਹੋ ਗਿਆ। ਸੰਨ 1577 ਵਿਚ ਜਿਸ ਥਾਂ ’ਤੇ ਦਰਬਾਰ ਸਾਹਿਬ ਹੈ, ਨਗਰ ਵਸਾਉਣਾ ਆਰੰਭ ਕੀਤਾ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਤੇ ਆਰਥਿਕ ਪੱਖੋਂ, ਰੁਜ਼ਗਾਰ ਪੱਖੋਂ ਖੁਸ਼ਹਾਲ ਹੋਣ। ਉਹਨਾਂ ਦੀ ਕਿਰਤ ਕਮਾਈ ਵਿਚ ਕੋਈ ਥੁੜ੍ਹ ਨਾ ਹੋਵੇ। ਆਪਸੀ ਮਿਲਵਰਤਨ, ਪ੍ਰੇਮ ਪਿਆਰ ਤੇ ਸਾਂਝੇ ਭਾਈਚਾਰਕ ਤੌਰ ’ਤੇ ਵੱਸਣ। ਉਹਨਾਂ ਵੱਖ-ਵੱਖ ਜਾਤਾਂ, ਫਿਰਕਿਆਂ ਦੇ ਵੱਖ-ਵੱਖ ਹੁਨਰਮੰਦ, ਨਿਪੁੰਨ ਦਸਤਕਾਰਾਂ ਨੂੰ ਵਸਾਇਆ, ਜਿਹਨਾਂ ਨੇ ਸਮੂਹਿਕ ਤੌਰ ਤੇ ਇਕ ਬਜ਼ਾਰ ਦੇ ਰੂਪ ਵਿਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਵਸਾਇਆ ਸੀ। ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ ਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਆਰੰਭ ਕਰਵਾਈ। ਇਸਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਨਾਲ ਇਸ ਨਗਰ ਦਾ ਨਾਂ ਅੰਮ੍ਰਿਤਸਰ ਪੈ ਗਿਆ। ਆਪ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ, ਜਿਸਦਾ ਨਾਂ ਗੁਰੂ ਕੇ ਮਹਿਲ ਪੈ ਗਿਆ। ਖਡੂਰ ਸਾਹਿਬ, ਗੋਇੰਦਵਾਲ ਅਤੇ ਕਰਤਾਰਪੁਰ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਇਵੇਂ ਹੀ ਜਾਰੀ ਰੱਖਿਆ। ਸੰਗਤਾਂ ਦੀ ਗਿਣਤੀ ਵਧਦੀ ਗਈ। ਸਰੋਵਰ ਦੇ ਵਿਚਕਾਰ ਹਰਿਮੰਦਰ ਉਸਾਰਨ ਦੀ ਯੋਜਨਾ ਬਣੀ।



ਸ਼ਹਿਰ ਦੀ ਵਜੋਂ ਲਈ ਉਸਾਰੀ ਦੇ ਕੰਮ ਜਾਰੀ ਸਨ। ਇਹਨਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਕੇ ਲਿਆਉਂਦੇ ਅਤੇ ਕੇਂਦਰੀ ਖਜਾਨੇ ਵਿਚ ਜਮ੍ਹਾ ਕਰਵਾਉਂਦੇ। ਅੱਗ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਮਸੰਦਾਂ ਕੋਲ ਸੀ।

ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿੱਚੋਂ ਕਰਨੀ ਸੀ। ਉਹ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ। ਗੁਰਗੱਦੀ ਦੇ ਹੱਕ ਲਈ ਪ੍ਰਿਥੀ ਚੰਦ ਦਾ ਵਿਰੋਧ ਵੀ ਜਾਰੀ ਸੀ। ਪਰ 1 ਸਤੰਬਰ 1581 ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਜੋਤੀ-ਜੋਤ ਸਮਾ ਗਏ।

# ਕਿਉਂ ਉਦਾਸ ਹੈ ਸਾਦਿਕ: ਪਤਾ ਕਰੋ

ਮੈਂ ਜਦ 1971 ਵਿੱਚ ਲੁਧਿਆਣੇ ਆਇਆ ਤਾਂ ਉਸਤਾਦ ਜਸਵੰਤ ਭੰਵਰਾ ਦੇ ਮੂੰਹੋਂ ਤਬਲਾ ਵਾਦਕ ਰੰਗ ਦੀ ਸਿਫ਼ਤ ਸੁਣੀ। ਉਹ ਉਦੋਂ ਨਰਿੰਦਰ ਬੀਬਾ ਜੀ ਦੀ ਟੀਮ ਵਿੱਚ ਸ਼ਾਮਿਲ ਸੀ। ਇੰਜਨ ਸ਼ੈਡ ਲੁਧਿਆਣਾ ਨੇੜੇ ਉਸ ਦੀ ਰਿਹਾਇਸ਼ ਸੀ।

ਉਸਨੇ ਮੁਹੰਮਦ ਸਦੀਕ, ਸੁਰਿੰਦਰ ਸ਼ਿੰਦਾ, ਕੁਲਦੀਪ ਮਾਣਕ ਤੇ ਹੋਰ ਕਈਆਂ ਨਾਲ ਸੰਗੀਤ ਸੰਗਤ ਕੀਤੀ।

ਉਸ ਦੇ ਦੋਵੇਂ ਪੁੱਤਰ ਸਾਦਿਕ ਤੇ ਸਲੀਮ ਵੀ ਸਿਰਕੱਢ ਤਬਲਾ ਵਾਦਕ ਬਣੇ। ਸਾਦਿਕ ਨੇ ਤਾਂ ਉਮਰ ਦਾ ਬਹੁਤਾ ਹਿੱਸਾ ਜਨਾਬ ਹੰਸ ਰਾਜ ਹੰਸ ਨਾਲ ਤਬਲੇ ਤੇ ਸੰਗਤ ਕੀਤੀ।

ਮੈਨੂੰ ਯਾਦ ਹੈ, ਇੱਕ ਵਾਰ ਸਿਰਮੌਰ ਗਾਇਕ ਪਰਵੇਜ਼ ਮਹਿਦੀ ਸਾਹਿਬ ਪੰਜਾਬ ਆਏ ਹੋਏ ਸਨ। ਆਪਣੇ ਪਿੰਡ ਘੁੰਮਣ ਖ਼ੁਰਦ(ਗੁਰਦਾਸਪੁਰ) ਵੀ ਗਏ ਸਨ। ਸ. ਸੇਵਾ ਸਿੰਘ ਸੇਖਵਾਂ ਉਦੋਂ ਕੈਬਨਿਟ ਮੰਤਰੀ ਸਨ ਪੰਜਾਬ ਦੇ। ਬਟਾਲੇ ਤੋਂ ਘੁੰਮਣਾਂ ਤੀਕ ਵਿਸ਼ਾਲ ਲੋਕ ਕਾਫ਼ਲੇ ਵਿੱਚ ਪਰਵੇਜ਼ ਮਹਿਦੀ ਸਾਹਿਬ ਨੂੰ ਉਹ ਲੈ ਕੇ ਗਏ ਸਨ। ਪਰਵੇਜ਼ ਮਹਿਦੀ ਦਾ ਬੇਟਾ ਅਲੀ ਪਰਵੇਜ਼ ਵੀ ਨਾਲ ਸੀ।



ਅਸਾਂ ਕੁਝ ਦੋਸਤਾਂ ਸੁਰਿੰਦਰ ਸ਼ਿੰਦਾ ਤੇ ਡਾ. ਸਤੀਸ਼ ਸ਼ਰਮਾ ਦੀ ਮਦਦ ਨਾਲ ਪਰਵੇਜ਼ ਮਹਿਦੀ ਦੀ ਗ਼ਜ਼ਲ ਸ਼ਾਮ ਪੰਜਾਬ ਯੂਨੀਵਰਸਿਟੀ ਐਕਸਟੈਨਸ਼ਨ ਲਾਇਬਰੇਰੀ ਲੁਧਿਆਣਾ ਵਿੱਚ ਕਰਵਾਈ। ਤਬਲਾ ਵਾਦਕ ਵਜੋਂ ਸਾਦਿਕ ਨੇ ਸੰਗਤ ਕੀਤੀ। ਪਰਵੇਜ਼ ਮਹਿਦੀ ਨੇ ਉਸਨੂੰ ਬਹੁਤ ਸਲਾਹਿਆ।

ਪਿਛਲੇ ਮਹੀਨੇ ਅਮਰੀਕਾ ਤੋਂ ਗਾਇਕ ਸੁਖਦੇਵ ਸਾਹਿਲ ਆਇਆ ਤਾਂ ਮੈਂ ਸਾਦਿਕ ਨੂੰ ਚੇਤੇ ਕੀਤਾ, ਚੰਗੇ ਸਮਰੱਥ ਵਾਦਕ ਵਜੋਂ। ਉਹ ਭਾਵੇਂ ਉਥੇ ਹਾਜ਼ਰ ਨਹੀਂ ਸੀ ਪਰ ਮੇਰੇ ਮਨ ਵਿੱਚ ਤਾਂ ਉਸ ਦਾ ਰਸਵੰਤਾ ਤਬਲਾ ਵਾਦਨ ਹਰ ਪਲ ਗੂੰਜਦਾ ਹੈ ਨਾ।

ਅੱਜ ਉਸ ਦਾ ਫੋਨ ਆਇਆ

ਪਤਾ ਲੱਗਾ ਕਿ ਉਸ ਦੀ ਪਹਿਲਾਂ ਮਾਂ ਮਰੀ। ਇਲਾਜ ਵਿੱਚ ਘਰ ਵਿਕਿਆ। ਫਿਰ ਬਾਪ ਰੰਗ ਚਲਾ ਗਿਆ ਚਾਰ ਕੁ ਮਹੀਨੇ ਪਹਿਲਾਂ। ਨਿੱਕਾ ਵੀਰ ਸਲੀਮ ਵੀ ਤੁਰ ਗਿਆ।

ਪੁਰਾਣੇ ਗਾਇਕ ਜੋ ਉਸ ਦੀ ਕਦਰ ਕਰਦੇ ਸਨ ਮਰ ਖਪ ਗਏ। ਹੰਸ ਰਾਜ ਹੰਸ ਜੀ ਵੀ ਹੁਣ ਕੰਮ ਨਹੀਂ ਕਰਦੇ।

ਨਵੇਂ ਗਵੱਈਏ ਨਵਿਆਂ ਸਾਜੀਆਂ ਦੇ ਸੰਗੀ ਹਨ। ਕਈ ਡਰਦੇ ਮਾਰੇ ਲੈ ਕੇ ਨਹੀਂ ਜਾਂਦੇ ਕਿ ਹੰਸ ਜੀ ਦਾ ਸੰਗੀ ਰਿਹਾ ਹੋਣ ਕਾਰਨ ਵੱਧ ਮਿਹਨਤ ਮੰਗੇਗਾ।

ਸਟੂਡੀਉ ਰੀਕਾਰਡਿੰਗ ਲਾਈਵ ਹੋ ਨਹੀਂ ਰਹੀ। ਉਨ੍ਹਾਂ ਦੇ ਪੁਰਾਣੇ ਕੰਮ ਨੂੰ ਹੀ ਕੰਪਿਊਟਰ ਵਰਤ ਰਹੇ ਨੇ।

ਹੁਣ ਚਿੜੀ ਵਿਚਾਰੀ ਕੀ ਕਰੇ?

ਹੋਰ ਰੁਜ਼ਗਾਰ ਕਰਨ ਜੋਗੇ ਨਹੀਂ। ਕਲਾ ਦੀ ਕਦਰ ਦਾਨੀ ਨਹੀਂ।

ਰਸੋਈ ਉਦਾਸ ਹੈ।

ਸਾਦਿਕ ਮਦਦ ਨਹੀਂ ਮੰਗਦਾ,

ਕੰਮ ਮੰਗਦਾ ਹੈ ਆਪਣੀ ਲਿਆਕਤ ਦੇ ਹਾਣ ਦਾ। ਰਸੋਈ ਵਿੱਚ ਰੌਣਕ ਲਈ ਕੌਣ ਬਹੁੜੇਗਾ? ਪਤਾ ਨਹੀਂ।

54 ਸਾਲ ਉਮਰ ਤੀਕ ਸੰਗੀਤ ਸਹਾਰੇ ਦੁਨੀਆ ਦੇ ਲਗਪਗ ਸਾਰੇ ਵੱਡੇ ਮੁਲਕ ਘੁੰਮ ਚੁਕਿਆ ਸਾਦਿਕ ਪਿਆਰ ਤੇ ਰੁਜ਼ਗਾਰ ਉਡੀਕਦਾ ਹੈ।

ਮੈਨੂੰ ਉਸ ਦਾ ਫੋਨ ਅੱਜ ਪਹਿਲੀ ਵਾਰ ਆਇਆ ਹੈ। ਕਦੇ ਪਹਿਲਾਂਮੇਰੀ ਉਸ ਨਾਲ ਜ਼ਬਾਨ ਸਾਂਝੀ ਨਹੀਂ ਹੋਈ, ਪਰ ਅੱਜ ਉਸ ਦੀ ਉਦਾਸ ਬੋਲ ਬਾਣੀ ਮੇਰਾ ਕਾਲਜਾ ਚੀਰ ਗਈ ਹੈ।

ਉਸ ਦਾ ਸੰਪਰਕ ਨੰਬਰ
+91 79-86364055 ਹੈ ਦੋਸਤੋ।

ਗਾਇਕ ਵੀਰ ਉਸ ਦੇ ਟੇਲੈਂਟ ਕੋਂ ਲਾਹਾ ਲੈ ਸਕਦੇ ਨੇ। ਸਭਿਆਚਾਰ ਨਾਲ ਸਬੰਧਿਤ ਸੰਸਥਾਵਾਂ ਤੇ ਕਾਲਿਜ ਸਕੂਲ ਵੀ ਸਿਖਲਾਈ ਲਈ ਉਸ ਨੂੰ ਬੁਲਾ ਸਕਦੇ ਹਨ। ਲੁਧਿਆਣਾ ਦੀ ਸੀ ਆਰ ਪੀ ਕਾਲੋਨੀ ਦੁੱਗਰੀ ਵਿੱਚ ਵੱਸਦਾ ਸਾਦਿਕ ਹੋਰ ਉਦਾਸ ਨਾ ਹੋਵੇ, ਇਹ ਇਕਰਾਰ ਕਰੋ।

ਜਿਸ ਦੇਸ਼ ਦਾ ਕਲਾਕਾਰ ਉਦਾਸ ਹੋ ਜਾਵੇ, ਉਸ ਦੀ ਸਭਿਆਚਾਰਕ ਮੌਤ ਬਹੁਤ ਨਜ਼ਦੀਕ ਹੁੰਦੀ ਹੈ।

ਪੰਜਾਬ ਜਿਉਂਦਾ ਰੱਖਣ ਲਈ ਕਲਾਵੰਤ ਸੱਜਣ ਉਦਾਸ ਨਾ ਹੋਣ ਦਿਉ। ਇਸੇ ਆਸ ਨਾਲ

**– ਗੁਰਭਜਨ ਗਿੱਲ**

# ਜਦੋਂ ਮੈਂ ਥਾਣੇ ਜਾਣ ਤੋਂ ਬਚਿਆ



ਮੇਜਰ ਸਿੰਘ ਨਾਭਾ
91-94635-53962

ਤਕਰੀਬਨ ਤਿੰਨ ਦਹਾਕੇ ਪਹਿਲਾਂ ਪੰਜਾਬ ਅੰਦਰ ਜਦ ਪੁਲਿਸ ਦੀ ਦਹਿਸ਼ਤ ਦੌਰ ਚਲਿਆ ਤਾਂ ਬਹੁਤ ਸਾਰੇ ਨੌਜਵਾਨ ਰੋਜ਼ਾਨਾ ਪੁਲਿਸ ਵਲੋਂ ਸ਼ੱਕ ਦੇ ਆਧਾਰ 'ਤੇ ਹੀ ਫਰਜ਼ੀ ਪੁਲਿਸ ਮੁਕਾਬਲੇ ਬਣਾ ਕੇ ਮਾਰੇ ਜਾਣ ਲੱਗੇ। ਹਰ ਕੋਈ ਮਾਂ-ਬਾਪ ਆਪਣੇ ਪੁੱਤਰਾਂ ਸਹੀ ਸਲਾਮਤ ਘਰ ਆਉਣ ਲਈ ਬੂਹੇ ਅੱਗੇ ਝਾਕਦਾ ਰਹਿੰਦਾ। ਇਸ ਕਾਲੇ ਦੌਰ ਨੇ ਕੀਮਤੀ ਨੌਜਵਾਨੀ ਨੂੰ ਬਹੁਤਾਤ 'ਚ ਨਿਗਲ ਲਿਆ। ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਸੀ । ਪੁਲਿਸ ਦਾ ਖੌਫ ਬਹੁਤ ਜ਼ਿਆਦਾ ਸੀ। ਝੂਠੇ ਕੇਸ, ਝੂਠੇ ਮੁਕਾਬਲੇ ਆਦਿ ਨੇ ਪੰਜਾਬ ਦੀ ਆਬ ਨੂੰ ਗੰਦਲਾ ਕਰ ਦਿੱਤਾ ਸੀ। ਇਨ੍ਹਾਂ ਦਿਨਾਂ ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਭਾਰਤ ਸਰਕਾਰ ਵਲੋਂ ਕੀਤੇ ਫੌਜੀ ਹਮਲੇ ਨੇ ਸਿੱਖਾਂ ਦੇ ਹਿਰਦਿਆਂ ਨੂੰ ਤਾਂ ਵਲੂੰਧਰਨਾ ਹੀ ਸੀ ਜਿਸ ਦੇ ਨਤੀਜੇ ਵਜੋਂ ਭਾਰਤ ਦੇ ਪ੍ਰਧਾਨ ਮੰਤਰੀ ਦਾ ਕਤਲ ਹੋ ਗਿਆ। ਸਾਰੇ ਦੇਸ਼ ਅੰਦਰ ਸਰਕਾਰ, ਰਾਜਸੀ ਨੇਤਾਵਾਂ ਦੀ ਛੱਤਰ ਛਾਇਆ ਹੇਠ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਬੇਰਹਿਮੀ ਨਾਲ, ਭੜਕਾਏ ਗਏ ਹਜੂਮਾਂ ਵਲੋਂ ਗਲਾਂ 'ਚ ਟਾਇਰ ਪਾ ਕੇ ਅੱਗਾਂ ਲਾ ਕੇ, ਬੇਰਹਿਮੀ ਨਾਲ ਸਿੱਖ ਪਰਿਵਾਰਾਂ ਦੇ ਕਤਲ ਕੀਤੇ ਗਏ ।ਥੋੜੀ ਸ਼ੱਕ ਤੇ ਹੀ ਖਾੜਕੂ ਸੋਚ ਵਾਲੇ ਸਿੱਖ ਨੌਜਵਾਨਾਂ ਨੂੰ ਚੁੱਕ ਕੇ ਪੁਲਿਸ ਨੇ ਕੋਹ ਕੋਹ ਕੇ ਮਾਰਨਾ ਸ਼ੁਰੂ ਦਿੱਤਾ, ਜਿਸ ਨਾਲ ਤੰਗ ਹੋ ਕੇ ਗੁਪਤ ਖਾੜਕੂ ਜਥੇਬੰਦੀਆਂ ਖੜੀਆਂ ਹੋ ਗਈਆਂ।ਜਿਨ੍ਹਾਂ ਨੇ ਬਹੁਤ ਸਾਰੇ ਬੇਰਹਿਮ ਪੁਲਿਸ ਅਧਿਕਾਰੀਆਂ ਦੇ ਸੋਧੇ ਲਾਉਣੇ ਸ਼ੁਰੂ ਕਰ ਦਿੱਤੇ। ਲੋਕ ਵੀ ਇਨ੍ਹਾਂ ਜਥੇਬੰਦੀਆਂ ਦੇ ਕਈ ਕੰਮਾਂ ਬਰਾਤ ਦੀ ਸੀਮਤ ਗਿਣਤੀ, ਭੋਗਾਂ ਤੇ ਫਜ਼ੂਲ ਖਰਚੀ, ਵਿਆਹੀਆਂ ਲੜਕੀਆਂ ਨਾਲ ਵਧੀਕੀਆਂ ਨੂੰ ਨੱਥ ਪਾਉਣਾ, ਘਰ ਬੈਠੀਆਂ ਵਿਆਹੀਆਂ ਨੂੰ ਸਹੁਰੇ ਭੇਜਣ ਵਾਲੇ ਕੰਮ ਹੋਣ ਲੱਗੇ ਜੋ ਸਰਕਾਰ ਨੂੰ ਭਉਂਦੇ ਨਹੀਂ ਸਨ। ਪੁਲਿਸ ਕੈਟਾਂ ਨੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਕੰਮ ਕੀਤੇ ।ਹਾਲਾਤ ਹੀ ਐਸੇ ਸਨ ਕਿ ਹਰੇਕ ਸਿੱਖ ਦੀ ਸੋਚ ਖਾੜਕੂ ਬਣੀ ਹੋਈ ਸੀ।

ਮੇਰੇ ਹੋਣਹਾਰ ਨੌਜਵਾਨ ਭਰਾ ਸੁਖਵਿੰਦਰ ਸਿੰਘ ਬਿੱਲਾ ਦੇ ਦੋਸਤ, ਕਬੱਡੀ ਦੇ ਵਧੀਆ ਖਿਡਾਰੀ ਅਤੇ ਗੁਆਂਢੀ ਛਿੰਦੇ ਦੀ ਪੁਲਿਸ ਮੁਲਾਜ਼ਮ ਨਾਲ ਅਮਲੋਹ ਵਿਖੇ ਝੜਪ’ਚ ਉਲਝਣ ਕਾਰਨ ਬੇਵਸੀ ਦੇਖਦੇ ਹੋਏ ਜਿਊਂਦੇ ਪੁਲਿਸ ਦੇ ਹਥ ਆਉਣ ਦੀ ਬਜਾਇ ਸਾਇਨਿਡ ਖਾ ਲਈ ਜਿਸ ਨਾਲ ਉਸ ਦੀ ਮੌਤ ਹੋ ਗਈ। ਉਸ ਦੀ ਜੇਬ 'ਚੋਂ ਜੋ ਡਰਾਇਵਿੰਗ ਲਾਇਸੈਂਸ ਦੀ ਸਲਿੱਪ ਨਿਕਲੀ , ਜੋ ਕਾਪੀ ਜਾਂ ਲਾਇਸਿੰਸ ਬਣਾਉਣ ਸਮੇਂ ਉਦੋਂ ਦੇ ਦਿੰਦੇ ਸੀ ਤਾਂ ਜੋ ਚਲਾਨ ਨਾ ਹੋਵੇ ਉਸ ਉੱਪਰ ਮੇਰੇ ਭਰਾ ਦਾ ਨਾਮ ਸੀ। ਪਿੰਡ ਆ ਕੇ ਪੁਲਿਸ ਨੇ ਭਰਾ ਬਾਰੇ ਤਫਤੀਸ ਕੀਤੀ ਜੋ ਨਾਭੇ ਮੇਰੇ ਨਾਲ ਸਿਲਾਈ ਦਾ ਕੰਮ ਕਰਦਾ ਸੀ। ਇਹ ਵਾਕਿਆ ਅਮਲੋਹ ਵਿਖੇ ਅਮਲੋਹ ਥਾਣੇ ਅਧੀਨ ਹੋਇਆ ਸੀ। ਇਸ ਲਈ ਅਮਲੋਹ ਪੁਲਿਸ ਪਾਰਟੀ ਨਾਭੇ ਸਾਡੀ ਦੁਕਾਨ ਤੇ ਆ ਗਈ ਜਿਥੇ ਤਿੰਨੇ ਭਰਾ ਅਸੀਂ 'ਸਟੂਡੈਂਟ ਟੇਲਰਜ਼’ ਨਾਮ ਤੇ ਦੁਕਾਨ ਚਲਾ ਰਹੇ ਸੀ। ਦੁਪਿਹਰ ਦਾ ਸਮਾਂ ਸੀ ਮੈਂ ਘਰ ਆਪਣਾ ਖਾਣਾ ਖਾਣ ਅਤੇ ਭਰਾਵਾਂ ਦਾ ਲੈਣ ਆਇਆ ਹੋਇਆ ਸੀ। ਛੋਟਾ ਭਰਾ ਸੁਖਵਿੰਦਰ ਬਿੱਲਾ ਬਾਜ਼ਾਰ ਚਲਾ ਗਿਆ।

ਦੁਕਾਨ 'ਚ ਭਰਾ ਹਰਭਜਨ ਅਤੇ ਕਾਰੀਗਰ ਸਨ। ਪੁਲਿਸ ਭਰਾ ਨੂੰ ਅਮਲੋਹ ਠਾਣੇ ਲੈ ਗਈ। ਉਹ ਛੱਬੀ ਦਿਨ ਥਾਣੇ 'ਚ ਰਿਹਾ, ਉਸ ਨਾਲ ਕੀ ਬੀਤਿਆ ਇਹ ਫੇਰ ਕਦੇ ਦਸਾਂਗਾ। ਮੇਰੇ ਘਰੋਂ ਆਉਣ ਤੋਂ ਪਹਿਲਾਂ ਇਹ ਭਾਣਾ ਵਰਤ ਗਿਆ, ਜਿਸ ਸਦਕਾ ਮੈਂ ਥਾਣੇ ਜਾਣ ਤੋਂ ਬਚ ਗਿਆ ਜੇ ਮੈਂ ਉਥੇ ਹੁੰਦਾ ਤਾਂ ਮੈਨੂੰ ਵੀ ਜਰੂਰ ਲਿਜਾਣਾ ਹੀ ਸੀ ਕਿਉਂ ਕਿ ਉਸ ਸਮੇਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਸ਼ੱਕ ਦੇ ਆਧਾਰ ਤੇ ਹੀ ਥਾਣਿਆਂ 'ਚ ਛੁੱਟ ਦਿੱਤਾ ਜਾਂਦਾ ਸੀ। ਕਿਸੇ ਦੀ ਕੋਈ ਸੁਣਵਾਈ ਨਹੀਂ ਸੀ। ਲੋਕਤੰਤਰ ਨਾਂ ਦੀ ਕੋਈ ਗੱਲ੍ਹ ਨਹੀਂ ਰਹਿ ਗਈ ਸੀ। ਪਰਿਵਾਰ ਲਈ ਤਕਰੀਬਨ ਮਹੀਨਾ ਭਰ ਦੁੱਖਦਾਈ ਭਰੇ ਦਿਨ ਰਹੇ।ਪਰਿਵਾਰਕ ਮੈਂਬਰਾਂ ਅਤੇ ਜਿਨ੍ਹਾਂ ਰਿਸ਼ਤੇਦਾਰਾਂ ਨੇ ਥਾਣਿਆਂ ਵਿੱਚ ਰਾਤਾਂ ਕੱਟੀਆਂ ਅਤੇ ਪੁਲਿਸ ਤੋਂ ਬਚੇ ਮੈਂਬਰਾਂ ਨੇ ਥਾਂ ਥਾਂ ਰਾਤਾਂ ਕੱਟ ਕੇ ਬਿਤਾਏ ਨਾ ਭੁਲਣਯੋਗ ਨੇ ।ਜੋ ਕੁਝ ਗਵਾਇਆ ਹੋਰ ਯਾਦਾਂ 'ਚ ਦਸਾਂਗਾ।

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

## (ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)

**ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ. ਐਲ. ਚੁੰਬਰ (ਜੋ ਅੱਜ ਜਿਸਮਾਨੀ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ ਪਰ ਉਹਨਾਂ ਦੇ ਕੰਮ ਹਮੇਸ਼ਾਂ-ਹਮੇਸ਼ਾਂ ਲਈ ਸਲਾਹੁਣਯੋਗ ਰਹਿਣਗੇ), ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਕਿ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

***ਤੇਜਪਾਲ ਗੰਗੜ (ਬਰਨਬੀ, ਬ੍ਰਿਟਿਸ਼ ਕੁਲੰਬੀਆ, ਕਨੇਡਾ) ਫੋਨ: 778.319.5431***

ਪੰਜਾਬ ਦੇ ਮਹਾਨ ਸਪੂਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਜਿਸਨੇ ਸਾਨੂੰ ਪੜਣ ਅਤੇ ਨੌਕਰੀਆਂ ਕਰਨ ਦਾ ਅਧਿਕਾਰ, ਵੋਟ ਦਾ ਅਧਿਕਾਰ, ਜ਼ਮੀਨ ਖਰੀਦਣਦਾ ਅਧਿਕਾਰ ਦਵਾ ਕੇ ਸਮਾਜ ਵਿੱਚ ਸਿਰ ਉੱਚਾ ਚੁੱਕ ਕੇ ਚਲਣਾ ਸਿਖਾਇਆ, ਨੂੰ ਦਲਿਤ ਸਮਾਜ ਵਲੋਂ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਇਸ ਮਹਾਨ ਨੇਤਾ ਅਤੇ ਦੇਸ਼ ਭਗਤ ਦੀ ਦੇਣ ਹੋਰਨਾਂ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਨੇਤਾਵਾਂ ਤੋਂ ਘੱਟ ਨਹੀਂ ਹੈ। ਬਾਬੂ ਜੀ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦੁਰ ਨੌਜਵਾਨ ਸਨ। ਵਿਦੇਸ਼ਾਂ ਵਿੱਚ 16 ਸਾਲ ਤੱਕ ਰਹਿ ਕੇ ਉਨ੍ਹਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਇਹ ਸਹੂਲਤਾਂ ਹਰ ਅਛੂਤ ਸਮਝਿਆ ਜਾਣ ਵਾਲਾ ਇਨਸਾਨ ਇਨ੍ਹਾਂ ਸਹੂਲਤਾਂ ਦਾ ਅਨੰਦ ਮਾਣੇ। ਸੰਨ 1926 ਵਿੱਚ 40 ਸਾਲ ਦੀ ਉਮਰ ਵਿੱਚ ਜੋ ਰਸਤਾ ਬਾਬੂ ਜੀ ਨੇ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਨਤਾ ਭਰਪੂਰ ਸੀ। ਬਾਬੂ ਜੀ ਦੀ ਸਖਤ ਜੱਦੋ-ਜਹਿਦ ਦਾ ਹੀ ਫਲ ਹੈ ਕਿ ਅੱਜ ਅਸੀ ਆਦਿ ਧਰਮ ਮੰਡਲ ਦੁਆਰਾ ਸਰਕਾਰ ਪਾਸੋਂ ਮੰਨਵਾਈਆਂ ਮੰਗਾਂ ਦਾ ਅਨੰਦ ਮਾਣ ਰਹੇ ਹਾਂ। ਸਮੁੱਚੀ ਆਦਿ-ਧਰਮੀ ਕੌਮ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੇ ਸਾਡੀ ਕੌਮ ਦੀਆਂ ਹਜ਼ਾਰਾਂ ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਕੇ ਸਾਨੂੰ ਮਾਨਵੀ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਸਾਡੇ ਸਮਾਜ ਦੇ ਚਾਨਣ ਮੁਨਾਰੇ ਬਣੇ ਰਹਿਣਗੇ।

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀਐਮਐਸਆਈ, ਜੀ. ਜੀ. ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆਂ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਮੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆਂ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ (ਸਇਪਓਰਓਟਇ ਏਲਇਚਟਰਓਟਇ) ਨੂੰ ਆਦਿ-ਧਰ-ਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐ਼ਲ. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਓਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾਂ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।



### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਸਮੇਂ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, "ਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।

### ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:

**ਪਹਿਲਾ ਮਤਾ:** ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

**ਦੂਜਾ:** ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁੱਧ ਹੈ।

**ਤੀਜਾ ਮਤਾ:** ਰਾਜਾ ਮੁੰਜੇ ਪੈਕਟ ਦੀ ਸਖਤ ਵਿਰੋਧਤਾ ਕਰਦੇ ਹਾਂ।

**ਚੌਥਾ ਮਤਾ:** ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

**ਪੰਜਵਾਂ ਮਤਾ:** ਹਿੰਦੂਵਾਦ, ਦਇਆਨੰਦ ਦਲਿਤਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ।ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੌਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉੱਪਰ ਖਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ "ਸੌਹੰ"" ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ "ਵੱਖਰੇ ਚੋਣ ਖੇਤਰ ਪ੍ਰਨਾਲੀ" Separate Electorate ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪ੍ਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ।

ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ.ਐਚ.ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ।

ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੂਜਾਰੀ ਸਾਡੀ ਪੂਜਾ ਪਾਠ ਨਹੀਂ

**(ਬਾਕੀ ਅਗਲੇ ਸਫੇ ਤੇ)**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਊਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। The Land Alineation Act (ਭੂਮੀ ਇੰਤਕਾਲ ਆਰਜੀ ਐਕਟ) ਨੇ ਡ੍ਰਿਰੈਸਡ ਕਲਾਸਿਜ਼ ਦੀ ਹਾਲਤ ਨਾਜੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਯਕੀਨ ਕਰਦੇ ਹਾਂ ਕਿ ਆਪਣੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੇ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪਿਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ "ਧਾਰਮਿਕ ਗੀਤਾਂ ਅਤੇ ਭਾਸ਼ਣਾਂ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਣਾਲੀ ਦੇ ਵਿੱਚਕਾਰ ਪ੍ਰਗਟ ਕੀਤੀ "

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ - ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।




ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਰੈਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ।

1. **ਪਹਿਲੀ ਮੰਗ-** ਸਰਕਾਰ ਵਲੋਂ ਅਨੂਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. **ਦੂਜੀ ਮੰਗ-** ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ"। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੂਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੂਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. **ਤੀਜੀ ਮੰਗ -** ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ। ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੁ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ, "ਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ"। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੂਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. **ਚੌਥੀ ਮੰਗ-** ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ, ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾਂ ਦੇ ਦਬਾਅ ਥੱਲੇ ਹਨ । ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

5. **ਪੰਜਵੀਂ ਮੰਗ:-** ਸਾਡੇ ਲੋਕ ਗਰੀਬ ਹਨਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆ ਹੈ (Principles)

1. No work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in co-operation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸਕੱਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ, ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੌਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ। ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ। ਉਸ ਸਮੇਂ ਪੇਂਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ

(ਬਾਕੀ ਅਗਲੇ ਸਫੇ ਤੇ)

# Welcome Address presented to Dr. Ambedkar on his maiden visit to Punjab

The Adi Dharam Mandal Punjab presented the following Welcome Address to Dr. Ambedkar, M.A., PhD., Bar-at-Law, M.L.C., Member of the Indian Franchise Committee (Lord Lothian Committee):-

"We, the members of the Punjab Adi Dharam Mandal and the Managing Committee, extend a hearty welcome to you on your maiden visit to our Province. We are extremely grateful to you for the services rendered to the Depressed classes as a delegate to the Indian Round Table Conference London from the Bombay Legislative Assembly and as a member of the Indian Franchise Committee (Lord Lothian Committee). You will be surprised to learn that the High castes are denying our existence in our Province. Untouchability is being practiced in our Province like that in other Provinces. A high caste person gets defiled by our mere touch. We are not allowed to take water from the public wells. The Brahmin priest cannot conduct religious recitation and worship for us. The Washerman does not wash our clothes. The barber cannot dress our hair. The water carrier does not supply water to us. We cannot pass through the village with a palanquin on marriage and other festival occasions, nor can we play a band.

We can neither conduct common business nor can we move around together with them. In short we have no commonality with the high castes. The Land Intiqal (Aarji) Act has worsened the condition of the Depressed Classes. To promote education, the Education Ministry has declared some concessions vide its resolution No. 20181 - G, dated 19-11-1929. This is for the first time in the history of Punjab that a member of the Depressed Classes has been appointed on the permanent Franchise Committee. We are heartened to believe that our rights are safe in your hands. We hope that you will bestow your kind attention on the Depressed Classes of Punjab because even our existence is being denied. The coming generation will engrave your name in golden letters as champion of the Depressed Classes. We pray for your long life.

**Courtesy: C. L. Chumber**
(Editor-in-Chief: Kaumi Udarian, Jalandhar)
Punjabi to English translated by
**Col. Prithvi Raj Kumar**
Chief Postmaster General (Rtd.)
Additional Secretary Government of India

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ "ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ, ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

### ਗਵਰਨਰ ਪੰਜਾਬ ਨੂੰ ਯਾਦ ਪੱਤਰ

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ । ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ। ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

"ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"

**– ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ**

### ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸਪੁੱਤਰ ਚਤਰ ਸੈਨ ਦੁਆਰਾ ਦਸੰਬਰ 1985 ਵਿਚ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਨੂੰ ਭੇਜਿਆ ਗਿਆ ਪੱਤਰ

**ਚਤਰ ਸੈਨ ਸਪੁੱਤਰ ਬਾਬੂ ਮੰਗੂ ਰਾਮ ਮੁੱਗੋਵਾਲੀਆ**

ਗੜ੍ਹਸ਼ੰਕਰ (ਹੁਸ਼ਿਆਰਪੁਰ)- ਆਪ ਜੀ ਨੇ ਬਾਬੂ ਜੀ ਦੀ 99ਵੀਂ ਜਨਮ ਵਰ੍ਹੇਗੰਢ ਉਤੇ ਸੋਵੀਨਰ ਛਾਪ ਕੇ ਕਈ ਸਾਲਾਂ ਤੋਂ ਅਧੂਰਾ ਪਿਆ ਕੰਮ ਸਿਰੇ ਚਾੜ੍ਹ ਦਿੱਤਾ ਹੈ ਅਤੇ ਆਦਿ-ਧਰਮੀ ਕੌਮ ਉਤੇ ਇਕ ਬਹੁਤ ਵੱਡਾ ਅਹਿਸਾਨ ਕਰ ਦਿੱਤਾ ਹੈ।

You have done a very big task which was lying pending from many years.

ਤੁਹਾਡੇ ਇਸ ਕੰਮ ਦੀ ਜਿੰਨੀ ਸ਼ਲਾਘਾ ਕਰ ਲਈ ਜਾਵੇ ਉਨੀ ਹੀ ਥੋੜ੍ਹੀ ਹੈ। ਤੁਸੀਂ ਸਾਡੇ ਕੰਮ ਨੂੰ ਆਪਣਾ ਨਿੱਜੀ ਕੰਮ ਸਮਝ ਕੇ ਬੜੀ ਮਿਹਨਤ ਅਤੇ ਲਗਨ ਨਾਲ ਬਾਬੂ ਜੀ ਬਾਰੇ ਸੋਵੀਨਰ ਛਾਪ ਕੇ ਸਾਡੀ ਖਵਾਹਿਸ਼ ਪੂਰੀ ਕੀਤੀ ਹੈ, ਇਸ ਲਈ ਤੁਹਾਡਾ ਇਹ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲ ਸਕਦੇ। ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹਾਂ। ਜਿੰਨਾ ਸਤਿਕਾਰ ਤੁਹਾਡੇ ਲਈ ਸਾਡੇ ਦਿਲ ਵਿਚ ਹੈ, ਉਹ ਚਿੱਠੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਤੁਸੀਂ ਸਾਡਾ ਹੀ ਨਹੀਂ ਬਲਕਿ ਸਾਰੀ ਕੌਮ ਦਾ ਸਿਰ ਉਚਾ ਕੀਤਾ ਹੈ ਅਤੇ ਮਨੂੰਵਾਦੀਆਂ ਦੇ ਮੂੰਹ ਉਤੇ ਕਰਾਰੀ ਚਪੇੜ ਮਾਰੀ ਹੈ।

ਹੁਣ ਬਾਬੂ ਜੀ ਦੀ 14 ਜਨਵਰੀ 1986 ਨੂੰ ਜਨਮ ਸ਼ਤਾਬਦੀ ਆ ਰਹੀ ਹੈ। ਅਸੀਂ ਇਹ ਸ਼ੁਭ ਦਿਹਾੜਾ ਗੜ੍ਹਸ਼ੰਕਰ ਵਿਖੇ ਬੜੀ ਧੂਮ ਧਾਮ ਨਾਲ ਮਨਾਉਣਾ ਚਾਹੁੰਦੇ ਹਾਂ। ਇਸ ਮੌਕੇ ਉਤੇ ਤੁਹਾਡਾ ਸਨਮਾਨ ਭੀ ਕੀਤਾ ਜਾਵੇਗਾ।


ਸੱਦਾ-ਪੱਤਰ


ਤਥਾਗਤ ਬੁੱਧ

## ਅੰਬੇਡਕਰ ਭਵਨ ਟਰੱਸਟ (ਰਜਿ.)

ਜਲੰਧਰ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ
ਦਾ ਆਗਮਨ ਦਿਵਸ (27 ਅਕਤੂਬਰ, 1951) ਮਨਾਉਣ ਲਈ
27 ਅਕਤੂਬਰ, 2024 (ਐਤਵਾਰ) ਸਵੇਰੇ 10.00 ਤੋਂ 2.00 ਵਜੇ ਤੱਕ
ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ


ਡਾ. ਅੰਬੇਡਕਰ

## ਫ੍ਰੀ ਮੈਡੀਕਲ ਚੈਕਅੱਪ ਕੈਂਪ

ਲਗਾਇਆ ਜਾ ਰਿਹਾ ਹੈ।

ਮੁੱਖ ਮਹਿਮਾਨ : ਡਾ. ਸੁਰਿੰਦਰ ਅਜਨਾਤ (ਪੀਐੱਚ-ਡੀ.)

ਵਿਸੇਸ਼ਤਾਵਾਂ :
★ ਜਨਰਲ ਚੈਕਅੱਪ ਅਤੇ ਸ਼ੂਗਰ ਟੈਸਟ।
★ ਹੱਡੀਆਂ ਅਤੇ ਜੋੜਾਂ ਦੀਆਂ ਬਿਮਾਰੀਆਂ ਦਾ ਚੈਕਅੱਪ।
★ ਔਰਤਾਂ ਦੀਆਂ ਬਿਮਾਰੀਆਂ ਦਾ ਚੈਕਅੱਪ।
★ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ।

ਪਹੁੰਚ ਰਹੇ ਡਾਕਟਰ ਸਾਹਿਬਾਨ :
❑ ਡਾ. ਚਰਨਜੀਤ ਸਿੰਘ, ਐੱਮ.ਐੱਸ. ਓਰਥੋ ਸਪੈਸ਼ਲਿਸਟ (ਸਾਬਕਾ ਪੀ.ਸੀ.ਐੱਮ.ਐੱਸ., ਐੱਸ.ਐੱਮ.ਓ.)
❑ ਡਾ. ਚੰਦਰ ਪ੍ਰਕਾਸ਼, ਐੱਮ.ਬੀ.ਬੀ.ਐੱਸ. (ਸਾਬਕਾ ਪੀ.ਸੀ.ਐੱਮ.ਐੱਸ.,ਐੱਸ.ਐੱਮ.ਓ.)
❑ ਡਾ. ਅਮਰਦੀਪ ਸਿੰਘ (ਪੀ.ਸੀ.ਐੱਮ.ਐੱਸ.)
❑ ਡਾ. (ਸ੍ਰੀਮਤੀ) ਨਵਦੀਪ, ਐੱਮ.ਬੀ.ਬੀ.ਐੱਸ. (ਇਸਤਰੀ ਰੋਗਾਂ ਦੇ ਮਾਹਿਰ)
❑ ਡਾ. (ਸ੍ਰੀਮਤੀ) ਜੈਸਮੀਨ, ਐੱਮ.ਬੀ.ਬੀ.ਐੱਸ., ਐੱਮ.ਡੀ. (ਪੀ.ਸੀ.ਐੱਮ.ਐੱਸ.)

ਮਰੀਜ਼ਾਂ ਦੀ ਰਜਿਸਟਰੇਸ਼ਨ ਸਵੇਰੇ 9.30 ਵਜੇ ਕੀਤੀ ਜਾਵੇਗੀ।

ਨਿਵੇਦਨ ਕਰਤਾ :

ਸੋਹਨ ਲਾਲ (ਚੇਅਰਮੈਨ) 9464769821
ਡਾ. ਜੀ.ਸੀ. ਕੌਲ (ਜਨਰਲ ਸਕੱਤਰ) 9463223223
ਬਲਦੇਵ ਰਾਜ ਭਾਰਦਵਾਜ (ਵਿੱਤ ਸਕੱਤਰ) 9815701023

ਅਤੇ ਸਮੂਹ ਟਰੱਸਟੀ ਸਾਹਿਬਾਨ

*Founder Trustee :* Late Sh. L.R. BALLEY, Editor, Bheem Patrika

ਅੰਬੇਡਕਰ ਭਵਨ ਟਰੱਸਟ (ਰਜਿ.), ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ-144003

Sponsored by Ambedkar Times & Desh Doaba
NEHA COMPUTER & PRINTERS, Nari Niketan Street, Jalandhar. # 9988593131

# ਕੇਂਦਰ ਅੰਦਰ ਹਾਕਮ ਧਿਰ ਦਾ ਵੰਡਵਾਦੀ ਰਵੱਈਆ, ਲੋਕਤੰਤਰ ਲਈ ਖਤਰਾ?



ਜਗਦੀਸ਼ ਚੋਹਕਾ
91-92179-97445
001-403-285-4208

ਕਿਸੇ ਸਿਸਟਮ ਅਧੀਨ ਅੱਜ ਬਹੁਪਰਤੀ (ਮਿਲਿਆ-ਜੁਲਿਆ) ਜਨ-ਸਮੂਹ ਜਾਂ ਭਾਈਚਾਰਾ ਵਿਚਾਰਾਂ ਵਿੱਚ ਪੂਰੀ ਤਰ੍ਹਾਂ ਇੱਕ ਸੁਰ ਜਾਂ ਇੱਕ ਮੱਤ ਨਹੀਂ ਜੋ ਸਕਦਾ। ਪਰ ਹਰ ਸਭਿਅਕ ਅਤੇ ਉਸਾਰੂ ਵਿਚਾਰਾਂ ਵਾਲਾ ਸਮਾਜ ਇਹ ਤਾਂ ਚੰਗੀ ਤਰ੍ਹਾਂ ਜਾਣਦਾ ਅਤੇ ਸਮਝਦਾ ਹੈ ਕਿ ਲੋਕਤੰਤਰ ਅੰਦਰ ਸਰਵਸੰਮਤੀ ਨਾਲ ਫੈਸਲਾ ਲੈਣਾ ਕਿਉਂ ਜਰੂਰੀ ਹੁੰਦਾ ਹੈ। ਇਹ ਫੈਸਲੇ ਕਿਸ ਤਰ੍ਹਾਂ ਲਏ ਜਾਂਦੇ ਹਨ ਅਤੇ ਕਿ ਆਪਸੀ ਸਤਿਕਾਰ ਅਤੇ ਸਨਮਾਨ ਇਨ੍ਹਾਂ ਅੰਦਰ ਹੋ ਸਕਦਾ ਹੋਵੇ। ਇਹ ਵੀ ਨਹਾਇਤ ਜਰੂਰੀ ਹੈ, ਕਿ ਲੋਕ-ਤੰਤਰ ਅੰਦਰ ਤੋਂ ਅਰਥ ਵਿੱਵਸਥਾ ਦੀਆਂ ਜੜ੍ਹਾਂ ਵੀ ਤਾਂ ਹੀ ਮਜਬੂਤ ਹੋਣਗੀਆਂ ਜੇਕਰ ਲੋਕ-ਤੰਤਰ ਮਜਬੂਤ ਹੈ।

ਦੂਸਰੇ ਸੰਸਾਰ ਜੰਗ ਦੀ ਭਿਆਨਕ ਤਬਾਹੀ ਬਾਅਦ ਇਹ ਵੀ ਸਾਡੇ ਸਾਹਮਣੇ ਹੈ ਕਿ ਜਿੰਨੇ ਵੀ ਦੇਸ਼ ਸਾਮਰਾਜੀ ਬਸਤੀਵਾਦ ਦੇ ਚੁੰਗਲ 'ਚੋਂ ਬਾਹਰ ਆ ਜਾਣ ਤੇ ਮੁਕਤ ਹੋਏ, ਇਨ੍ਹਾਂ ਵਿੱਚ ਜਿਨ੍ਹਾਂ ਨੇ ਲੋਕਤੰਤਰ ਨੂੰ ਆਪਣਾਇਆ ਅਤੇ ਮੁਕਤੀ ਬਾਅਦ ਜਮਹੂਰੀ ਪ੍ਰਕਿਰਿਆ ਨੂੰ ਮਜਬੂਤ ਕਰਨ ਲਈ ਵੱਧੇ, ਉਹ ਨਵ-ਬਸਤੀਵਾਦ ਅਤੇ ਸਾਮਰਾਜਵਾਦ ਤੋਂ ਵੀ ਮੁਕਤ ਰਹੇ, ਕਿਉਂਕਿ ਉਥੋਂ ਦੇ ਲੋਕਾਂ ਨੇ ਬਸਤੀਵਾਦ ਤੋਂ ਜੋ ਛੁਟਕਾਰਾ ਪਾਉਣ ਲਈ ਲੱਖਾਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ, ਫਾਂਸੀਆਂ ਤੇ ਚੜ੍ਹੇ, ਲੰਬੀਆਂ ਸਜਾਵਾਂ ਕੱਟੀਆਂ ਅਤੇ ਜਾਇਦਾਦਾਂ ਦੀਆਂ ਕੁਰਕੀਆਂ ਵੀ ਕਰਾਈਆਂ ਤਾਂ ਜਾ ਕੇ ਦੇਸ਼ ਆਜਾਦ ਹੋਏ। ਇਹ ਉਨ੍ਹਾਂ ਲੋਕਾਂ ਦੀਆਂ ਕੁਰਬਾਨੀਆਂ ਤੇ ਲੰਬੇ ਸੰਘਰਸ਼ਾਂ ਦਾ ਨਤੀਜਾ ਸੀ। ਪਰ ! ਜਿਹੜੇ ਦੇਸ਼ਾਂ ਨੇ ਮੁੜ, ਬਸਤੀਵਾਦੀ ਸਾਮਰਾਜੀਆਂ ਦੀਆਂ ਨੀਤੀਆਂ ਨੂੰ ਜਾਰੀ ਰੱਖਿਆ ਅਤੇ ਉਨਾਂ ਸਾਮਰਾਜੀਆਂ ਦੀ ਕਠਪੁਤਲੀ ਬਣੇ ਰਹੇ ਹਨ, ਉਹ ਦੇਸ਼ ਅੱਜ ਵੀ ਗਰੀਬੀ ਗੁਰਬਤ ਦਾ ਹੀ ਸ਼ਿਕਾਰ ਹਨ। ਉਨ੍ਹਾਂ ਨੇ ਕਿਉਂਕਿ ਵਿਕਾਸ ਦਾ ਲੋਕਪੱਖੀ ਰਾਹ ਨਹੀਂ ਸਗੋਂ, ਲੁੱਟ-ਖਸੁੱਟ ਵਾਲਾ ਰਾਹ ਆਪਣਾਇਆ। ਜਿਸ ਕਰਕੇ ਉਨ੍ਹਾਂ ਦੇਸ਼ਾਂ 'ਚ ਗਰੀਬੀ, ਬੇਰੁਜ਼ਗਾਰੀ, ਕਪੋਸ਼ਨ, ਆਰਥਿਕ ਅਸਮਾਨਤਾ ਅਤੇ ਅਨਪੜ੍ਹਤਾ ਅੱਗੇ ਨਾਲੋਂ ਵੱਧੀ ਹੈ। ਉਹ ਪੁਰਾਣੀਆਂ ਚੁਣੌਤੀਆਂ ਵਿਰਾਸਤ 'ਚ ਮਿਲੀਆਂ ਹਨ, ਜਿਸ ਤੋਂ ਸਾਡੇ ਦੇਸ਼ ਭਗਤ ਤੇ ਆਵਾਮ ਮੁਕਤੀ ਚਾਹੁੰਦੀ ਸੀ ਉਹ ਅੱਜ ਵੀ ਦੁਰਮੇਸ਼ ਹਨ।

ਭਾਰਤ ਅੰਦਰ ਹੀ ਕੁਝ ਅਪਵਾਦਾਂ ਨੂੰ ਛੱਡ ਦਈਏ ਕਿ ਅਸੀਂ ਆਜ਼ਾਦ ਹੋ ਗਏ ਹਾਂ। ਪਰ ਬਾਕੀ ਬਜ਼ਰ ਸਮੱਸਿਆਵਾਂ, ਚੁਣੌਤੀਆਂ ਤੇ ਦੁਸ਼ਵਾਰੀਆਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਅੱਜ ਦੇਸ਼ ਅੰਦਰ 78ਵੇਂ ਵਰ੍ਹੇ ਦੀ ਆਜ਼ਾਦੀ ਭਾਵੇਂ ਕਈਂ ਪਹਿਲਾਂ ਵਾਂਗ ਵਾਹਦੇ ਤੇ ਦਾਅਵੇ ਕਰਕੇ ਲੰਘ ਗਈ ਹੈ, ਪਰ ਸਾਡਾ ਲੋਕਤੰਤਰ ਨਿਸ਼ਫਲ ਦਿਸ ਰਿਹਾ ਹੈ। ਭਾਰਤ ਅੰਦਰ ਭਾਵੇ ਪਾਰ-ਲੀਮਾਨੀ ਜਮਹੂਰੀਅਤ ਹੈ ਤੇ ਦੁਨੀਆਂ ਨੂੰ ਅਸੀਂ ਲੋਕ-ਤੰਤਰ ਹੋਣ ਦਾ ਹੋਕਾ ਵੀ ਦਿੰਦੇ ਹਾਂ ਕਿ ਸਾਡਾ ਸੰਵਿਧਾਨ ਬਹੁਤ ਸਾਰੇ ਦੇਸ਼ਾਂ ਤੋਂ ਵਧੀਆ ਵੀ ਅਤੇ ਹੈ ਵੀ ਹੈ ! ਪਰ ਹਾਕਮਾਂ ਨੇ ਆਪਣੇ ਜਮਾਤੀ ਹਿੱਤਾਂ ਲਈ ਸਾਰੇ ਜਮਹੂਰੀ ਲੋਕ-ਤੰਤਰ ਥੰਮ ਬੋਡੇ ਕਰ ਦਿੱਤੇ ਗਏ ਹਨ। ਆਰਥਿਕ ਇਨਸਾਫ ਜਿਸ ਰਾਹੀਂ ਲੋਕਾਂ ਨੂੰ ਰਾਮਰਾਜ ਦਾ ਹੋਕਾ ਦੇ ਕੇ ਬਰਾਬਤਾ ਦਾ ਢੋਲ ਪਿੱਟਿਆ ਸੀ, ਉਹ ਸਭ ਹੁਣ ਕਾਗਜ਼ੀ ਰਹਿ ਗਏ ਹਨ। ਹਾਕਮ ਅਤੇ ਰਾਜਸੱਤਾ ਤੇ ਕਾਬਜ਼ ਜਮਾਤ ਆਪਣੀ ਲੁੱਟ-ਖਸੁੱਟ ਨੂੰ ਆਪਣੀ ਮਰਜ਼ੀ ਅਨੁਸਾਰ ਹਰ ਰੋਜ ਤੇਜ ਕਰਕੇ ਜਨਤਾ ਦੀ ਦੋ ਡੰਗ ਦੀ ਰੋਟੀ ਵੀ ਖੋਹ ਰਹੀ ਹੈ।

ਆਜ਼ਾਦੀ ਦੇ ਪਹਿਲੇ ਦਹਾਕੇ ਤੱਕ ਜਦੋਂ ਲੋਕਾਂ ਅਤੇ ਹਾਕਮਾਂ ਅੰਦਰ ਦੇਸ਼ ਭਗਤੀ ਦਾ ਪਿਆਰ ਅਤੇ ਕੁਰਬਾਨੀ ਵਾਲੀ ਭਾਵਨਾ ਰਹੀ, ਲੋਕਾਂ ਨੂੰ ਵੀ ਕੁਝ ਧਰਾਸ ਮਿਲਦੇ ਰਹੇ ਪਰ ਜਿਉਂ-ਜਿਉਂ ਰਾਜਸੱਤਾ ਤੇ ਹਾਕਮ ਜਮਾਤਾਂ ਨੇ ਆਪਣੀ ਲੁੱਟ ਨੂੰ ਦੋਨੋਂ ਹੱਥੀ ਲੁੱਟਣਾ ਸ਼ੁਰੂ ਕਰ ਦਿੱਤਾ। ਅੱਜ ਲੋਕ ਆਜ਼ਾਦੀ ਦਾ ਨਾਂ ਵੀ ਨਹੀਂ ਲੈਣਾ ਚਾਹੁੰਦੇ ! ਤਾਂ! ਰਸਮੀ ਤੌਰ 'ਤੇ ਹਰ ਪਾਸੇ ਆਜ਼ਾਦੀ ਮਨਾਉਣ ਦੀਆਂ ਖਬਰਾਂ ਜਰੂਰ ਸਮੇਂ-ਸਮੇਂ ਆਉਦੀਆਂ ਰਹਿੰਦੀਆਂ ਹਨ। ਅੱਜ ਹਾਕਮਾਂ ਦੇ ਮਨ ਅਤੇ ਮਸਤਕ ਅੰਦਰ ਵੀ ਦੇਸ਼ ਦੀ ਆਜ਼ਾਦੀ ਇਕ ਰਸਮ ਹੀ ਬਣ ਗਈ ਹੋਈ ਹੈ।

ਸਮੇਂ-ਸਮੇਂ ਸਿਰ ਹਾਕਮ ਜਮਾਤਾਂ ਰਾਜਸਤਾ 'ਤੇ ਜੋ ਕਾਬਜ਼ ਹਨ, ਲੋਕਾਂ ਪ੍ਰਤੀ ਆਪਣੇ ਫਰਜ਼, ਦੇਸ਼ ਭਗਤੀ ਅਤੇ ਲੋਕ-ਭਾਵਨਾ ਨੂੰ ਵੀ ਹੁਣ ਪਰੇ ਸੁੱਟ ਕੇ ਆਪਣੇ ਜਮਾਤੀ ਹਿੱਤਾਂ ਲਈ ਹੀ ਅੱਜ ਰਾਜਨੀਤਕ ਪੱਖ ਤੋਂ ਵੀ ਪੂਰੀ ਤਰ੍ਹਾਂ ਆਪਣੇ ਜਮਾਤੀ ਸ਼ੋਸ਼ਣ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਹੋਰ ਸਰਗਰਮ ਹਨ। ਉਹ ਸੰਵਿਧਾਨਕ ਸੌਂਹ ਅਤੇ ਫਰਜ਼ ਜੋ ਉਹ ਚੋਣ ਜਿੱਤਣ ਉਪਰੰਤ ਚੁੱਕੇ ਜਾਂਦੇ ਹਨ, ਪਰ ਬਾਅਦ ਵਿੱਚ ਉਹ ਬਾਤਾਂ ਹੀ ਰਹਿ ਜਾਂਦੀਆਂ ਹਨ। ਉਹ ਦੇਸ਼ ਭਗਤੀ ਅਤੇ ਲੋਕ ਸੇਵਾ ਦੇ ਨਾਂ ਹੇਠ ਹੀ ਜਿੱਤ ਕੇ ਆਉਂਦੇ ਹਨ। ਪਰ ਉਨ੍ਹਾਂ ਦੀਆਂ ਜੀਵਨ ਕਦਰਾਂ-ਕੀਮਤਾਂ, ਦ੍ਰਿਸ਼ਟੀਕੋਣ ਸਭ ਬਦਲ ਜਾਂਦੇ ਹਨ। ਆਜ਼ਾਦੀ ਵੇਲੇ ਹਰ ਪਾਰਟੀ ਨੇ ਇਹ ਨਾਅਰਾ ਦਿਤਾ ਸੀ ਕਿ ਆਜ਼ਾਦੀ ਬਾਅਦ ਜੋ ਆਵਾਮ ਜਮੀਨੀ ਸਤਹਿ 'ਤੇ ਅਤੇ ਹਾਸ਼ੀਏ 'ਤੇ ਚਲੇ ਗਏ ਹਨ ਉਨ੍ਹਾਂ ਦੀ ਕਦੋਂ ਬਾਂਹ ਫੜੀ ਜਾਵੇਗੀ ? ਅੱਜ ਵੀ ਆਜ਼ਾਦੀ ਦੇ 77 ਸਾਲਾਂ ਬਾਅਦ 81 ਕਰੋੜ ਆਵਾਮ ਇੱਕ ਦਿਨ ਲਈ ਰੋਟੀ-ਦਾਲ ਪ੍ਰਾਪਤ ਕਰਨ ਲਈ ਹਾਕਮਾਂ ਦੇ ਦਰ ਵੱਲ ਝਾਕ ਰਹੇ ਹਨ। ਭਾਵ ਸਮਾਜਕ-ਆਰਥਿਕ ਨਿਆਂ ਮਿਲ ਨਹੀਂ ਰਿਹਾ ਹੈ, ਲੋਕ ਅਨ੍ਹਿਆਏ ਦਾ ਸ਼ਿਕਾਰ ਹਨ। ਸਮਾਜ ਦੇ ਮੁੱਖ ਤਿੰਨ ਵਰਗਾ, ਇਸਤ੍ਰੀਆਂ, ਘੱਟ ਗਿਣਤੀ ਅਤੇ ਦਲਿਤ ਸਮਾਜ ਹਰ ਤਰ੍ਹਾਂ ਦੇ ਅਨਿਆਏ ਦਾ ਸ਼ਿਕਾਰ ਹਨ। ਸਾਡੀ ਆਜ਼ਾਦੀ ਫਿਰ ਕਿਹੜੀਆਂ ਨੈਤਿਕ, ਮਨੁੱਖੀ ਕਦਰਾਂ ਕੀਮਤਾਂ ਅਤੇ ਸਮਾਨਤਾ ਲੈ ਕੇ ਆਈ ਹੈ ? ਮੌਜੂਦਾ ਦੇਸ਼ ਦੀ ਇਸ ਸਥਿਤੀ ਵਿੱਚ ਕੌਮੀ ਨੀਤੀ ਦੀ ਵਿਸ਼ਾ-ਵਸਤੂ ਸਕੰਲਪਨਾ ਕਰਨੀ, ਉਸਾਰੀ ਵਿਵਾਹਾਰਕ ਕਾਰਜਗੁਜਾਰੀ ਨੂੰ ਲੱਭਣਾ ਬਹੁਤ ਮੁਸ਼ਕਲ ਹੈ। ਜਦੋਂ ਦੇਸ਼ ਅੰਦਰ ਰਾਜਨੀਤੀ ਇੱਕ ਵਰਗ, ਭਾਵ ਬਹੁਤ ਗਿਣਤੀ ਭਾਰੂ ਲੋਕਾਂ ਅਤੇ ਜੇਤੂ ਫਿਰਕੇ ਅਤੇ ਫਿਰਕੂ ਸੋਚ ਭਰਭੂਰ ਹੋਵੇਗੀ ਤਾਂ ਉਸ ਵਿੱਚ ਇਮਾਨਦਾਰੀ ਤੇ ਲੋਕਾਂ ਪ੍ਰਤੀ ਵਿਵਹਾਰਕ ਸੋਚ ਦੀਆਂ ਜੜ੍ਹਾਂ ਵੀ ਖੋਖਲੀਆਂ ਮਿਲਣਗੀਆਂ। ਖੁਦਗਰਜ਼ੀ ਵੱਧੇਗੀ, ਨਿਸ਼ਚਿਤ ਹੀ ਲੋਕ ਰਾਜੀ ਲੋਕ ਕਦਰਾਂ-ਕੀਮਤਾ ਵੀ ਬੋਡੀਆਂ ਹੋ ਜਾਣਗੀਆਂ ? ਫਿਰ ਜਦੋਂ ਆਵਾਮ ਵਿੱਚ ਵਿਸ਼ਵਾਸ ਹਾਕਮਾਂ ਦੀ ਵਿਵਹਾਰਕ ਕਾਰਗੁਜ਼ਾਰੀ ਪ੍ਰਤੀ ਸ਼ੱਕੀ ਹੋਵੇਗਾ ਫਿਰ ਲੋਕ-ਤੰਤਰ ਨੂੰ ਕਿਵੇਂ ਮਜਬੂਤ ਮੰਨਿਆ ਜਾ ਸਕਦਾ ਹੈ?

ਲੋਕ-ਤੰਤਰ ਅੰਦਰ ਸਾਰੇ ਫੈਸਲੇ ਲੋਕ ਪੱਖੀ ਅਤੇ ਸਰਵ-ਸੰਮਤੀ ਵਾਲੇ ਹੋਣੇ ਚਾਹੀਦੇ ਹਨ। ਲੋਕ-ਤੰਤਰ ਤਾਂ ਹੀ ਜਿਉਂਦਾ ਰਹਿ ਸਕਦਾ ਹੈ ਜਦੋਂ ਹਰ ਨਾਗਰਿਕ ਲੋਕਤੰਤਰ ਅੰਦਰ ਆਪਣੇ ਆਪ ਨੂੰ ਸੁਰੱਖਿਅਤ, ਬਿਨ੍ਹਾਂ ਭਿੰਨ-ਭੇਦ ਤੇ ਡਰ-ਡੈਅ ਰਹਿਤ ਰਹਿੰਦਾ ਹੋਵੇ ? ਉਹ ਫਿਰ ਹੀ ਆਪਣੇ ਸਮਾਜਕ ਫਰਜਾਂ ਅਤੇ ਡਿਊਟੀ ਨੂੰ ਤਨਦੇਹੀ ਨਾਲ ਨਿਭਾ ਸਕੇਗਾ। ਨਾਗਰਿਕ ਇਹ ਵੀ ਮਾਣ ਸਮਝੇ ਕਿ ਉਸ ਨੂੰ ਦੇਸ਼ ਅੰਦਰ ਹਰ ਤਰ੍ਹਾਂ ਸੁਰੱਖਿਆ ਮਿਲ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਰੇ ਲੋਕ, ਨਾਗਰਿਕ ਅਤੇ ਜਨ-ਸਮੂਹ ਆਪਣੀ-ਆਪਣੀ ਵਿਚਾਰਧਾਰਾ ਨਾਲ ਜੁੜੇ ਹੁੰਦੇ ਹਨ। ਇਸ ਲਈ ਹੀ ਉਹ ਇਹ ਸਮਝਦੇ ਹਨ ਕਿ ਉਹ ਸੱਭਿਆ ਸਮਾਜ ਅੰਦਰ ਵਧੀਆ ਵਿਚਾਰ ਪੇਸ਼ ਕਰਕੇ ਅਤੇ ਹਾਕਮਾਂ ਤੋਂ ਵੀ ਅਜਿਹੀ ਆਸ ਰੱਖਣੀ ਹੀ ਦੇਸ਼ ਅਤੇ ਨਾਗਰਿਕਾਂ ਦੇ ਸਨਮਾਨ ਅਤੇ ਆਦਰ ਲਈ ਉਹ ਇੱਕ ਮਿਸਾਲੀ ਫੈਸਲਾ ਹੋਵੇਗਾ ? ਜਿੱਥੇ ਅਜਿਹੇ ਸਰਵ-ਸੰਮਤੀ ਵਾਲੇ ਫੈਸਲੇ ਨਾ ਹੋਣ ਜਾਂ ਆਸ ਨਾ ਰੱਖੀ ਜਾਵੇ ਤਾਂ ਉਥੇ ਫਿਰ ਹਮਲਾਵਾਰੀ ਰੁੱਖ, ਸ਼ੰਕਾਂ ਅਤੇ ਆਸਥਾ ਪ੍ਰਤੀ ਸਵਾਲ ਵੀ ਉਠਣਗੇ ਹੀ। ਹਾਕਮਾਂ ਦਾ, ਹਾਕਮ ਪਾਰਟੀ ਦਾ ਅਤੇ ਰਾਜਤੰਤਰ ਇੱਕ ਤਰਫਾ, ਇੱਕ ਪਾਸੜ ਅਤੇ ਅਨਿਆ ਤੇ ਨਾਬਰ ਹੀ ਸਮਝਿਆ ਜਾਵੇਗਾ। ਕੋਈ ਵੀ ਫੈਸਲਾ ਭਾਵੇਂ ਸਰਵ-ਸੰਮਤੀ ਵਾਲਾ ਹੀ ਹੋਵੇ, ਉਸ ਦੀ ਗੁਣਵੰਤਾ ਦਾ ਕੋਈ ਅਰਥ ਨਹੀਂ ਰਹਿੰਦਾ ਹੈ। ਜਦੋਂ ਹਾਕਮਾਂ ਦੇ ਦਬਾਅ ਅਧੀਨ ਰਾਜਤੰਤਰ ਦੀ ਸਮਝ, ਨਿਯਮਾਂ, ਉਪ-ਨਿਯਮਾਂ ਅਤੇ ਨਿਜ-ਪੱਖੀ ਪਰਤਾਂ ਦੀ ਜਕੜ ਵਿੱਚ ਆ ਜਾਵੇ ਉਹ ਫੈਸਲਾ ਗੈਰ-ਸੰਵੇਦਨਸ਼ੀਲ ਤੇ ਨਾਬਰ ਹੋ ਜਾਂਦਾ ਹੈ। ਉਥੇ ਲੋਕਤੰਤਰ ਦੀ ਅੰਦਰੂਨੀ ਆਤਮਾ ਵਾਲੀ ਸੋਚ-ਸਮਝ ਦਾ ਮਹੱਤਵ ਨਹੀਂ ਰਹਿੰਦਾ ਹੈ। ਜਿਸ ਦਾ ਖਮਿਆਜਾ ਜਨ-ਸਮੂਹ ਨੂੰ ਭੁਗਤਣਾ ਪੈਂਦਾ ਹੈ। ਅੱਜ ਦੇਸ਼ ਅੰਦਰ ਅਜਿਹਾ ਹੀ ਭਾਣਾ ਵਰਤ ਰਿਹਾ ਹੈ।

ਭਾਰਤੀ ਲੋਕਤੰਤਰ ਦੇ ਰਾਜਤੰਤਰ ਅੰਦਰ ਚੋਣਾਂ ਤੇ ਨਿਯੁਕਤੀਆਂ ਅੱਜੇ ਵੀ ਬਸਤੀਵਾਦੀ ਮਾਨਸਿਕ-ਗੁਲਾਮੀ ਅਧੀਨ ਹੀ ਕਹੀਆਂ ਜਾ ਸਕਦੀਆਂ ਹਨ। ਅੱਜੇ ਵੀ ਦੇਸ਼ ਦਾ ਸਾਰਾ ਕਾਰੋ-ਵਿਹਾਰ, ਕੌਮੀ ਨਿਰਮਾਣ, ਵਿਕਾਸ ਅਤੇ ਪ੍ਰਗਤੀ ਸਭ ਦੇਸ਼ ਦੇ ਨੌਕਰਸ਼ਾਹਾਂ ਦੇ ਹੱਥ ਹੀ ਹੁੰਦੀ ਹੈ। ਰਾਜਨੀਤਕ ਜਨਪ੍ਰਤੀਨਿਧ ਕੇਵਲ ਬਣੀਆਂ ਬਣਾਈਆਂ ਨੀਤੀਆਂ ਤੇ ਸਹੀ ਹੀ ਮਾਰਦੇ ਹਨ। ਇਹੀ ਕਾਰਨ ਹੈ ਕਿ ਸਾਡੇ ਰਾਜਨੀਤਕ ਆਗੂ ਤੇ ਪ੍ਰਤੀਨਿਧ ਅੱਜ ਪਾਰਟੀ ਜਾਂ ਆਪਣੀਆਂ ਰਾਜਨੀਤਕ ਨੀਤੀਆਂ ਨੂੰ ਲਾਗੂ ਕਰਾਉਣ ਲਈ ਏਨੇ ਉਤਸਕ (ਕਾਹਲੇ) ਨਹੀਂ ਹੁੰਦੇ ਜਿੰਨੇ ਉਹ ਰਾਜਨੀਤਕ ਲਾਭਾਂ ਲਈ ਅੱਗੇ ਆਉਂਦੇ ਹਨ। ਉਨ੍ਹਾਂ ਦਾ ਨਿਸ਼ਾਨਾਂ, ਉਦੇਸ਼ ਅਤੇ ਪਹਿਲ ਆਪਣੇ ਲਈ ਅਤੇ ਆਪਣਿਆਂ ਦੇ ਹਿੱਤਾਂ ਲਈ ਹੀ ਹੁੰਦਾ ਹੈ। ਇਹ ਲਈ ਹੀ ਹਾਕਮ ਪਾਰਟੀਆਂ ਦੇ ਦਾਗੀ ਜਾਂ ਕੇਸ ਭੁਗਤ ਰਹੇ ਅਤੇ ਸਜ਼ਾਵਾਂ ਕੱਟ ਰਹੇ ਪ੍ਰਤੀਨਿਧ ਫਿਰ ਵੀ ਲੋਕ ਚੁਣਦੇ ਹਨ ਤੇ ਉਹ ਜਿੱਤਦੇ ਵੀ ਹਨ। ਜਿੱਤ ਬਾਅਦ ਉਨ੍ਹਾਂ ਨੂੰ ਕੀ ਅਸੀਂ ਦੁੱਧ ਧੋਤੇ ਆਪਣੇ ਪ੍ਰਤੀਨਿਧ ਨਹੀਂ ਤਸਲੀਮ ਵੀ ਕਰਾਂਗੇ? ਪਰ ਸਾਰੇ ਨਹੀਂ ! ਉਨ੍ਹਾਂ ਤੋਂ ਇਹ ਆਸ ਫਿਰ ਕਿਵੇਂ ਰੱਖੀ ਜਾ ਸਕਦੀ ਹੈ ਕਿ ਕਤਾਰ 'ਚ ਅਖੀਰ ਵਿੱਚ ਖੜ੍ਹੇ ਵਿਅਕਤੀ ਦੀ ਉਹ ਬਾਂਹ ਪਹਿਲਾਂ ਫੜੇਗਾ। ਅਜਿਹੇ ਲੋਕ ਪੱਖੀ, ਲੋਕਾਂ ਲਈ ਪ੍ਰਨਾਏ ਹੁਣ ਉਂਗਲੀਆਂ ਤੇ ਹੀ ਗਿਣੇ ਜਾ ਸਕਦੇ ਹਨ। ਪਾਰਲੀਮਾਨੀ-ਜਮਹੂਰੀਅਤ ਅੰਦਰ ਭਾਵੇਂ ਅਸੀਂ ਚੁਣ ਕੇ ਸੰਸਦ ਅੰਦਰ ਪ੍ਰਤੀਨਿਧ ਭੇਜਦੇ ਹਾਂ, ਉਹ ਲੋਕਾਂ ਦੀ ਨਹੀਂ ਆਪਣੀ ਉਸ ਜਮਾਤ ਦੀ ਅਗਵਾਈ ਕਰਦੇ ਹਨ ਜਿਨ੍ਹਾਂ ਵੱਲੋਂ ਉਹ ਚੁਣ ਕੇ ਆਉਂਦੇ ਹਨ।

ਭਾਰਤ ਦੇ ਲੋਕ-ਤੰਤਰ ਅੰਦਰ ਜੋ ਵਿਵਹਾਰਕ ਹਾਲਾਤ ਹਨ, ਲੋਕ ਅਤੇ ਉਨ੍ਹਾਂ ਵੱਲੋਂ ਚੁਣੇ ਪ੍ਰਤੀਨਿਧਾਂ ਅੰਦਰ ਜੋ ਵੀ ਸੰਬੰਧ ਹੋਣ, ਪਰ ਸਾਨੂੰ ਦੇਸ਼ ਅਤੇ ਲੋਕਾਂ ਦੇ ਹਿੱਤਾਂ ਅਤੇ ਲੋਕ ਭਲਾਈ ਨੂੰ ਮੁੱਖ ਰੱਖਣਾ ਅਤੇ ਸੋਚ ਬਣਾਉਂਣੀ ਚਾਹੀਦੀ ਹੈ। ਕਿਉਂਕਿ ਸਾਡਾ ਸੰਵਿਧਾਨ ਅਤੇ ਪਾਰਲੀਮਾਨੀ ਜਮਹੂਰੀ ਪ੍ਰਨਾਲੀ ਅਜੇ ਵੀ ਬਹੁਤ ਸਾਰੇ ਦੇਸ਼ਾਂ ਨਾਲੋਂ ਵਧੀਆ ਹੈ ਤੇ ਪਾਏਦਾਰ ਵਾਲੀ ਹੈ।ਇਸ ਲਈ ਸਾਨੂੰ ਦੇਸ਼ ਦੇ ਨਾਗਰਿਕਾਂ, ਆਵਾਮ ਅਤੇ ਮੱਤਦਾਤਾ ਨੂੰ ਸ਼ਸਕਤ ਕਰਨ, ਜਮਾਤੀ ਹਿੱਤਾਂ ਦੀ ਰਾਖੀ ਲਈ ਜਾਗਰੂਕ ਕਰਨਾ ਬਣਦਾ ਹੈ। ਚੰਗੇ ਪ੍ਰਤੀਨਿਧ, ਪਾਰਟੀ ਅਤੇ ਰਾਜਨੀਤੀ ਸਾਰੇ ਮਿਲ ਕੇ ਕੌਮੀ ਪ੍ਰਗਤੀ, ਵਿਕਾਸ ਤੇ ਦੇਸ਼ ਨੂੰ ਸਮਰਿਧ ਬਣਾ ਸਕਦੇ ਹਾਂ ਤਾਂ ਹੀ ਦੇਸ਼ ਇੱਕ ਮੁੱਠ ਰਹਿ ਸਕਦਾ ਹੈ।

ਬੀ.ਜੇ.ਪੀ. ਦੇ ਰਥਵਾਨ ਮੋਦੀ ਹੱਥ ਐਨ.ਡੀ.ਏ. ਦੀ ਪਿਛਲੀ ਦੋ-ਵਾਰੀਆ ਦੀ ਸਰਕਾਰ ਦੇ ਦਸ ਸਾਲਾਂ ਦੇ ਅਰਸੇ ਦੌਰਾਨ ਸਮੁੱਚੀ ਵਿਰੋਧੀ ਧਿਰ ਭਾਵੇ ਕਮਜੋਰ ਤਾਂ ਨਹੀਂ ਸੀ, ਪਰ ਹਾਕਮ ਧਿਰ ਦੀ ਤਾਨਾਸ਼ਾਹੀ ਕਾਰਨ ਹਰ ਮੁੱਦੇ ਤੇ ਸਰਕਾਰ ਹਾਵੀ ਹੀ ਸਾਬਤ ਹੁੰਦੀ ਰਹੀ। ਵਿਰੋਧੀ ਧਿਰ ਨੂੰ ਅਲੋਚਨਾ ਕਰਨ ਦੀ ਥਾਂ ਉਸ ਦਾ ਆਗੂਆਂ ਤੇ ਕਾਡਰ ਨੂੰ ਜ਼ਾਬਰੀ ਕਾਨੂੰਨਾਂ ਦੇ ਫੰਦਿਆਂ ਰਾਹੀਂ ਹਾਕਮ ਹੇਠਾਂ ਹੀ ਰੱਖਦੀ ਰਹੀ। ਬੇਵਜ੍ਹਾ ਆਗੂਆਂ ਨੂੰ ਪ੍ਰੇਸ਼ਾਨ ਕਰਦੀ ਰਹੀ। ਪਰ ਹੁਣ ਤੀਸਰੀ ਵਾਰ ਉਹੀ ਬੀ.ਜੇ.ਪੀ. ਸਿਰ ਖੁਦ ਬਹੁਮਤ ਵੀ ਨਹੀਂ ਲਿਜਾ ਸਕੀ। ਹੁਣ ਬੇਗਾਨਿਆਂ ਦੀਆਂ ਵੈਹਿੰਗੀਆਂ ਨਾਲ ਖੜੋ ਕੇ ਨਾ ਤਾਂ "ਬੜਕਾ ਮਾਰ ਸਕਦੀ ਹੈ ਤੇ ਨਾ ਹੀ ਡਰਾਵੇ" ਦੇ ਸਕਦੀ ਹੈ। ਸਗੋਂ ਹੁਣ ਫੂਕ-ਫੂਕ ਕੇ ਪੈਰ ਧਰੇ ਜਾ ਰਹੇ ਹਨ। ਇਸ ਵਾਰ ਦੇ ਬਜਟ ਅੰਦਰ ਵਿਰੋਧੀ ਧਿਰ ਵੱਲੋਂ ਸਾਰੇ ਸੂਬਿਆਂ ਨੂੰ ਇੱਕ ਸਮਾਨ ਆਰਥਿਕ ਸਹਾਇਤਾ ਪੈਕਟ ਨਾ ਦੇਣ ਅਤੇ ਉਨ੍ਹਾਂ ਦੋ ਰਾਜਾਂ ਜਿਨ੍ਹਾਂ ਦੀ ਵੇਂਹਿਗੀ ਸਹਾਰੇ ਮੋਦੀ ਸਰਕਾਰ ਟਿਕੀ ਹੈ ਉਨ੍ਹਾਂ ਲਈ ਖਾਸ ਆਰਥਿਕ ਪੈਕਟ ਦਾ ਐਲਾਨ ਕੀਤਾ ਹੈ। ਅਜਿਹੇ ਭੇਦ-ਭਾਵ ਵਿਰੁਧ ਦੋਨੋਂ ਸਦਨਾਂ ਅੰਦਰ ਤੇ ਇਸ ਕਾਣੀ-ਵੰਡ ਕਾਰਨ ਦੇਸ਼ ਦੇ 90 ਫੀਸਦ ਬਜਟ ਤੋਂ ਬਾਕੀ ਰਾਜਾਂ ਨੂੰ ਮਰਹੂਮ ਰੱਖਣਾ, ਦੇ ਵਿਰੁੱਧ ਆਵਾਜ਼ ਉਠਾਉਣੀ ਬਿਲਕੁੱਲ ਜਾਇਜ ਹੈ।

ਪਾਰਲੀਮਾਨੀ-ਜਮਹੂਰੀਅਤ ਵਾਲੇ ਰਾਜ ਪ੍ਰਬੰਧ ਅੰਦਰ ਇਹ ਜਰੂਰੀ ਹੈ ਕਿ ਹਾਕਮ ਧਿਰ ਨੂੰ ਸਾਰੇ ਦੇਸ਼ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਇੱਕ-ਜੁੱਟ ਸਰਵਜਨਕ ਕਦਮ ਪੁੱਟਣੇ ਚਾਹਦੀ ਹਨ। ਜੇਕਰ ਹਾਕਮ ਧਿਰ ਮਜਬੂਤ ਵੀ ਹੋਵੇ ਤਾਂ ਜੇਕਰ ਵਿਰੋਧੀ ਧਿਰ ਕਮਜੁਰ ਹੋਵੇ ਤਾਂ ਇਸ ਲਈ ਹਾਕਮ ਮਨਮਰਜੀਆਂ ਕਰਦੇ ਰਹਿਣ ? ਮੋਦੀ ਸਰਕਾਰ ਨੂੰ ਇਸ ਗਠ-ਬੰਧਨ ਅੰਦਰ ਜਿਨ੍ਹਾਂ ਧਿਰਾਂ ਦੀ ਵੈਹਿੰਗੀ ਮਿਲੀ ਹੋਈ ਉਸ ਵੱਲ ਹੀ ਝੁੱਕੀ ਹੋਈ ਪ੍ਰਤੀਤ ਦਿਸ ਰਹੀ ਹੈ। ਇਹ ਜਰੂਰੀ ਤੇ ਠੀਕ ਹੈ ਕਿ ਕੰਮਜੋਰ ਰਾਜਾਂ ਨੂੰ ਆਰਥਿਕ ਪੈਕਟ ਮਿਲਣੇ ਚਾਹੀਦੇ ਹਨ। ਭਾਵੇਂ ਉਨ੍ਹਾਂ ਰਾਜਾਂ ਦੇ ਲੋਕਾਂ ਨੇ ਵੋਟਾਂ ਵੀ ਨਾ ਪਾਈਆਂ ਹੋਣ। ਬਿਹਾਰ ਤੇ ਆਂਧਰਾ ਰਾਜ ਵਿੱਚੋਂ ਕ੍ਰਮਵਾਰ ਝਾਰਖੰਡ ਅਤੇ ਤਿੱਲਗਾਨਾ ਹੋਂਦ ਵਿੱਚ ਆਏ ਹਨ। ਚਾਹੀਦਾ ਤਾਂ ਇਹ ਸੀ ਕਿ ਨਵੇਂ ਰਾਜਾਂ ਨੂੰ ਵੀ ਹੋਰ ਸਹਾਇਤਾ ਪੈਕਟ ਦਿੱਤੇ ਜਾਂਦੇ ਪਹਿਲਿਆਂ ਨੂੰ ਹੁਣ ਪੈਕਟ ਦਿੱਤੇ ਹਨ । ਇਸ ਲਈ ਕਿ ਨਵੇਂ ਬਣੇ ਰਾਜਾਂ ਨੇ ਮੋਦੀ ਨੂੰ ਠੁਕਰਾਇਆ, ਕੋਈ ਸਹਾਇਤਾ ਨਹੀਂ ਮਿਲੀ। ਇਕ ਦੇਸ਼, ਇੱਕ ਸੰਵਿਧਾਨ, ਇੱਕ ਦੇਸ਼ਵਾਸੀ ਫਿਰ ਵਿਤਕਰੇ ਕਿਉਂ?

ਅਜਿਹੀ ਸਿਆਸਤ ਤੇ ਲਿਹਾਜਦਾਰੀਆਂ ਹੀ ਦੇਸ਼ ਅੰਦਰ ਕੀ ਵੰਡਣ ਵਾਲੇ ਆਰਥਿਕ ਫੈਸਲੇ ਨਹੀਂ ਹਨ ? ਕੀ ਹੁਣ ਇਹ ਬਜਟ ਮਜਬੂਰੀ ਵਾਲਾ ਹੈ ਜਾਂ ਕਾਣੀ ਵੰਡ ਵਾਲਾ ਹੈ, ਫਿਰ ਮਜਬੂਤ ਬਜਟ ਕਿਵੇਂ? ਇਨ੍ਹਾਂ ਨੀਤੀਆਂ ਰਾਹੀਂ ਜਿਹੜੀ ਦਾਹਵੇਦਾਰੀ ਅਤੇ ਸ਼ਕਤੀ ਬੀ.ਜੇ.ਪੀ. ਨੂੰ ਚਲਾ ਰਹੀ ਹੈ, ਉਸ ਸ਼ਕਤੀ ਦਾ ਚੇਹਰਾ-ਮੋਹਰਾ ਸਾਹਮਣੇ ਆ ਰਿਹਾ ਹੈ। ਕੇਂਦਰ ਅੰਦਰ ਸਰਕਾਰ ਦੀ ਪਹੁੰਚ ਸਾਰੇ ਦੇਸ਼ ਦੇ ਸਮੁੱਚੇ ਵਿਕਾਸ ਲਈ ਸਾਰੇ ਰਾਜਾਂ ਨੂੰ ਇੱਕ ਸਮਾਨ, ਬਰਾਬਰ ਤਰੱਕੀਆਂ ਦੇ ਮੌਕੇ ਪ੍ਰਦਾਨ ਕਰੇ, ਨਹੀਂ ਤਾਂ ਅਜਿਹੀ ਰਾਜਨੀਤੀ ਦੇਸ਼ ਨੂੰ ਮਜਬੂਤ ਕਰਨ ਦੀ ਥਾਂ ਵੰਡੀਆਂ ਪਾਉਣ ਵੱਲ ਵੱਧੇਗੀ ? ਆਵਾਮ ਨੂੰ ਚੁਕੰਨੇ ਰਹਿਣਾ ਪਏਗਾ।

# ਵਿਦੇਸ਼ੀ ਪੰਜਾਬੀ ਬੱਚਾ ਤੇ ਦੇਸੀ ਪੰਜਾਬੀ ਬੰਦਾ!

ਇੱਥੇ ਅਮਰੀਕਾ ਵਿਚ ਸਾਡੇ ਘਰਾਂ ਦੇ ਪਿਛਲੇ ਪਾਸੇ ਬੱਚਿਆਂ ਦੇ ਖੇਡ੍ਹਣ ਲਈ ਪਾਰਕ ਹੈ ਅਤੇ ਪਾਰਕ ਦੇ ਲਾਗੇ ਹੀ ਲਾਇਬਰੇਰੀ ਹੈ।ਇਕ ਦਿਨ ਮੇਰੇ ਨਾਲ ਸੈਨਹੋਜ਼ੇ ਸਕੂਲ ਵਿਚ ਤੀਜੀ 'ਚ ਪੜ੍ਹਦਾ ਸਾਡਾ ਦੋਹਤਾ ਵੀ ਲਾਇਬਰੇਰੀ ਚਲਾ ਗਿਆ।ਉਥੇ ਉਸਨੇ ਇਕ ਮਨਪਸੰਦ ਕਿਤਾਬ ਇਸ਼ੂ ਕਰਾ ਲਈ।

ਘਰ ਨੂੰ ਮੁੜਦੇ ਵਕਤ ਜਦ ਉਸਨੇ ਆਪਣੇ ਸਾਥੀ ਗੋਰਿਆਂ ਦੇ ਬੱਚਿਆਂ ਨੂੰ ਪਾਰਕ ਵਿਚ ਖੇਡ੍ਹਦੇ ਦੇਖਿਆ ਤਾਂ ਝੱਟ ਦੇਣੀ ਕਿਤਾਬ ਮੇਰੇ ਹੱਥ ਫੜਾਉਂਦਿਆਂ ਉਹ ਬੋਲਿਆ-

'ਨਾਨਾ ਜੀ ਬੁੱਕ ਮੇਰੇ ਬੈੱਡ 'ਤੇ 'ਬਿਠਾ' ਦਿਉ, ਮੈਂ ਇੱਥੇ 'ਪਲੇ' ਕਰਨਾਂ !'

ਪੰਜਾਬੀ ਪ੍ਰਵਾਰ ਦੇ ਵਿਦੇਸ਼ੀ ਜੰਮ ਪਲ਼ ਬੱਚੇ ਦੀ ਸ਼ਬਦਾਂ ਪ੍ਰਤੀ ਅਣਜਾਣਤਾ ਤੋਂ ਬਾਅਦ ਹੁਣ ਸੁਣੋ ਇਕ ਦੇਸੀ ਪੰਜਾਬੀ ਵਿਚੋਲੇ ਦੀ ਸ਼ਬਦਾਂ ਦੀ ਥੋੜ ਬਾਰੇ ਰੌਚਕ ਗੱਲ!

ਜਵਾਨ ਹੋ ਰਹੇ ਸਾਡੇ ਭਾਣਜੇ ਨੂੰ ਰਿਸ਼ਤਾ ਲਿਆਉਂਦਾ ਇਕ ਜਾਣੂ ਵਿਚੋਲਾ ਸਾਡੀ ਭੈਣ ਨੂੰ ਕਹਿੰਦਾ ਕਿ ਮੇਰੇ ਹੱਥ 'ਚ ਇਕ ਬਹੁਤ ਹੀ ਸਾਊ ਸ਼ਰੀਫ ਪ੍ਰਵਾਰ ਦੀ ਕੁੜੀ ਦਾ ਰਿਸ਼ਤਾ ਹੈ, ਤੁਸੀਂ ਹਾਂ ਕਰੋ !

ਭੈਣ ਦੇ ਪ੍ਰਵਾਰਕ ਮੈਂਬਰਾਂ ਨਾਲ ਰਿਸ਼ਤੇ ਬਾਰੇ ਜੋਰ ਪਾਉਂਦਿਆਂ ਜਦ ਉਹ ਸ਼ਾਮ-ਸਵੇਰੇ 'ਬਹੁਤ ਹੀ ਸਾਊ-ਸ਼ਰੀਫ, ਸਾਊ-ਸ਼ਰੀਫ' ਦੀ ਰਟ ਲਾਉਣ ਲੱਗਾ ਤਾਂ ਸਾਡਾ ਭਣੋਈਆ ਕਹਿੰਦਾ-'ਗੁਰਮੇਲ ਸਿਆਂ ਯਾਰ ਉਹ ਕਿੰਨਾਂ ਕੁ ਸ਼ਰੀਫ ਪ੍ਰਵਾਰ ਹੈ ਜਿਹਦੀ ਸ਼ਰਾਫਤ ਦਾ ਤੂੰ ਬਹੁਤ ਹੀ ਗੁਣ-ਗਾਨ ਕਰੀ ਜਾ ਰਿਹਾ ਐਂ ?'

ਸ਼ਰੀਫੀ ਦੀ ਕੋਈ ਢੁਕਵੀਂ ਮਿਸਾਲ ਦੇਣ ਦੀ ਬਜਾਏ ਗੁਰਮੇਲ ਬੋਲਿਆ-

"ਭਰਾ ਜੀ ਤੁਸੀਂ ਤਾਂ ਹਾਲੇ ਮਾੜੇ-ਮੋਟੇ 'ਬਦਮਾਸ਼' ਹੋਣੇ ਈ ਆਂ, ਉਨ੍ਹਾਂ 'ਚ ਤਾਂ ਭੋਰਾ ਵੀ 'ਬਦਮਾਸ਼ੀ' ਹੈ ਨੀ!"



-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

# ਦੋ ਗ਼ਜ਼ਲਾਂ

ਸਮਿਆਂ ਨੇ ਨੀਚੋੜ ਲਏ ਨੇ ਸੂਹੇ ਰੰਗ ਬਹਾਰਾਂ ਦੇ।
ਕੀ ਕਰਨੇ ਨੇ ਪਤਝੜ ਵਰਗੇ ਚਿਹਰੇ ਹੁਣ ਗੁ.ਲਜਾਰਾਂ ਦੇ।
ਦੁਸ਼ਮਣ ਨੇ ਦੁਸ਼ਮਣ ਤੋਂ ਖੋਹ ਕੇ ਦੁਸ਼ਮਣ ਉਪਰ ਜਦ ਚਲਾਈਆਂ,
ਰੰਗ ਬਦਲ ਗਏ ਢੰਗ ਬਦਲ ਗਏ ਹੱਥ ਬਦਲੇ ਤਲਵਾਰਾਂ ਦੇ।
ਘਰ ਦੀ ਹਰ ਇਕ ਮਰਿਆਦਾ ਨੂੰ ਛਿੱਕੇ ਉਤੇ ਟੰਗ ਰੱਖਿਆ,
ਨਿੱਜ ਕਮਾਈ ਕਰਕੇ ਹੀ ਹੰਕਾਰ ਵਧੇ ਮੁਟਿਆਰਾਂ ਦੇ।
ਜਦ ਤੋਂ ਨੇਰ੍ਹੀਂ ਨੇ ਬਸਤੀ ਵਿਚ ਰਾਜ ਸਥਾਪਿਤ ਕੀਤਾ ਹੈ,
ਪਹਿਲਾਂ ਵਰਗੇ ਮਖ਼ਮਲ ਵਰਗੇ ਰੂਪ ਨਹੀਂ ਕਚਨਾਰਾਂ ਦੇ।
ਪਾਪੀ ਪਾਪ ਕਮਾ ਕੇ ਬੇਸ਼ਕ ਛੁਪ ਜਾਵੇ ਤਹਿ ਖ਼ਾਨੇ ਵਿਚ,
ਐਪਰ ਕਹਿੰਦੇ ਵਿੱਚ ਹਕੀਕਤ ਕੰਨ ਹੁੰਦੇ ਦੀਵਾਰਾਂ ਦੇ।
ਫੁੱਲਾਂ ਦੀ ਖ਼ੁਸ਼ਬੂ ਨੂੰ ਯਾਰੋ ਕਿਹੜਾ ਜੰਦਰਾ ਮਾਰੇਗਾ,
ਜਿੰਨੇ ਮਰਜ਼ੀ ਪਰਦੇ ਪਾ ਲਉ ਭੇਦ ਛੁਪਾ ਲਉ ਯਾਰਾਂ ਦੇ।
ਤੂਫ਼ਾਨਾਂ ਦੇ ਅੰਦਰ ਗਏ ਹਾਂ ਪਰਬਤ ਵਾਂਗੂੰ ਖੜ੍ਹ ਕੇ,
ਦੁਸ਼ਮਣ ਨਾਲ ਬਣਾ ਕੇ ਰੱਖੀ ਨਾਲ ਰਹੇ ਦਿਲਦਾਰਾਂ ਦੇ।
ਉਸ ਦੇ ਜੂੜੇ ਵਿੱਚ ਪਰਾਂਦਾ ਏਦਾਂ ਸੱਜਿਆ ਹੋਇਆ ਹੈ,
ਸੂਹੇ ਰੰਗ ਦੇ ਦਾਣੇ ਚਮਕਣ ਜਿੱਦਾਂ ਵਿਚ ਅਨਾਰਾਂ ਦੇ।
ਫੁੱਲਾਂ ਉਤੇ ਤਿਤਲੀ ਬੈਠੀ ਜੰਨਤ ਨੂੰ ਦਿਰਸਾਉਂਦੀ ਹੈ,
ਰਿਸ਼ਤੇ ਨਾਤੇ ਚੰਗੇ ਲਗਦੇ ਰਿਸ਼ਤੇ ਹੋਣ ਵਿਚਾਰਾਂ ਦੇ।
ਤਿੱਖੇਪਣ ਦੀ ਇੱਕ ਬੁਰਾਈ ਸੁੰਦਰਤਾ ਵਿਚ ਕਿਹੜਾ ਵਿੰਹਦਾ,
ਖ਼ੁਸ਼ਬੂਆਂ ਨੇ ਫੁੱਲਾਂ ਅੰਦਰ ਭੇਦ ਛੁਪਾ ਲਏ ਖਾਰਾਂ ਦੇ।
ਨਵਿਆਂ ਫੁੱਲਾਂ ਦੀ ਆਮਦ ਦੀ ਕੀਮਤ ਵੇਖੀ ਜਾਂਦੀ ਹੈ,
ਬਾਜ਼ਾਰ 'ਚ ਮੁੱਲ ਨਈਂ ਪੈਂਦੇ ਖੁੰਡੇ ਹੋਏ ਹਥਿਆਰਾਂ ਦੇ।
ਇੱਛਾ ਸ਼ਕਤੀ ਕਰਮਠਤਾ ਮੁਹਤਾਜ ਕਦੀ ਨਈ ਰਹਿ ਸਕਦੇ,
ਇਤਿਹਾਸ ਬਣੇ ਵੇਖੇ ਬਾਲਮ ਮੂੰਹ 'ਚੋਂ ਨਿਕਲੀਆਂ ਲਾਰਾਂ ਦੇ।



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਬੱਚੇ ਸਾਂਝੇ ਮਾਪੇ ਸਾਂਝੇ ਸਾਂਭ ਲਈਆਂ ਤਕਦੀਰਾਂ।
ਐਪਰ ਜੀਂਦੇ ਜੀ ਨਾ ਲੱਥਣ ਪੈਰਾਂ 'ਚੋਂ ਜ਼ੰਜੀਰਾਂ।

ਮਾਨਵਤਾ ਦੀ ਗ਼ਲਤੀ ਕਰਕੇ ਹਾਲ ਇਵੇਂ ਹੈ ਹੋਇਆ,
ਕੰਧਾਂ ਉਤੇ ਖ਼ੂਨ 'ਚ ਲਥ-ਪਥ ਟੰਗੀਆਂ ਨੇ ਸ਼ਮਸ਼ੀਰਾਂ।

ਕੌਣ ਪੜ੍ਹੇਗਾ ਇਹਨਾਂ ਦੀ ਜੋ ਉਮਰ ਗਵਾਚ ਗਈ ਹੈ,
ਨਾਲ ਲਹੂ ਦੇ ਜ਼ਖ਼ਮੀ ਹੋਈਆਂ ਹੱਥਾਂ ਵਿੱਚ ਲਕੀਰਾਂ।

ਮੁੱਦਤ ਪਿੱਛੋਂ ਜੇ ਉਹ ਮਿਲਿਆ ਪਹਿਚਾਣ ਨਹੀਂ ਸਕਣਾ,
ਧੁੰਦਲੇ-ਧੁੰਦਲੇ ਨਕਸ਼ਾਂ ਵਿਚ ਨੇ ਧੁੰਦਲੀਆਂ ਤਸਵੀਰਾਂ।

ਜੀਵਨ ਬਿਲਕੁਲ ਏਦਾਂ ਹੀ ਹੈ ਇਸ ਨੂੰ ਖੋਲ੍ਹ ਨਾ ਵੇਖੋ,
ਖਿੱਦੋ ਦੇ ਵਿਚ ਧੂਸੀਆਂ ਹੁੰਦੀਆਂ ਜਿੱਦਾਂ ਪਾਟੀਆਂ ਲੀਰਾਂ।

ਏਦਾਂ ਦੀ ਵੀ ਨਗਰੀ ਅੰਦਰ ਜੀਣਾ ਵੀਂ ਕੀ ਜੀਣਾ,
ਪਹਿਲਾਂ ਬੇਅਦਬੀ ਕਰਦੇ ਫਿਰ ਪੂਜਣ ਰਾਂਝੇ-ਹੀਰਾਂ।

ਸਿਰਫ਼ ਨਿਸ਼ਾਨੇ ਵਾਲੀ ਅੱਖ ਨੇ ਜਿੱਤ ਪ੍ਰਾਪਤ ਕੀਤੀ,
ਮੁਸ਼ਕਿਲ ਕਾਰਜ ਪੂਰੇ ਕੀਤੇ ਟੁੱਟੇ ਹੋਏ ਤੀਰਾਂ।

ਸਭ ਨੂੰ ਇੱਕ ਤਜ਼ੁਰਬਾ ਦਿੱਤਾ ਸਭ ਨੂੰ ਸੀਸ ਨਿਵਾ ਕੇ,
ਮੈਂ ਤਾਂ ਸਾਰੀ ਉਮਰ ਗੁਜ਼ਾਰੀ ਯਾਰੋ ਵਾਂਗ ਫਕੀਰਾਂ।

ਬਾਲਮ ਆਪਾਂ ਅਪਣੇ ਸਾਰੇ ਏਦਾਂ ਫ਼ਰਜ਼ ਨਿਭਾਏ,
ਜਿੱਦਾਂ ਟੁੱਟੀਆਂ ਕੰਧਾਂ ਉਪਰ ਟਿਕੀਆਂ ਹੋਣ ਛਤੀਰਾਂ।

# ਦਾਅਵੇ ਅਤੇ ਹਕੀਕਤਾਂ



ਗੁਰਮੀਤ ਪਲਾਹੀ
91-98158-02070

ਦੇਸ਼ ਦੇ ਦੂਜੇ ਵੱਡੇ ਸੂਬੇ ਮਹਾਰਾਸ਼ਟਰ ਅਤੇ ਝਾਰਖੰਡ ਦੇ ਨਾਲ-ਨਾਲ ਤਿੰਨ ਲੋਕ ਸਭਾ ਅਤੇ ਘੱਟੋ-ਘੱਟ 47 ਵਿਧਾਨ ਸਭਾਵਾਂ ਦੀਆਂ ਜ਼ਿਮਨੀ ਚੋਣਾਂ 2024 ਦੀ ਨਵੰਬਰ 13 ਅਤੇ 20 ਨੂੰ ਭਾਰਤੀ ਚੋਣ ਕਮਿਸ਼ਨ ਨੇ ਕਰਵਾਉਣ ਦਾ ਐਲਾਨ ਕੀਤਾ ਹੈ। ਇਹ ਦੋ ਰਾਜਾਂ ਦੀਆਂ ਚੋਣਾਂ ਹਰਿਆਣਾ ਅਤੇ ਜੰਮੂ-ਕਸ਼ਮੀਰ ਦੀਆਂ ਚੋਣਾਂ ਵੇਲੇ ਹੀ ਹੋਣੀਆਂ ਸਨ ਪਰ ਕੁਝ ਦਿਸਦੇ-ਅਣਦਿਸਦੇ ਸਿਆਸੀ ਕਾਰਨਾਂ ਕਾਰਨ ਉਸ ਵੇਲੇ ਨਹੀਂ ਕਰਵਾਈਆਂ ਗਈਆਂ। ਪੰਜਾਬ 'ਚ 4 ਵਿਧਾਨ ਸਭਾ ਸੀਟਾਂ ਉੱਤੇ ਵੀ ਜ਼ਿਮਨੀ ਚੋਣਾਂ ਹੋਣਗੀਆਂ, ਜਿਹਨਾਂ 'ਚ ਚੱਬੇਵਾਲ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ ਪੰਜਾਬ ਵਿਧਾਨ ਸਭਾ ਹਲਕੇ ਸ਼ਾਮਲ ਹਨ।

ਦੇਸ਼ ਇਕ ਹੋਰ ਚੋਣ-ਤਮਾਸ਼ਾ ਵੇਖੇਗਾ। ਵੱਡੇ ਨੇਤਾ ਵੱਡੇ ਭਾਸ਼ਨ ਦੇਣਗੇ। ਲੋਕਾਂ ਨੂੰ ਸਬਜ਼ ਬਾਗ਼ ਦਿਖਾਉਣਗੇ। ਲੋਕਾਂ ਦੇ ਦਰੀਂ ਢੁਕਣਗੇ। ਵਾਅਦੇ ਕਰਨਗੇ। ਵੋਟਾਂ ਪ੍ਰਾਪਤ ਕਰਨ ਲਈ ਸਾਮ-ਦਾਮ-ਦੰਡ ਦੇ ਪਰਖੇ ਹੋਏ ਫਾਰਮੂਲੇ ਦੀ ਵਰਤੋਂ ਕਰਨਗੇ। ਦੇਸ਼ ਦੇ ਗੋਦੀ ਮੀਡੀਏ ਦੀ ਵਰਤੋਂ ਚੋਣਾਂ 'ਚ ਭਰਪੂਰ ਹੋਏਗੀ। ਸੋਸ਼ਲ-ਮੀਡੀਆ ਵੀ ਵਾਹ-ਲੱਗਦੀ ਆਪਣੀ ਗੱਲ ਕਹੇਗਾ। ਕੌਣ ਜਿੱਤੇਗਾ, ਕੌਣ ਹਾਰੇਗਾ, ਇਹ ਤਹਿ ਕਰਨ ਦਾ ਯਤਨ ਹੋਏਗਾ।

ਦੇਸ਼ ਦੇ ਹਾਲਾਤ ਕਿਹੋ ਜਿਹੇ ਹਨ? ਦੇਸ਼ਵਾਸੀ ਕਿਸ ਕਿਸਮ ਦੇ ਦੌਰ 'ਚੋਂ ਗੁਜਰ ਰਹੇ ਹਨ? ਇਸ ਦੀ ਬਾਤ ਕੌਣ ਪਾਏਗਾ ਕਿਸੇ ਨੂੰ ਕੁਝ ਪਤਾ ਨਹੀਂ? ਅਤੇ ਜੇਕਰ ਬਾਤ ਪਾਏਗਾ ਵੀ ਤਾਂ ਉਸ ਬਾਤ ਦਾ ਸਿੱਟਾ ਆਖ਼ਰ ਕੀ ਹੋਏਗਾ?

ਲੋਕਾਂ ਨੂੰ ਤਾਂ ਰੋਟੀ-ਕੱਪੜਾ-ਮਕਾਨ ਚਾਹੀਦਾ ਹੈ। ਲੋਕ ਮਹਿੰਗਾਈ ਦੀ ਮਾਰ ਤੋਂ ਬਚਣਾ ਚਾਹੁੰਦੇ ਹਨ। ਕੀ ਦੇਸ਼ ਦੇ ਹਾਕਮ ਜਾਣਦੇ ਹਨ ਕਿ ਮਹਿੰਗਾਈ ਸਿਖ਼ਰਾਂ ਛੂਹ ਰਹੀ ਹੈ। ਟਮਾਟਰ ਸੂਹਾ ਲਾਲ ਹੋ ਗਿਆ ਹੈ, ਪਿਆਜ਼ ਇਨਾ ਕੌੜਾ ਹੋ ਗਿਆ ਹੈ ਕਿ ਅੱਖਾਂ 'ਚੋਂ ਨਿਰੰਤਰ ਅੱਥਰੂ ਵਗਣ ਲੱਗੇ ਹਨ। ਹੋਰ ਤਾਂ ਹੋਰ ਦੇਸ਼ ਦੀ ਆਰਥਿਕਤਾ ਡਿਗੂੰ-ਡਿਗੂੰ ਕਰ ਰਹੀ ਹੈ। ਇਕ ਪੌਂਡ 109 ਰੁਪਏ ਦਾ ਇਕ ਅਮਰੀਕੀ ਡਾਲਰ 86 ਰੁਪਈਆਂ ਨੂੰ ਢੁਕ ਗਿਆ ਹੈ। ਅਤੇ ਦੇਸ਼ ਦਾ ਹਾਕਮ 'ਸੀਟੀਆਂ' ਵਜਾ ਰਿਹਾ ਹੈ।

ਦੇਸ਼ ਦਾ ਹਾਕਮ ਦਾਅਵਾ ਕਰਦਾ ਹੈ ਕਿ ਦੇਸ਼ ਤਰੱਕੀ ਕਰ ਰਿਹਾ ਹੈ। ਦੁਨੀਆਂ ਦੀ ਵੱਡੀ ਆਰਥਿਕਤਾ ਬਨਣ ਵੱਲ ਅੱਗੇ ਵੱਧ ਰਿਹਾ ਹੈ। ਦੇਸ਼ 'ਚ ਵੱਡੀਆਂ ਸੜਕਾਂ ਬਣ ਰਹੀਆਂ ਹਨ, ਮੌਲ ਉਸਰ ਰਹੇ ਹਨ, ਦੇਸ਼ ਤਰੱਕੀਆਂ ਕਰ ਰਿਹਾ ਹੈ। ਪਰ ਕੀ ਦੇਸ਼ ਦਾ ਹਾਕਮ ਇਸ ਗੱਲ ਤੋਂ ਜਾਣੂ ਹੈ ਕਿ ਦੁਨੀਆਂ ਭਰ ਦੇ 1.1 ਅਰਬ ਅਤਿ ਗਰੀਬੀ ਵਿਚ ਰਹਿ ਰਹੇ ਲੋਕਾਂ 'ਚ ਪਹਿਲਾ ਨੰਬਰ ਭਾਰਤ ਦਾ ਹੈ, ਜਿਸ ਦੇ 23.4 ਕਰੋੜ ਲੋਕ ਅਤਿ ਗਰੀਬ ਹਨ, ਜਿਹਨਾਂ ਦੇ ਪੇਟ ਨੂੰ ਇਕ ਡੰਗ ਦੀ ਰੋਟੀ ਮਸਾਂ ਨਸੀਬ ਹੁੰਦੀ ਹੈ। ਇਹਨਾਂ ਅਤਿ ਗਰੀਬ ਲੋਕਾਂ 'ਚੋਂ ਅੱਧੇ ਬੱਚੇ ਹਨ, ਇਹ ਰਿਪੋਰਟ ਸੰਯੁਕਤ ਰਾਸ਼ਟਰ ਨੇ ਛਾਪੀ ਹੈ, ਅਤੇ ਜਿਸ 'ਚ ਦਰਸਾਇਆ ਗਿਆ ਹੈ ਕਿ ਭਾਰਤ ਦਾ ਗਰੀਬਾਂ ਦੀ ਗਿਣਤੀ 'ਚ ਪਹਿਲਾ ਨੰਬਰ ਹੈ। ਇਹ ਰਿਪੋਰਟ ਉਹਨਾਂ ਲੋਕਾਂ ਦੀਆਂ ਮੁਸ਼ਕਲ ਹਕੀਕਤਾਂ ਨੂੰ ਉਜਾਗਰ ਕਰਦੀ ਹੈ ਜੋ ਇਕੋ ਸਮੇਂ ਸੰਘਰਸ਼ ਅਤੇ ਗਰੀਬੀ ਦਾ ਸਾਹਮਣਾ ਕਰ ਰਹੇ ਹਨ।

ਸਾਡੇ ਦੇਸ਼ ਦੇ ਹਾਕਮਾਂ ਦਾ ਹਾਲ ਵੇਖੋ, ਮਰਦਿਆਂ ਡੁਬਦਿਆਂ ਲਈ ਕੁਝ 'ਆਕਰਸ਼ਤ' ਸਕੀਮਾਂ ਚਲਾਈਆਂ ਜਾਂਦੀਆਂ ਹਨ, ਉਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਧਰਮ ਦਾ ਸਿੱਕਾ ਚਲਾਇਆ ਜਾਂਦਾ ਹੈ, ਇਤਿਹਾਸ ਦੇ ਪੰਨਿਆਂ ਨੂੰ ਤਰੋੜਿਆਂ-ਮਰੋੜਿਆਂ ਜਾਂਦਾ ਹੈ, ਦੇਸ਼ਵਾਸੀਆਂ ਨੂੰ ਧਰਮ ਦੇ ਨਾਂਅ 'ਤੇ ਵੰਡਿਆ ਜਾਂਦਾ ਹੈ, ਵੋਟ ਵਟੋਰੇ ਜਾਂਦੇ ਹਨ ਅਤੇ ਤਾਕਤ ਆਪਣੇ ਹੱਥ-ਬੱਸ ਕਰਕੇ 'ਕੁੰਭਕਰਨੀ' ਨੀਂਦੇ ਸੋਇਆਂ ਜਾਂਦਾ ਹੈ। ਇਹੀ ਇਸ ਸਮੇਂ ਭਾਰਤੀ ਲੋਕਤੰਤਰ ਦਾ ਵੱਡਾ ਨਜ਼ਾਰਾ ਹੈ।

ਵੈਸੇ ਤਾਂ 'ਲੋਕਤੰਤਰ ਦਾ ਨਜ਼ਾਰਾ' ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਪੰਜਾਬ ਦੇ ਲੋਕਾਂ ਨੇ ਵੇਖਿਆ, ਜਿੱਥੇ ਅਰਬਾਂ ਦੀ ਸ਼ਰਾਬ ਪੰਜਾਬੀਆਂ ਦੇ ਪੱਲੇ ਵੱਡੀਆਂ ਢੂੱਠਾਂ ਵਾਲਿਆਂ ਨੇ ਪਾਈ, ਅਰਬਾਂ ਰੁਪਏ ਦੀਆਂ ਵੋਟਾਂ ਖਰੀਦ ਕੇ ਸਰਪੰਚੀਆਂ ਹਥਿਆਈਆਂ, ਚਾਰ ਦਿਨ ਹੱਲਾ-ਗੁੱਲਾ ਕੀਤਾ, ਪਰ ਹਰਿਆਣਾ ਵੀ ਪਿੱਛੇ ਨਹੀਂ ਰਿਹਾ, ਧਰਮ ਧਰੁਵੀਕਰਨ ਦੀ ਨੀਤੀ ਹੀ




ਹਾਕਮਾਂ ਨੇ ਨਹੀਂ ਵਰਤੀ ਸਗੋਂ ਜੱਟ, ਗ਼ੈਰ ਜੱਟ ਦਾ ਜਾਤੀਵਾਦੀ ਸਿੱਕਾ ਚਲਾ ਕੇ, ਹੱਥੋ ਜਾਂਦੀ-ਜਾਂਦੀ ਤਾਕਤ ਮੁੜ ਹਥਿਆ ਲਈ। ਲੋਕਤੰਤਰ ਦਾ ਉਹ ਨੰਗਾ ਨਾਚ ਵੇਖਣ ਨੂੰ ਮਿਲਿਆ, ਜਿਸ ਨਾਲ ਲੋਕ ਜਿੱਤਦੇ-ਜਿੱਤਦੇ ਹਰਦੇ ਦਿਸੇ। ਗੁਰਮੀਤ ਰਾਮ ਰਹੀਮ ਸਿੰਘ ਵਰਗੇ ਜੇਲ ਕੱਟ ਰਹੇ ਵਿਅਕਤੀ ਨੂੰ ਚੋਣਾਂ ਦੇ ਐਨ ਮੌਕੇ ਪੈਰੋਲ 'ਤੇ ਛੱਡ ਦਿੱਤਾ ਗਿਆ ਤਾਂ ਕਿ ਉਸ ਦੇ ਪੈਰੋਕਾਰਾਂ ਦੀਆਂ ਵੋਟਾਂ ਆਪਣੇ ਪਾਲ਼ੇ ਲਿਆਂਦੀਆਂ ਜਾ ਸਕਣ। ਹਰਿਆਣਾ ਹਾਕਮ ਨੇ ਤਾਂ ਇਸ 'ਮਹਾਂਪੁਰਸ਼' ਸੰਬੰਧੀ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ, ਜਿਸਨੂੰ ਬਾਵਜੂਦ ਉਮਰ ਕੈਦ ਦੀ ਸਜ਼ਾ ਦੇ ਪੈਰੋਲ ਰਿਹਾਈ ਦਿੱਤੀ ਗਈ। ਇਹ ਵਿਅਕਤੀ ਬਲਾਤਕਾਰ ਅਤੇ ਹੱਤਿਆ ਕੇਸ 'ਚ ਸਜ਼ਾ ਕੱਟ ਰਿਹਾ ਹੈ। ਗੁਰਮੀਤ ਰਾਮ ਰਹੀਮ ਨੂੰ ਪਿਛਲੇ 4 ਵਰ੍ਹਿਆਂ 'ਚ 11 ਵੇਰ ਪੈਰੋਲ ਰਿਹਾਈ ਮਿਲ ਚੁੱਕੀ ਹੈ। ਯਾਦ ਰਹੇ ਹਰਿਆਣਾ 'ਚ ਉਸ ਦੇ ਲੱਖਾਂ ਪੈਰੋਕਾਰ ਹਨ। ਹੈਰਾਨੀ ਨਹੀਂ ਹੋਈ, ਇਹ ਸਭ ਕੁਝ ਵੇਖ, ਸੁਣ, ਜਾਣ ਕੇ ਕਿਉਂਕਿ ਆਮ ਲੋਕਾਂ ਦੀ ਦੇਸ਼ 'ਚ ਸੁਣਵਾਈ ਕੋਈ ਨਹੀਂ ਹੈ, ਉਨਾਂ ਦੀ ਆਵਾਜ਼ ਇੰਨੀ ਕਮਜ਼ੋਰ ਹੈ ਕਿ ਸੱਤਾ ਦੇ ਗਲਿਆਰਿਆਂ 'ਚ ਪੁੱਜਦੀ ਹੀ ਨਹੀਂ। ਜੇਕਰ ਉਹਨਾਂ ਦੀ ਆਵਾਜ਼ ਉਹਨਾਂ ਤੱਕ ਪੁੱਜਦੀ ਵੀ ਹੈ ਤਾਂ ਅਣਦੇਖੀ ਕੀਤੀ ਜਾਂਦੀ ਹੈ।

ਕੀ ਦੇਸ਼ ਦਾ ਹਾਕਮ ਨਹੀਂ ਜਾਣਦਾ ਕਿ ਆਮ ਲੋਕ ਬੇਰੁਜ਼ਗਾਰੀ ਦੀ ਮਾਰ ਹੇਠ ਹਨ। ਗੰਦੀਆਂ ਬਸਤੀਆਂ 'ਚ ਜੀਵਨ ਬਸਰ ਕਰਨ ਲਈ ਮਜਬੂਰ ਹਨ। ਇਹਨਾਂ ਬਸਤੀਆਂ 'ਚ ਜ਼ਿਆਦਾਤਰ ਮਕਾਨ ਕੱਚੇ ਹਨ। ਉਹਨਾਂ 'ਚ ਫਰਸ਼ ਕੋਈ ਨਹੀਂ, ਬੱਚੇ ਨੰਗੇ ਘੁੰਮਦੇ ਹਨ ਨੰਗੇ ਪੈਰਾਂ ਨਾਲ, ਚਿਹਰਿਆਂ ਤੋਂ ਪਤਾ ਲੱਗਦਾ ਹੈ ਕਿ ਉਹ ਕੁਪੋਸ਼ਣ ਦੇ ਸ਼ਿਕਾਰ ਹਨ। ਗਰਮੀਆਂ, ਸਰਦੀਆਂ, ਬਰਸਾਤਾਂ 'ਚ ਉਹਨਾਂ ਦਾ ਜੀਵਨ ਨਰਕਾਂ ਵਾਲਾ ਹੈ। ਹਾਲ-ਬੇਹਾਲ ਇਹ ਬਸਤੀਆਂ ਜੀਵਨ ਮਰਨ ਦਾ ਚੱਕਰ ਹੰਢਾ ਰਹੀਆਂ ਹਨ।

ਗਰੀਬੀ ਦੀ ਸਮੱਸਿਆ ਭਾਰਤ 'ਚ ਪੁਰਾਣੀ ਹੈ। ਗਰੀਬੀ ਤੇ ਭਾਰਤ ਇਕ ਹਕੀਕਤ ਹੈ। ਕੀ ਇਸ ਹਕੀਕਤ ਨੂੰ ਦੇਸ਼ ਦੇ ਹਾਕਮਾਂ (ਰਾਜਿਆਂ, ਮਹਾਰਾਜਿਆਂ) ਨੇ ਕਦੇ ਸਮਝਿਆ? ਕਦੇ ਉਹਨਾਂ ਬਾਰੇ ਚਿੰਤਾ ਕੀਤੀ। ਗਰੀਬੀ ਹਟਾ ਦਾ ਨਾਹਰਾ ਤਾਂ ਲੱਗਾ ਪਰ ਹਕੀਕਤ ਇਹ ਕਿ ਗਰੀਬ ਵੀ ਹਟਾ ਦਿੱਤੇ ਗਏ।

ਰਾਜ ਨੇਤਾ ਜਨਤਾ ਦੇ ਸੇਵਕ ਕਹਕੇ ਜਾਣੇ ਜਾਂਦੇ ਹਨ, ਇਹ ਉਹ ਦਾਅਵਾ ਵੀ ਕਰਦੇ ਹਨ, ਪਰ ਹਕੀਕਤ ਇਹ ਹੈ ਕਿ ਰਾਜਨੀਤੀ ਇਕ ਵਪਾਰ ਬਣ ਗਈ ਹੈ। ਨੇਤਾ ਜਨਤਾ ਦੀ ਸੇਵਾ ਕਰਦੇ ਤਾਂ ਦਿਖਦੇ ਹਨ, ਪਰ ਇਸ ਸੇਵਾ 'ਚ ਉਹਨਾਂ ਦਾ ਆਪਣਾ ਸਵਾਰਥ ਲੁਕਿਆ ਹੁੰਦਾ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਹੈ। ਦੇਸ਼ ਦੇ ਮੌਜੂਦਾ ਹਾਕਮਾਂ ਨੇ ਭ੍ਰਿਸ਼ਟਾਚਾਰ ਮੁਕਤ ਦੇਸ਼ ਬਨਾਉਣ ਦਾ ਦਾਅਵਾ ਕੀਤਾ। ਪੰਜਾਬ ਦੇ ਹਾਕਮਾਂ ਨੇ ਇਸੇ ਨਾਹਰੇ 'ਤੇ ਸੱਤਾ ਹਥਿਆਈ। ਪਰ ਇਸ ਵੇਲੇ ਹਾਲਾਤ ਕੀ ਹਨ ਦੇਸ਼ ਦੇ। ਭ੍ਰਿਸ਼ਟਾਚਾਰ ਵਿਰੁੱਧ ਲੜਾਈ ਖੋਖਲੀ ਹੈ। ਭ੍ਰਿਸ਼ਟਾਚਾਰ 'ਚ ਉਹ ਲੋਕ ਦੇਸ਼ 'ਚ ਫੜੇ ਜਾਂਦੇ ਹਨ ਜੋ ਭਾਰਤੀ ਜਨਤਾ ਪਾਰਟੀ ਨਾਲ ਸਬੰਧ ਨਹੀਂ ਰੱਖਦੇ। ਪੰਜਾਬ 'ਚ ਵੀ ਹਾਲ ਵੱਖਰਾ ਨਹੀਂ, ਪਰਿਵਰਤਨ ਦੇ ਨਾਂਅ ਉੱਤੇ ਹਾਕਮ ਬਣੀ ਪਾਰਟੀ ਸੂਬੇ 'ਚ ਮਾਫ਼ੀਆ ਰਾਜ ਖਤਮ ਨਹੀਂ ਕਰ ਸਕੀ। ਦਾਅਵੇ ਲੱਖ ਕੀਤੇ ਜਾਣ ਹਕੀਕਤ ਮੂੰਹੋਂ ਬੋਲਦੀ ਹੈ।

ਦਾਅਵਿਆਂ ਦਾ ਮੁੱਢ ਚੋਣਾਂ ਵੇਲੇ ਬੱਝਦਾ ਹੈ। ਹਕੀਕਤ ਚੋਣਾਂ ਜਿੱਤਣ ਦੇ ਦੋ ਵਰ੍ਹਿਆਂ ਬਾਅਦ ਸਾਹਮਣੇ ਆਉਂਦੀ ਹੈ। ਜਦੋਂ ਲੋਕਾਂ ਦੀ ਝੋਲੀ ਖਾਲੀ ਦਿਸਦੀ ਹੈ, ਨੇਤਾ ਲੋਕ ਕੁਝ ਨਹੀਂ ਕਰਦੇ, ਹੰਕਾਰ ਨਾਲ ਭਰੇ ਬੱਸ ਆਪਣੀ ਦੁਨੀਆਂ 'ਚ ਵਿਚਰਦੇ ਹਨ। ਉਹ ਲੋਕ ਜਿਹੜੇ ਝੂਠ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਕੇ ਚੋਣਾਂ ਜਿੱਤਦੇ ਹਨ, ਉਹਨਾਂ ਲੋਕਾਂ ਨੂੰ ਵੀ ਆਪਣੀ ਜੱਫੀ 'ਚ ਲੈ ਲੈਂਦੇ ਹਨ, ਜਿਹੜੇ ਉਹਨਾਂ ਦੇ ਵਿਰੋਧੀ ਹੁੰਦੇ ਹਨ। ਤਾਕਤ ਦੇ ਨਸ਼ੇ 'ਚ ਇਹ ਲੋਕ ਆਪਣੇ ਆਪ ਨੂੰ ਸੁਪਰਮੈਨ, ਫਿਰ ਦੇਵਤਾ ਅਤੇ ਫਿਰ ਭਗਵਾਨ ਸਮਝਣ ਲੱਗਦੇ ਹਨ।

ਕਥਨੀ ਅਤੇ ਕਰਨੀ ਤੋਂ ਦੂਰ ਹੱਟੇ ਅੱਜ ਦੇ ਹਾਕਮ, ਆਪਣੇ ਹੱਕਾਂ ਦਾ ਦੁਰਉਪਯੋਗ ਕਰਦੇ ਦਿੱਸਦੇ ਹਨ, ਉਹ ਵਿਰੋਧੀ ਧਿਰਾਂ ਨੂੰ ਗਾਲੀ-ਗਲੋਚ ਕਰਦੇ ਹਨ ਅਤੇ ਆਪਣੇ ਸੋੜੀਆਂ ਸਿਆਸੀ ਨੀਤੀਆਂ ਨੂੰ ਅੱਗੇ ਵਧਾਉਂਦੇ, ਵਿਰੋਧੀਆਂ ਨੂੰ ਕੁਚਲਦੇ ਦਿੱਸਦੇ ਹਨ। ਦੇਸ਼ 'ਚ ਮੁਦਰਾ ਸਫੀਤੀ ਵਧ ਰਹੀ ਹੈ, ਬੇਰੁਜ਼ਗਾਰੀ ਫੰਨ ਫੈਲਾ ਰਹੀ ਹੈ, ਅਸਮਾਨਤਾ ਅਸਮਾਨ ਛੂੰਹ ਰਹੀ ਹੈ, ਸਮਾਜਿਕ ਦੁਖ-ਕਲੇਸ਼, ਪੀੜਾ ਵੱਧ ਰਹੀ ਹੈ, ਪੂੰਜੀਵਾਦ ਦਾ ਪਸਾਰਾ ਹੋ ਰਿਹਾ ਹੈ, ਫਿਰਕੂ ਫਸਾਦ ਵਧ ਰਹੇ ਹਨ, ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ, ਘੱਟ ਗਿਣਤੀਆਂ ਖ਼ਤਰੇ 'ਚ ਹਨ। ਇਹ ਉਹਨਾਂ ਦੇ ਸਰੋਕਾਰ ਨਹੀਂ ਹਨ। ਉਹਨਾਂ ਦਾ ਅਜੰਡਾ 'ਭਾਸ਼ਨ' ਹੈ। ਭਰਮ ਜਾਲ ਪੈਦਾ ਕਰਨਾ ਉਹਨਾਂ ਦਾ ਕਰਮ ਹੈ।

ਗੱਲ ਤਾਂ ਦੇਸ਼ ਦੇ ਪਹਿਲੇ ਹਾਕਮਾਂ ਕਾਂਗਰਸ ਵੇਲੇ ਵੀ ਵੱਖਰੀ ਨਹੀਂ ਸੀ, ਗਰੀਬੀ ਹਟਾ ਦੇ ਨਾਹਰੇ ਲੱਗੇ, ਬੈਂਕਾਂ ਦੇ ਰਾਸ਼ਟਰੀਕਰਨ ਦੀ ਗੱਲ ਹੋਈ, ਜੈ ਜਵਾਨ ਜੈ ਕਿਸਾਨ ਦੇ ਨਾਹਰੇ ਗੂੰਜੇ, ਪਰ ਮੌਜੂਦਾ ਹਾਕਮਾਂ ਨੇ ਤਾਂ ਕਹਿਰ ਹੀ ਕੀਤਾ ਹੋਇਆ ਹੈ। ਦੇਸ਼ ਕਾਰਪੋਰੇਟਾਂ ਦੀ ਝੋਲੀ ਪਾ ਦਿੱਤਾ। ਸਰਕਾਰੀ ਅਦਾਰਿਆਂ ਨੂੰ ਉਹਨਾਂ ਹੱਥ ਸੌਂਪ ਦਿੱਤਾ। ਦੇਸ਼ ਦਾ ਮੀਡੀਆ ਉਹਨਾਂ ਹਵਾਲੇ ਕਰ ਦਿੱਤਾ। ਜਮਹੂਰੀ ਹੱਥਾਂ ਦਾ ਘਾਣ ਕਰ ਦਿੱਤਾ। ਇਹੋ ਜਿਹੇ ਕਾਨੂੰਨ ਬਣਾ ਦਿੱਤੇ, ਜਿਹੜੇ ਲੋਕਾਂ ਦੀ ਸੰਘੀ ਘੁੱਟਣ ਵਾਲੇ ਹਨ। ਕੁਦਰਤੀ ਇਨਸਾਫ਼ ਨੂੰ ਦਬਾਉਣ ਵਾਲੇ ਹਨ। ਮੌਜੂਦਾ ਸਰਕਾਰ ਦੀ ਨੀਤੀ ਕਨੂੰਨ, ਇਨਸਾਫ਼ ਦੀ ਬਜਾਇ ਸਜ਼ਾ ਉੱਤੇ ਟੇਕ ਰੱਖਣ ਵਾਲੇ ਖਾਸੇ ਵਾਲੀ ਹੈ। ਤਾਂ ਕਿ ਕੋਈ ਬੋਲ ਨਾ ਸਕੇ। ਕੋਈ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਖੁਲ ਕੇ ਨਾ ਕਰ ਸਕੇ।

ਵਿਸ਼ਵੀਕਰਨ, ਨਿੱਜੀਕਰਨ ਅਤੇ ਨਵਉਦਾਰੀਕਰਨ ਦੇ ਇਸ ਦੌਰ ਵਿਚ ਦੇਸੀ ਅਤੇ ਵਿਦੇਸ਼ੀ ਸਰਮਾਏਦਾਰਾਂ ਨੂੰ ਭਾਰਤ ਦੇ ਕਿਰਤੀ ਕਿਸਾਨਾਂ ਦੀ ਲੁੱਟ ਦੀ ਹੋਰ ਵਧੇਰੇ ਖੁਲ ਦਿੱਤੀ ਜਾ ਰਹੀ ਹੈ। ਇਹ ਹਕੀਕਤ ਹੁਣ ਜੱਗ ਜਾਹਰ ਹੈ। ਦਾਅਵੇ ਕੁਝ ਵੀ ਹੋਣ, ਲੋਕਾਂ ਦੇ ਹੱਕ ਮਾਰੇ ਜਾ ਰਹੇ ਹਨ, ਉਹਨਾਂ ਨੂੰ ਢੁੱਠਾਂ ਵਾਲਿਆਂ ਦੇ ਰਹਿਮੋ ਕਰਮ ਉੱਤੇ ਛੱਡ ਦਿੱਤਾ ਗਿਆ ਹੈ।

ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਛੋਟੀਆਂ-ਵੱਡੀਆਂ ਕਈ ਸਕੀਮਾਂ ਚਲਾਈਆਂ ਗਈਆਂ, ਜੋ ਗਰੀਬਾਂ ਲਈ ਚਲਾਈਆਂ ਹੋਣ ਦਾ ਦਾਅਵਾ ਹੋਇਆ। ਜਨ ਧਨ ਯੋਜਨਾ, ਕਿਸਾਨਾਂ ਲਈ ਰਾਹਤ ਰਾਸ਼ੀ, ਸਿਹਤ ਬੀਮਾ ਆਯੂਸ਼ਮਾਨ ਯੋਜਨਾ, ਬੇਟੀ ਪੜਾ ਬੇਟੀ ਬਚਾ ਆਦਿ ਪਰ ਇਹ ਸਕੀਮਾਂ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਲੀ ਕਹਾਵਤ ਵਾਂਗਰ ਹਵਾ 'ਚ ਉਡ ਗਈਆਂ। ਕਿਉਂਕਿ ਸਰਕਾਰ ਦਾ ਅਜੰਡਾ ਹੋਰ ਹੈ। ਕਿਉਂਕਿ ਸਰਕਾਰ ਸਿਰਫ਼ ਤੇ ਸਿਰਫ਼ ਉਹ ਕੰਮ ਕਰਦੀ ਹੈ, ਜਿਹੜੀ ਉਹਨਾਂ ਦਾ ਵੋਟ ਬੈਂਕ ਭਰ ਸਕੇ ਜਾਂ ਸਰਮਾਏਦਾਰਾਂ, ਕਾਰਪੋਰੇਟਾਂ ਦਾ ਢਿੱਡ ਤੂਸ ਸਕੇ। ਅਸਲ 'ਚ ਹਾਕਮਾਂ ਨੇ ਲੋਕਾਂ ਨੂੰ ਵੋਟਰ ਬਨਾਉਣ ਤੱਕ ਸੀਮਤ ਕਰ ਦਿੱਤਾ ਹੈ ਅਤੇ ਵੋਟ ਖੋਹਣ, ਪਵਾਉਣ, ਪ੍ਰਾਪਤ ਕਰਨ ਲਈ ਵੱਖੋ-ਵੱਖਰੇ ਰਾਹ ਉਲੀਕ ਲਏ ਹਨ।

ਦਾਅਵੇ ਖੋਖਲੇ ਹਨ। ਹਕੀਕਤ ਸੂਰਜ ਦੇ ਚਾਨਣ ਵਾਂਗਰ ਸਪੱਸ਼ਟ ਹੈ। ਹਕੀਕਤ ਵੇਖ ਕੇ ਅੱਖਾਂ ਮੀਟਾਂ ਦਾ ਸਮਾਂ ਵਿਹਾਜ ਗਿਆ ਹੈ। ਹਾਕਮਾਂ ਦੀ ਸੌੜੀ, ਸੀਮਤ ਸੋਚ ਨੂੰ ਬਦਲਣ ਲਈ ਲੋਕ ਚੇਤਨਾ, ਇਕੋ ਇਕ ਹਥਿਆਰ ਹੈ। ਨਹੀਂ ਤਾਂ ਭਾਰਤੀ ਲੋਕਤੰਤਰ, ਭਾਰਤੀ ਜਮਹੂਰੀਅਤ ਸਿਰਫ਼ ਇੱਕ ਨਾਂਅ ਬਣ ਕੇ ਰਹਿ ਜਾਏਗੀ।

## ਮਿੰਨੀ ਕਹਾਣੀ

# ਇਨਸਾਫ

ਦਿਆਲ ਖੋਤੀ ਰੇਹੜੀ ਤੇ ਸੀਮਿੰਟ ਲੈ ਕੇ ਗਲੀ ਵਿੱਚ ਕਿਸੇ ਦੇ ਘਰ ਆਇਆ ਤਾਂ ਵੇਖਿਆ ਗਲੀ ਵਿੱਚ ਇਕ ਕਾਰ ਖੜੀ ਹੈ। ਦਿਆਲ ਨੇ ਬੜੀ ਮੁਸ਼ਕਲ ਨਾਲ ਰੇਹੜੀ ਕਾਰ ਦੇ ਕੋਲੋ ਦੀ ਲੰਘਾਈ । ਰੇਹੜੀ ਦਾ ਪਿਛਲਾ ਪਾਸਾ ਥੋੜਾ ਅਜਿਹਾ ਕਾਰ ਨਾਲ ਘੱਸਰ ਗਿਆ। ਦਿਆਲ, ਮਿੰਠੂ ਸੇਠ ਦੇ ਘਰ ਸੀਮਿੰਟ ਲਾਉਣ ਲੱਗ ਪਿਆ। ਕਿਸੇ ਨੇ ਗੁਰਦਿਆਲ ਥਾਣੇਦਾਰ ਨੂੰ ਦੱਸਿਆ ਕਿ ਤੇਰੀ ਕਾਰ ਨਾਲ ਖੋਤੀ ਰੇਹੜੀ ਲੈ ਰਗੜ ਮਾਰ ਦਿੱਤੀ ਹੈ ।

ਸੇਵਾ ਮੁਕਤ ਥਾਣੇਦਾਰ ਗੁੱਸੇ ਵਿੱਚ ਲੋਹਾ ਲਾਖਾ ਹੁੰਦਾ ਦਿਆਲ ਨੂੰ ਗਾਲਾਂ ਕੱਢਣ ਲੱਗ ਪਿਆ। "ਸਰਦਾਰ ਜੀ! ਗਲਤੀ ਹੋ ਗਈ, ਮਾਫ ਕਰ ਦਿਉ।" ਦਿਆਲ ਨੇ ਤਰਲਾਂ ਕੀਤਾ। ਥਾਣੇਦਾਰ ਹੋਰ ਗੁੱਸੇ ਵਿੱਚ ਆ ਕੇ ਦਿਆਲ ਦੇ ਗੱਲ ਪੈ ਗਿਆ ਤੇ ਦੋ ਥੱਪੜ ਵੀ ਜੜ ਦਿੱਤੇ । ਮਿੰਠੂ ਸੇਠ ਅਤੇ ਉਸ ਦੇ ਪਰਿਵਾਰ ਨੇ ਬੜੀ ਮੁਸ਼ਕਲ ਨਾਲ ਦਿਆਲ ਨੂੰ ਛੁਡਾਇਆ। ਥਾਣੇਦਾਰ ਦੇ ਮੁੰਡੇ ਕਾਰ ਦਾ ਨੁਕਸਾਨ ਦੇਖ ਕੇ ਦਿਆਲ ਕੋਲ ਪਹੁੰਚ ਗਏ। ਕਾਰ ਦੇ ਨੁਕਸਾਨ ਦੇ ਪੈਸੇ ਮੰਗਣ ਲੱਗ ਪਏ। ਗੱਲ ਵੱਧਦੀ ਵੇਖ ਦਿਆਲ ਨੇ ਰੇਹੜੀ ਯੂਨੀਅਨ ਦੇ ਪ੍ਰਧਾਨ ਅਤੇ ਆਪਣੇ ਮੁੰਡਿਆਂ ਨੂੰ ਫੋਨ ਕਰ ਦਿੱਤਾ।

ਰੇਹੜੀ ਯੂਨੀਅਨ ਦਾ ਪ੍ਰਧਾਨ ਤਿੰਨ ਸਾਥੀਆਂ ਨਾਲ ਪਹੁੰਚ ਗਿਆ। ਦਿਆਲ ਦੇ ਮੁੰਡੇ ਵੀ ਪਹੁੰਚ ਗਏ । ਗਲੀ ਵਿੱਚ ਬਹੁਤ ਰੌਲਾ ਪੈ ਰਿਹਾ ਸੀ। ਰੌਲਾ ਸੁਣ ਕੇ ਮਾਸਟਰ ਪਿਆਰਾ ਸਿੰਘ ਵੀ ਬਾਹਰ ਆ ਗਿਆ। ਮਾਸਟਰ ਜੀ ਨੇ ਆਪਣੀ ਸਿਆਣਪ ਨਾਲ ਸਭ ਨੂੰ ਚੁੱਪ ਕਰਵਾਕੇ ਉਹਨਾਂ ਤੋਂ ਸਾਰੀ ਗੱਲ ਸੁਣੀ । ਖਾਲੀ ਪਲਾਟ ਵਿੱਚ ਲੈ ਗਿਆ। ਥਾਣੇਦਾਰ ਦਾ ਮੁੰਡਾ ਬੋਲਿਆ ਕਿ ਮਾਸਟਰ ਜੀ, ਇਸ ਨੇ ਰੇਹੜੀ ਨਾਲ ਸਾਡੀ ਕਾਰ ਤੇ ਰਗੜ ਮਾਰੀ ਹੈ। ਸਾਨੂੰ ਕਾਰ ਦੇ ਨੁਕਸਾਨ ਦਾ ਖਰਚਾ ਲੈ ਕੇ ਦਿਉ । ਪ੍ਰਧਾਨ ਬੋਲਿਆ, ਕਾਹਦਾ ਖਰਚਾ, ਸਾਡੇ ਬੰਦੇ ਦੇ ਐਸ ਖੱਚ ਬੰਦੇ (ਥਾਣੇਦਾਰ ਵੱਲ ਇਸ਼ਾਰਾ ਕਰਕੇ) ਨੇ ਚਪੇੜਾਂ ਮਾਰੀਆਂ ਹਨ । ਮਾਸਟਰ ਨੇ ਸਭ ਨੂੰ ਚੁੱਪ ਕਰਵਾ ਕੇ ਦਿਆਲ ਨੂੰ ਪੁੱਛਿਆ, ਹਾਂ ਭਾਈ ! ਤੂੰ ਦੱਸ ਕਿ ਗੱਲ ਹੋਈ ਹੈ?


ਬਾਈ ਜੀ, ਮੈਂ ਰੇਹੜੀ ਤੇ ਸੀਮਿੰਟ ਲੈ ਕੇ ਬਾਊ ਜੀ ਦੇ ਘਰ ਆ ਰਿਹਾ ਸੀ । ਰਸਤੇ ਵਿੱਚ ਕਾਰ ਖੜੀ ਸੀ। ਮੈਂ ਬਹੁਤ ਦਰਵਾਜ਼ਾ ਖੜਕਾਇਆ ਪਰ ਕਿਸੇ ਨੇ ਦਰਵਾਜ਼ਾ ਨਹੀਂ ਖੋਲਿਆ । ਮੈਂ ਬੜੀ ਮੁਸ਼ਕਲ ਨਾਲ ਰੇਹੜੀ ਲੰਘਾਈ । ਰੇਹੜੀ ਦਾ ਪਿਛਲਾ ਪਾਸਾ ਕਾਰ ਨਾਲ ਥੋੜਾ ਜਿਹਾ ਲੱਗ ਗਿਆ । ਸਰਦਾਰ ਜੀ ਨੇ ਬਾਹਰ ਆ ਕੇ ਮੈਨੂੰ ਗਾਲ੍ਹਾਂ ਕੱਢੀਆਂ ਅਤੇ ਚਪੇੜਾਂ ਵੀ ਮਾਰੀਆਂ । ਮੈਂ ਤਾਂ ਸਰਦਾਰ ਜੀ ਤੋਂ ਹੱਥ ਜੋੜਕੇ ਮਾਫੀ ਮੰਗ ਰਿਹਾ ਸੀ । ਹੁਣ ਪੈਸੇ ਮੰਗਦੇ ਹਨ । ਰੇਹੜੀ ਵਾਲੇ ਦਾ ਮੁੰਡਾ ਝੱਟ ਬੋਲਿਆ। ਅਸੀਂ ਪੈਸੇ ਦੇ ਦਿੰਦੇ ਹਾਂ । ਪਰ ਜਿੰਨੀਆਂ ਚਪੇੜਾਂ ਬਾਪੂ ਦੇ ਮਾਰੀਆਂ ਹਨ । ਉਸ ਤੋਂ ਵੱਧ ਚਪੇੜਾਂ ਸਰਦਾਰ ਦੇ ਮਾਰਾਂਗੇ । ਮੁੰਡੇ ਦੇ ਗੱਲ ਸੁਣ ਸਭ ਚੁੱਪ ਕਰ ਗਏ । ਹਾਂ ਬਾਈ ਜੀ, ਕਰੋ ਇੰਨਸਾਫ । ਹਾਂ ਬਾਈ ਗੁਰਦਿਆਲ ਸਿਹਾਂ, ਤੁਸੀ ਦੱਸੋ ਕੀ ਚਾਹੁੰਦੇ ਹੋ? ਮਾਸਟਰ ਦੀ ਗੱਲ ਸੁਣ ਥਾਣੇਦਾਰ ਅਤੇ ਉਸ ਦੇ ਮੁੰਡੇ ਸਿਰ ਝੁਕਾਈ ਘਰ ਵੱਲ ਨੂੰ ਚੱਲ ਪਏ।



-ਪਰਗਟ ਸਿੰਘ ਜੰਬਰ
8837726702

# ਪੁਸਤਕ ਸਮੀਖਿਆ

**ਸੁਪਨਸਾਜ਼**
**ਰੀਵਿਊਕਾਰ: ਬਲਜਿੰਦਰ ਮਾਨ 98 150 18947**
**ਨਾਵਲਕਾਰ: ਡਾ.ਇੰਦਰਪ੍ਰੀਤ ਸਿੰਘ ਧਾਮੀ**
**ਪ੍ਰਕਾਸ਼ਕ: ਓਜ ਪ੍ਰਕਾਸ਼ਨ ਪੱਟੀ,ਤਰਨਤਾਰਨ, ਪੰਨੇ: 54, ਮੁੱਲ:200/-**




ਬਾਲ ਸਾਹਿਤ ਦੇ ਖੇਤਰ ਵਿੱਚ ਬਾਲ ਨਾਵਲਾਂ ਦੀ ਸਿਰਜਣਾ ਬਹੁਤ ਘੱਟ ਹੋ ਰਹੀ ਹੈ ਪਨਸਾਜ਼ ਕਸ਼ੋਰ ਨਾਵਲ ਹੈ। ਬਾਲ ਜੀਵਨ ਤੋਂ ਬਾਅਦ ਕਿਸ਼ੋਰ ਅਵਸਥਾ ਇੰਨੀ ਮਹੱਤਵਪੂਰਨ ਹੁੰਦੀ ਹੈ ਕਿ ਬਹੁਤ ਸਾਰੀਆਂ ਘਟਨਾਵਾਂ ਜੀਵਨ ਨੂੰ ਸੰਵਾਰਦੀਆਂ ਅਤੇ ਵਿਗਾੜਦੀਆਂ ਹਨ। ਡਾ. ਇੰਦਰਪ੍ਰੀਤ ਸਿੰਘ ਧਾਮੀ ਨੇ ਬਾਲ ਮਨੋਵਿਗਿਆਨ ਦੀਆਂ ਪਰਤਾਂ ਨੂੰ ਫਰੋਲਦਿਆਂ ਕਿਸ਼ੋਰਾਂ ਲਈ ਇਸ ਨਾਵਲ ਦੀ ਸਿਰਜਣਾ ਕੀਤੀ ਹੈ ਾਂ ਨੂੰ ਵਿਚਾਰਿਆ ਗਿਆ ਹੈ। ਸੁਪਨਸਾਜ਼ ਨਾਵਲ ਗਰੀਬੀ ਨਾਲ ਜੂਝ ਰਹੇ ਲੋਕਾਂ ਦੀ ਬਾਤ ਪਾਉਂਦਾ ਹੋਇਆ ਸਾਡੇ ਵਿੱਦਿਅਕ ਢਾਂਚੇ ਵਿੱਚ ਅਧਿਆਪਕਾਂ ਦੇ ਭੂਮਿਕਾ ਨੂੰ ਵੀ ਉਜਾਗਰ ਕਰਦਾ ਹੈ_ਰਨ ਹੈ। ਜਿਹੜੇ ਅਧਿਆਪਕ ਆਪਣੀ ਜਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਹਨ ਉਹਨਾਂ ਦੇ ਵਿਦਿਆਰਥੀ ਉੱਚੀਆਂ ਤੇ ਸੁੱਚੀਆਂ ਮਜ਼ਿਲਾਂ ਪ੍ਰਾਪਤ ਕਰ ਜਾਂਦੇ ਹਨ। ਇਸ ਦੇ ਉਲਟ ਜਿਹੜੇ ਅਧਿਆਪਕ ਆਪਕਨਾਦੋਤਨੋਣ ਵਿਦਿਆਰਥੀ ਜੀਵਨ ਲੀਹਾਂ ਤੋਂ ਔਕਰ ਕੀ ਰੁਲਡੀ ਕੁਲਡੀ ਰਿਹਮਡੀ ਹਨ। ਨਾਵਲਕਾਰ ਨੇ ਇਸ ਨਾਵਲ ਰਾਹੀਂ ਜਿੱ ਥੇ ਸਾਡੇ ਜਨ ਜੀਵਨ ਦੇ ਪਹਿਲੂਆਂ ਨੂੰ ਪੇਸ਼ ਕੀਤਾ ਹੈ ਊੱ ਥੇ ਦੇਸ਼ ਦੇ ਆਗੂਆਂ ਤੇ ਵੀ ਸਵਾਲ ਖੜੇ ਕੀਤੇ ਹਨ। ਜਿਹਨਾਂ ਦੇਸ਼ ਬਾਣਾਕਾਾਣ ਦੇਸ਼ ਨੀ ਖੋਖਲਾ ਕਰੀ ਜਾ ਰਹੇ ਹਨ।

ਕਿਸ਼ੋਰ ਅਵਸਥਾ ਵਿੱਚੋਂ ਲੰਘ ਰਹੇ ਬੱਚਿਆਂ ਲਈ ਇਹ ਨਾਵਲ ਪ੍ਰੇਰਨਾਦਾਇਕ ਅਤੇ ਸਿਖਿਆਦਾਇਕ ਹੈ ਦਰ ਛੁਪੀਆਂ ਸੰਭਾਵਨਾਵਾਂ ਨੂੰ ਉਜਾਗਰ ਹੋਣ ਲਈ ਮੌਕੇ ਨਹੀਂ ਮਿਲਦੇ ਜਿਸ ਕਾਰਨ ਕਈ ਸਿਆਣੇ ਅਤੇ ਸੂਝਵਾਨ ਵਿਦਿਆਰਥੀ ਦਿਹਾੜੀ ਕਰਨ ਜੋਗੇ ਰਹਿ ਜਾਂਦੇ ਹਨ। ਨਾਵਲ ਦੇ ਕਿਸ਼ੋਰ ਪਾਤਰ ਜਿੱਥੇ ਕਲਾਕਾਰ ਹਨ ਉੱਥੇ ਉਹ ਹਿੰਮਤੀ ਅਤੇ ਲਗਨ ਵਾਲੇ, ਉਹਨਾਂ ਦੀ ਪ੍ਰਤਿਭਾ ਨੂੰ ਪਛਾਣਦੇ ਹੋਏ ਅੱਗੇ ਤੋਰਨ ਲਈ ਹਰ ਹੀਲਾ ਵਸੀਲਾ ਵਰਤਦੇ ਹਨ। ਅਜਿਹੇ ਅੀਧਆਪਕਾਂ ਦੀ ਸਾਨੂੰ ਵਿਸ਼ੇਸ਼ ਲ਼ੋੜ ਹੈ ਨਿਘਾਰ ਦੇ ਦ੍ਰਿਸ਼ ਵੀ ਇਸ ਨਾਵਲ ਦੀ ਜਿੰਮੇਵਾਰੀ ਹੈ। ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਫੁਰਤੀ ਵਾਸਤੇ ਖੂਨ ਪਸੀਨਾ ਇੱਕ ਕਰਦੇ ਲੋਕ ਇਸ ਨਾਵਲ ਦੇ ਪਾਤਰ ਹਨ। ਪੀ ਟੀ ਸਰ ਦੇ ਡੰਡੇ ਅਤੇ ਕੰਮ 'ਚ ਮਨ ਨਹੀਂ ਲਗਾ ਸਕਦਾ।

ਨਾਵਲਕਾਰ ਨੇ ਅਧਿਆਪਕਾਂ ਨੂੰ ਆਪਣੇ ਕਿੱਤੇ ਬਾਰੇ ਸੁਚੇਤ ਹੋ ਕੇ ਕਾਰਜ ਕਰਨ ਲਈ ਵੀ ਉਤਸਾਹਿਤ ਕੀਤਾ ਹੈ ਇੱਕ ਉੱਤਮ ਦਰਜੇ ਦਾ ਨਾਵਲ ਹੈ।

# ਸਕੂਲ ਕਾਉਂਸਲਿੰਗ ਦੀ ਲੋੜ ਅਤੇ ਸਕੋਪ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸੰਸਾਰ ਬਦਲ ਰਿਹਾ ਹੈ, ਸਮਾਜ ਬਦਲ ਰਿਹਾ ਹੈ, ਜੀਵਨ ਸ਼ੈਲੀ ਬਦਲ ਰਹੀ ਹੈ, ਰੋਜ਼ਾਨਾ ਜੀਵਨ ਬੱਚਿਆਂ ਲਈ ਵੀ ਚੁਣੌਤੀਪੂਰਨ ਅਤੇ ਤਣ-ਅਪੂਰਨ ਬਣ ਗਿਆ ਹੈ। ਬੱਚਿਆਂ ਨੂੰ ਸਕੂਲ, ਪਰਿਵਾਰ, ਸਮਾਜ, ਦੋਸਤਾਂ ਆਦਿ ਦੇ ਬਹੁਤ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁਕਾਬਲੇਬਾਜ਼ੀ, ਪਰਿਵਾਰਕ ਸਮੱਸਿਆਵਾਂ, ਪਰਿਵਾਰਕ ਦਬਾਅ, ਧੱਕੇਸ਼ਾਹੀ, ਭੈਣ-ਭਰਾ ਦੀ ਦੁਸ਼ਮਣੀ, ਫੋਬੀਆ, ਦੁਰਵਿਵਹਾਰ, ਵਿਦਿਆਰਥੀਆਂ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਵਿੱਚੋਂ ਕੁਝ ਹਨ। ਘਰਾਂ ਦੇ ਰੂਪ ਵਿੱਚ, ਸਕੂਲਾਂ ਨੂੰ ਬੱਚਿਆਂ ਵਿੱਚ ਪੋਸ਼ਣ, ਸੰਪੂਰਨ ਵਿਕਾਸ ਅਤੇ ਵਿਦਿਅਕ ਵਿਕਾਸ ਲਈ ਇੱਕ ਪ੍ਰਮੁੱਖ ਕਾਰਕ ਮੰਨਿਆ ਜਾਂਦਾ ਹੈ। ਸਕੂਲ ਬੱਚਿਆਂ ਲਈ ਦੂਜੇ ਘਰ ਵਜੋਂ ਕੰਮ ਕਰਦੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਬੱਚੇ ਦੇ ਸਰਵਪੱਖੀ ਵਿਕਾਸ ਲਈ ਅਨੁਕੂਲ ਮਾਹੌਲ ਬਣਾਈ ਰੱਖਿਆ ਜਾਵੇ। ਸਕੂਲ ਕੀ ਹੈ? ਸਕੂਲ ਬੱਚਿਆਂ ਨੂੰ ਸਿੱਖਿਆ ਦੇਣ ਵਾਲੀ ਸੰਸਥਾ ਹੈ। ਪਰਿਵਾਰਾਂ ਵਾਂਗ ਉਹਨਾਂ ਦੀ ਮਨੁੱਖੀ ਸਮਾਜਾਂ ਨੂੰ ਦੁਬਾਰਾ ਪੈਦਾ ਕਰਨ ਅਤੇ ਅਜਿਹੀਆਂ ਸਥਿਤੀਆਂ ਪ੍ਰਦਾਨ ਕਰਨ ਵਿੱਚ ਵਿਲੱਖਣ ਭੂਮਿਕਾ ਹੁੰਦੀ ਹੈ ਜੋ ਉਹਨਾਂ ਨੂੰ ਨਵੀਨਤਾ ਅਤੇ ਤਬਦੀਲੀ ਕਰਨ ਦੇ ਯੋਗ ਬਣਾਉਂਦੇ ਹਨ। ਸਕੂਲ ਬੱਚਿਆਂ ਨੂੰ ਵਿਭਿੰਨ ਅਨੁਭਵ ਪ੍ਰਦਾਨ ਕਰ ਸਕਦੇ ਹਨ, ਜੋ ਉਹਨਾਂ ਦੇ ਭਵਿੱਖ ਦੇ ਯਤਨਾਂ ਲਈ ਉਹਨਾਂ ਨੂੰ ਢਾਲ ਸਕਦੇ ਹਨ। ਸਕੂਲ ਵਿੱਚ ਗਤੀਵਿਧੀਆਂ ਸਕੂਲ ਦਾ ਮੁੱਖ ਉਦੇਸ਼ ਬੱਚੇ ਦਾ ਸਰਵਪੱਖੀ ਵਿਕਾਸ ਕਰਨਾ ਹੈ। ਸਕੂਲ ਵੱਲੋਂ ਬੱਚਿਆਂ ਨੂੰ ਗਿਆਨ ਪ੍ਰਦਾਨ ਕਰਨਾ ਸਭ ਤੋਂ ਮਹੱਤਵਪੂਰਨ ਫਰਜ਼ਾਂ ਵਿੱਚੋਂ ਇੱਕ ਹੈ। ਇਸ ਨੂੰ ਮਨੁੱਖਜਾਤੀ ਦੁਆਰਾ ਸਦੀਆਂ ਤੋਂ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਵਿਆਪਕ ਅਤੇ ਯੋਜਨਾਬੱਧ ਤਰੀਕੇ ਨਾਲ ਪਾਸ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਕੂਲਾਂ ਤੋਂ ਬਿਨਾਂ ਇਹ ਯਕੀਨੀ ਬਣਾਉਣਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋਵੇਗਾ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਆਲੇ-ਦੁਆਲੇ ਦੇ ਸੰਸਾਰ ਦੀ ਸਾਰੀ ਲੋੜੀਂਦੀ ਸਮਝ ਹੋਵੇਗੀ।

ਸਕੂਲ ਬੱਚਿਆਂ ਨੂੰ ਮਹੱਤਵਪੂਰਨ ਪਹਿਲੂਆਂ ਜਿਵੇਂ ਕਿ ਸਮੱਸਿਆ ਹੱਲ ਕਰਨ ਦੇ ਹੁਨਰ, ਅੰਤਰ-ਵਿਅਕਤੀਗਤ ਅਤੇ ਅੰਤਰ-ਵਿਅਕਤੀਗਤ ਹੁਨਰ ਆਦਿ ਵਿੱਚ ਸਿਖਲਾਈ ਦਿੰਦੇ ਹਨ। ਸਕੂਲਾਂ ਵਿੱਚ ਜ਼ਰੂਰੀ ਹੁਨਰ ਜੋ ਬੱਚਿਆਂ ਨੂੰ ਰੋਜ਼ਾਨਾ ਦੀਆਂ ਚੀਜ਼ਾਂ ਨੂੰ ਆਪਸ ਵਿੱਚ ਗੱਲਬਾਤ ਕਰਨ ਅਤੇ ਸਮਝਣ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਸਕੂਲ ਬੱਚੇ ਦੇ ਭਵਿੱਖ ਦੇ ਕਰੀਅਰ ਦੀ ਨੀਂਹ ਰੱਖਦੇ ਹਨ। ਹਾਲਾਂਕਿ ਸਕੂਲ ਵਿੱਚ ਵਿਦਿਆਰਥੀਆਂ ਦੇ ਸਮੇਂ ਦਾ ਵੱਡਾ ਹਿੱਸਾ ਅਕਾਦਮਿਕਤਾ ਵਿੱਚ ਬਿਤਾਇਆ ਜਾਂਦਾ ਹੈ, ਸਹਿ-ਪਾਠਕ੍ਰਮ ਗਤੀਵਿਧੀਆਂ ਜਿਵੇਂ ਕਿ ਖੇਡਾਂ, ਲਲਿਤ ਕਲਾ ਆਦਿ ਵੀ ਪਾਠਕ੍ਰਮ ਦਾ ਹਿੱਸਾ ਹਨ। ਇਹ ਬੱਚਿਆਂ ਨੂੰ ਉਨ੍ਹਾਂ ਦੀਆਂ ਪ੍ਰਤਿਭਾਵਾਂ ਦੀ ਖੋਜ ਕਰਨ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਨਿਖਾਰਨ ਵਿੱਚ ਮਦਦ ਕਰਦੇ ਹਨ। ਉਦਾਹਰਨ ਲਈ, ਖੇਡਾਂ ਅੰਤਰ-ਵਿਅਕਤੀਗਤ ਹੁਨਰ, ਲੀਡਰਸ਼ਿਪ ਗੁਣਾਂ ਅਤੇ ਬੱਚੇ ਦੀ ਤੰਦਰੁਸਤੀ ਦਾ ਨਿਰਮਾਣ ਕਰਦੀਆਂ ਹਨ। ਸਕੂਲ ਵਿੱਚ ਆਪਸੀ ਤਾਲਮੇਲ ਸਕੂਲ ਇੱਕ ਅਜਿਹੀ ਥਾਂ ਹੈ ਜਿੱਥੇ ਬੱਚੇ ਵੱਡੀ ਗਿਣਤੀ ਵਿੱਚ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਹਨ। ਸਮਾਜ ਦੇ ਵੱਖ-ਵੱਖ ਹਿੱਸਿਆਂ ਤੋਂ ਵੱਖ-ਵੱਖ ਵਿਅਕਤੀ ਇਕੱਠੇ ਹੁੰਦੇ ਹਨ। ਉਹ ਇੱਕ ਸਾਂਝਾ ਪਲੇਟਫਾਰਮ ਅਤੇ ਇੱਕ ਸਾਂਝਾ ਉਦੇਸ਼ ਸਾਂਝਾ ਕਰਦੇ ਹਨ। ਅਕਸਰ, ਆਪਣੇ ਪਰਿਵਾਰ ਤੋਂ ਇਲਾਵਾ ਕਿਸੇ ਬੱਚੇ ਦੀ ਪਹਿਲੀ ਗੱਲਬਾਤ ਉਸ ਸਕੂਲ ਤੋਂ ਹੁੰਦੀ ਹੈ ਜਿਸ ਵਿੱਚ ਉਹ ਸਬੰਧਤ ਹੈ। ਬੱਚੇ ਦਾ ਪ੍ਰਾਇਮਰੀ ਇੰਟਰੈਕਸ਼ਨ ਸਕੂਲ ਦੇ ਦੂਜੇ ਬੱਚਿਆਂ ਅਤੇ ਉਸਦੇ ਅਧਿਆਪਕਾਂ ਨਾਲ ਹੋਵੇਗਾ। ਇਸ ਲਈ, ਸਾਥੀ ਵਿਦਿਆਰਥੀਆਂ ਨਾਲ ਗੱਲਬਾਤ ਬੱਚੇ ਦੇ ਸਮੁੱਚੇ ਵਿਕਾਸ ਵਿੱਚ ਬਹੁਤ ਪ੍ਰਭਾਵ ਪਾਉਂਦੀ ਹੈ ਕਿਉਂਕਿ ਉਹ ਵੱਖ-ਵੱਖ ਸਮਾਜਿਕ-ਆਰਥਿਕ ਪਿਛੋਕੜਾਂ ਤੋਂ ਆਉਂਦੇ ਹੋਣਗੇ। ਅਧਿਆਪਕਾਂ ਦੀਆਂ ਸ਼ਖ਼ਸੀਅਤਾਂ ਵੀ ਸਕੂਲ ਵਿੱਚ ਬੱਚੇ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਸਹਾਇਕ ਸਟਾਫ਼ ਵੀ ਵਿਦਿਆਰਥੀਆਂ ਨਾਲ ਗੱਲਬਾਤ ਕਰਦਾ ਹੈ, ਉਦਾਹਰਨ ਲਈ ਸਹਾਇਕ, ਦਫ਼ਤਰੀ ਸਟਾਫ਼ ਆਦਿ। ਸਕੂਲ ਵਿੱਚ ਹਰੇਕ ਵਿਦਿਆਰਥੀ ਲਈ ਜਦੋਂ ਅਜਿਹੇ ਆਪਸੀ ਤਾਲਮੇਲ ਵਿੱਚੋਂ ਲੰਘਣਾ ਪੈਂਦਾ ਹੈ ਤਾਂ ਉਸ ਲਈ ਇੱਕ ਨਿਯੰਤਰਿਤ ਅਤੇ ਤਣਾਅ ਮੁਕਤ ਮਾਹੌਲ ਹੋਣਾ ਬਹੁਤ ਜ਼ਰੂਰੀ ਹੈ। ਸਕੂਲ ਦੀ ਸਲਾਹ ਸਕੂਲ ਮਾਰਗਦਰਸ਼ਨ ਅਤੇ ਸਲਾਹ ਸੇਵਾਵਾਂ ਦਾ ਮੁੱਖ ਟੀਚਾ ਵਿਦਿਆਰਥੀਆਂ ਦੀ ਸਿਖਲਾਈ ਨੂੰ ਵਧਾਉਣਾ ਅਤੇ ਉਤਸ਼ਾਹਿਤ ਕਰਨਾ ਹੈ। ਇਹ ਸੇਵਾਵਾਂ ਵਿਦਿਆਰਥੀਆਂ ਨੂੰ ਹਰ ਪੱਧਰ 'ਤੇ, ਉਹਨਾਂ ਦੇ ਪਰਿਵਾਰਾਂ ਅਤੇ ਸਿੱਖਿਅਕਾਂ ਨੂੰ ਸਹਾਇਤਾ ਅਤੇ ਸਰੋਤ ਪ੍ਰਦਾਨ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਉਹਨਾਂ ਦਾ ਉਦੇਸ਼ ਸਕੂਲਾਂ ਅਤੇ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਵਿਦਿਅਕ, ਨਿੱਜੀ, ਸਮਾਜਿਕ, ਭਾਵਨਾਤਮਕ ਅਤੇ ਕਰੀਅਰ ਦੇ ਵਿਕਾਸ ਦੀ ਸਹੂਲਤ ਦੇਣਾ ਹੈ।ਭਾਈਚਾਰਾ। ਇੱਕ ਪੇਸ਼ੇ ਵਜੋਂ ਕਾਉਂਸਲਿੰਗ ਯਕੀਨੀ ਤੌਰ 'ਤੇ ਪੱਛਮੀ ਦੇਸ਼ਾਂ ਦਾ ਬੱਚਾ ਹੈ। ਭਾਰਤੀ ਸਮਾਜ ਆਪਣੇ ਮਜ਼ਬੂਤ ਪਰਿਵਾਰਕ ਬੰਧਨਾਂ ਅਤੇ ਨਿੱਘੇ ਭਾਈਚਾਰਕ ਭਾਵਨਾਵਾਂ ਅਤੇ ਅਧਿਆਤਮਿਕ ਤੱਤ ਦੇ ਨਾਲ ਸੰਕਟ ਦੇ ਸਮੇਂ ਅਤੇ ਵੱਖ-ਵੱਖ ਮਨੋ-ਸਮਾਜਿਕ ਮੁੱਦਿਆਂ ਨਾਲ ਨਜਿੱਠਣ ਲਈ ਸਹਾਇਤਾ ਪ੍ਰਣਾਲੀ ਪ੍ਰਦਾਨ ਕਰਦਾ ਰਿਹਾ ਹੈ। ਸ਼ਾਇਦ, ਇਹ ਭਾਰਤ ਵਿੱਚ ਕਾਉਂਸਲਿੰਗ ਦੇ ਪੇਸ਼ੇ ਦੇ ਘੱਟ ਵਿਕਾਸ ਨੂੰ ਦਰਸਾਉਂਦਾ ਹੈ। ਹਾਲ ਹੀ ਦੇ ਸਾਲਾਂ ਵਿੱਚ ਭਾਰਤੀ ਸਮਾਜ ਔਰਤਾਂ ਦੀ ਅਣਗਹਿਲੀ, ਸੰਯੁਕਤ ਪਰਿਵਾਰ ਪ੍ਰਣਾਲੀ ਦੇ ਟੁੱਟਣ, ਸਕੂਲਾਂ ਵਿੱਚ ਵਧੀ ਹੋਈ ਮੁਕਾਬਲੇਬਾਜ਼ੀ, ਬੱਚਿਆਂ ਦੀ ਵਧੀ ਹੋਈ ਸਮਾਜਿਕਤਾ, ਬੇਅੰਤ ਤਕਨੀਕੀ ਤਰੱਕੀ, ਹਾਣੀਆਂ ਅਤੇ ਮਾਤਾ-ਪਿਤਾ ਦੇ ਅਰਾਮ ਦੇ ਨਤੀਜੇ ਵਜੋਂ ਇੱਕ ਪੂਰੀ ਤਰ੍ਹਾਂ ਰੂਪਾਂਤਰਣ ਦੇ ਦੌਰ ਵਿੱਚੋਂ ਗੁਜ਼ਰਿਆ ਜਾਪਦਾ ਹੈ, ਜਿਸ ਦੇ ਨਤੀਜੇ ਵਜੋਂ ਰੇਤਲੇ ਖੇਤਰਾਂ ਵਿੱਚ ਵਾਤਾਵਰਣ ਵਿੱਚ ਵਾਧਾ ਹੋਇਆ ਹੈ। ChildrensSchool ਕਾਉਂਸਲਰ ਵਿਦਿਆਰਥੀਆਂ ਅਤੇ ਮਾਪਿਆਂ ਲਈ ਵਧੇ ਹੋਏ ਤਣਾਅ ਅਤੇ ਤਣਾਅ ਨਾਲ ਸਿੱਝਣ ਅਤੇ ਨੌਜਵਾਨ ਪੀੜ੍ਹੀ ਦੀ ਮਾਨਸਿਕ ਸਿਹਤ ਨੂੰ ਬਣਾਈ ਰੱਖਣ ਵਿੱਚ ਯੋਗਦਾਨ ਪਾਉਣ ਲਈ ਇੱਕ ਵਰਦਾਨ ਵਾਂਗ ਜਾਪਦੇ ਹਨ। ਪਿਛਲੇ ਸਾਲਾਂ ਵਿੱਚ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਕੂਲ ਮਾਰਗਦਰਸ਼ਨ ਅਤੇ ਸਲਾਹ ਦਾ ਖੇਤਰ ਬਦਲ ਗਿਆ ਹੈ। ਭਾਰਤ ਵਿੱਚ ਸਕੂਲ ਕਾਉਂਸਲਿੰਗ ਇੱਕ ਮੁਕਾਬਲਤਨ ਨੌਜਵਾਨ ਪੇਸ਼ਾ ਹੈ। ਇੱਥੇ ਭਾਰਤ ਵਿੱਚ ਸਕੂਲ ਕਾਉਂਸਲਿੰਗ ਦੇ ਇਤਿਹਾਸ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। 1954 ਵਿੱਚ, ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਕੇਂਦਰੀ ਸਿੱਖਿਆ ਅਤੇ ਵੋਕੇਸ਼ਨਲ ਗਾਈਡੈਂਸ ਬਿਊਰੋ ਦੀ ਸਥਾਪਨਾ ਕੀਤੀ। ਇਸ ਨੇ ਅਜੋਕੇ ਕਾਉਂਸਲਿੰਗ ਦੇ ਬੀਜ ਰੱਖੇ। ਤੀਜੀ ਪੰਜ ਸਾਲਾ ਯੋਜਨਾ 1961 ਵਿੱਚ ਲਾਗੂ ਹੋਣ ਤੋਂ ਬਾਅਦ, ਮਾਰਗਦਰਸ਼ਨ ਪ੍ਰੋਗਰਾਮ ਸਕੂਲਾਂ ਵਿੱਚ ਸ਼ੁਰੂ ਹੋਏ।



1966 ਵਿੱਚ ਇਸ ਪੰਜ ਸਾਲਾ ਯੋਜਨਾ ਦੇ ਅੰਤ ਤੱਕ ਲਗਭਗ 3000 ਸਕੂਲ ਕਿਸੇ ਨਾ ਕਿਸੇ ਰੂਪ ਵਿੱਚ ਸਲਾਹ ਸੇਵਾਵਾਂ ਪ੍ਰਦਾਨ ਕਰ ਰਹੇ ਸਨ। ਸਾਲ 2000 ਤੋਂ, ਕੇਂਦਰੀ ਵਿਦਿਅਕ ਅਤੇ ਵੋਕੇਸ਼ਨਲ ਗਾਈਡੈਂਸ ਬਿਊਰੋ ਨੇ ਮ ਾ ਰ ਗ ਦ ਰ ਸ਼ ਨ ਪੇਸ਼ੇਵਰਾਂ ਦੀ ਸਿਖਲਾਈ ਦਾ ਕੰਮ ਅਜਮੇਰ, ਭੋਪਾਲ, ਭੁਵਨੇਸ਼ਵਰ ਅਤੇ ਮੈਸੂਰ ਵਿਖੇ ਗਾਈਡੈਂਸ ਦੀਆਂ ਖੇਤਰੀ ਸੰਸਥਾਵਾਂ ਨੂੰ ਸੌਂਪਿਆ ਹੈ। ਇਸਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਯੋਗ ਪਾਠਕ੍ਰਮ ਅਤੇ ਕਰੀਅਰ ਵਿਕਲਪਾਂ ਵਿੱਚ ਮਦਦ ਕਰਨਾ ਹੈ। ਇੱਕੀਵੀਂ ਸਦੀ ਵਿੱਚ ਮਾਰਗਦਰਸ਼ਨ ਅਤੇ ਸਲਾਹ ਸੇਵਾਵਾਂ ਦਾ ਵਿਲੀਨ ਹੋ ਗਿਆ ਹੈ। ਮਾਰਗਦਰਸ਼ਨ ਸੇਵਾਵਾਂ ਦੀ ਜਾਣਕਾਰੀ ਦੇਣ ਦੀ ਸਮਰੱਥਾ ਨੂੰ ਸਾਰੇ ਗ੍ਰੇਡ ਪੱਧਰਾਂ 'ਤੇ ਕਾਉਂਸਲਿੰਗ ਪਹੁੰਚ ਦੁਆਰਾ ਪੇਸ਼ ਕੀਤੇ ਗਏ ਨਿੱਜੀ ਵਿਕਾਸ ਦੇ ਮੌਕਿਆਂ ਨਾਲ ਇਕਸਾਰ ਕੀਤਾ ਗਿਆ ਹੈ। ਇਹ ਵਿਦਿਆਰਥੀ ਦੀ ਸਿਖਲਾਈ, ਫੈਸਲੇ ਲੈਣ, ਅਤੇ ਸਵੈ-ਜਾਗਰੂਕਤਾ ਨੂੰ ਵਧਾਉਣ ਅਤੇ ਖਾਸ ਲੋੜਾਂ ਨੂੰ ਹੱਲ ਕਰਨ ਲਈ ਕੀਤਾ ਗਿਆ ਹੈ। ਨਿਯਮਤ ਪਾਠਕ੍ਰਮ ਪ੍ਰੋਗਰਾਮਿੰਗ ਵਿੱਚ ਸੇਵਾ ਪ੍ਰਦਾਨ ਕਰਨ ਦੇ ਮਾਰਗਦਰਸ਼ਨ ਹਿੱਸੇ ਨੂੰ ਸ਼ਾਮਲ ਕਰਨਾ ਵਧੇਰੇ ਆਮ ਹੋ ਗਿਆ ਹੈ। ਅੱਜ ਕੱਲ੍ਹ, ਸਕੂਲਾਂ ਦੇ ਸਲਾਹਕਾਰਾਂ ਨੂੰ ਸਕੂਲ ਸਟਾਫ਼ ਦੇ ਇੱਕ ਅਨਿੱਖੜਵੇਂ ਅੰਗ ਵਜੋਂ ਵੇਖਣਾ ਆਮ ਗੱਲ ਹੈ। ਜ਼ਿਆਦਾ ਤੋਂ ਜ਼ਿਆਦਾ ਸਕੂਲ ਕੌਂਸਲਰਾਂ ਲਈ ਸਥਾਈ ਸਟਾਫ ਦੀਆਂ ਅਸਾਮੀਆਂ ਦੀ ਚੋਣ ਕਰ ਰਹੇ ਹਨ ਜਿੱਥੇ ਇਹ ਪਹਿਲਾਂ ਸਿਰਫ਼ ਅਸਥਾਈ ਸੀ। ਵਿਦਿਆਰਥੀਆਂ ਦੇ ਨਾਲ-ਨਾਲ ਮਾਪੇ ਵੀ ਅਜਿਹੇ ਪ੍ਰਬੰਧਾਂ ਤੋਂ ਜਾਣੂ ਹਨ ਅਤੇ ਉਨ੍ਹਾਂ ਸਕੂਲਾਂ ਨੂੰ ਤਰਜੀਹ ਦਿੰਦੇ ਹਨ ਜਿਨ੍ਹਾਂ ਦੇ ਪੈਨਲ 'ਤੇ ਫੁੱਲ-ਟਾਈਮ ਸਲਾਹਕਾਰ ਹਨ। ਕਾਉਂਸਲਿੰਗ ਦੇ ਉਦੇਸ਼ ਕਾਉਂਸਲਿੰਗ ਦੇ ਉਦੇਸ਼ ਸਪੱਸ਼ਟ ਅਤੇ ਸਥਿਤੀ ਲਈ ਢੁਕਵੇਂ ਅਤੇ ਢੁਕਵੇਂ ਹੋਣੇ ਚਾਹੀਦੇ ਹਨ। ਕਾਉਂਸਲਿੰਗ ਦੇ ਟੀਚੇ ਉਦੋਂ ਪ੍ਰਾਪਤ ਕੀਤੇ ਜਾ ਸਕਦੇ ਹਨ ਜਦੋਂ ਕਾਉਂਸਲਿੰਗ ਸੈਸ਼ਨ ਦਾ ਉਦੇਸ਼ ਸਪੱਸ਼ਟ, ਉਚਿਤ ਅਤੇ ਸਪੱਸ਼ਟ ਹੋਣਾ ਹੁੰਦਾ ਹੈ। ਵਿਦਿਆਰਥੀ ਸਲਾਹ-ਮਸ਼ਵਰਾ ਨਾ ਸਿਰਫ਼ ਵਿਦਿਆਰਥੀਆਂ ਲਈ ਬਲਕਿ ਮਾਪਿਆਂ ਅਤੇ ਸਿੱਖਿਅਕਾਂ ਲਈ ਵੀ ਸਹਾਇਤਾ ਪ੍ਰਦਾਨ ਕਰਦਾ ਹੈ। ਸਵੈ-ਸਿੱਖਿਆ ਨੂੰ ਹਰ ਬੱਚੇ ਦੇ ਦਿਮਾਗ ਵਿੱਚ ਟਵੀਕ ਕੀਤਾ ਜਾਣਾ ਚਾਹੀਦਾ ਹੈ। ਸਵੈ-ਸਿਖਲਾਈ ਵਿਦਿਆਰਥੀਆਂ ਨੂੰ ਵਧੇਰੇ ਸੁਤੰਤਰ ਬਣਾਉਂਦੀ ਹੈ। ਸਕੂਲ ਕਾਉਂਸਲਿੰਗ ਸੇਵਾ ਦਾ ਮੁਢਲਾ ਉਦੇਸ਼ ਵਿਦਿਆਰਥੀਆਂ ਵਿੱਚ ਸਵੈ-ਸਿੱਖਿਆ ਨੂੰ ਵਧਾਉਣਾ ਅਤੇ ਉਤਸ਼ਾਹਿਤ ਕਰਨਾ ਹੈ ਅਤੇ ਉਹਨਾਂ ਨੂੰ ਸਿਖਰ 'ਤੇ ਸੁਤੰਤਰ ਬਣਨ ਵਿੱਚ ਮਦਦ ਕਰਨਾ ਹੈ। ਵਿਦਿਆਰਥੀ ਸਲਾਹ-ਮਸ਼ਵਰੇ ਦਾ ਉਦੇਸ਼ ਨਾ ਸਿਰਫ਼ ਸਵੈ-ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ, ਸਗੋਂ ਯੋਜਨਾਬੰਦੀ, ਸਲਾਹ-ਮਸ਼ਵਰੇ, ਰੋਕਥਾਮ, ਸਿੱਖਿਆ ਵਰਗੇ ਮੁੱਖ ਕਾਰਜਾਂ ਨੂੰ ਸ਼ੁਰੂ ਕਰਨਾ ਹੈ।ਨ ਆਦਿ ਵਿਦਿਆਰਥੀ ਕਾਉਂਸਲਿੰਗ ਦਾ ਉਦੇਸ਼ ਜਾਣਕਾਰੀ ਪ੍ਰਾਪਤ ਕਰਨਾ ਅਤੇ ਜਾਣਕਾਰੀ ਲਈ ਲੋੜੀਂਦੇ ਸੁਝਾਅ ਦੇਣਾ ਹੈ। ਸਕੂਲ ਦੇ ਸਲਾਹਕਾਰਾਂ ਦੀ ਇੱਕ ਪੇਸ਼ੇਵਰ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਵਿਦਿਆਰਥੀ ਦੁਆਰਾ ਦਰਪੇਸ਼ ਸਮੱਸਿਆ ਦੀ ਪੜਚੋਲ ਕਰਨ ਅਤੇ ਵਿਦਿਆਰਥੀ ਅਤੇ ਉਸਦੇ ਆਲੇ ਦੁਆਲੇ ਦੇ ਪ੍ਰਭਾਵਾਂ ਦੀ ਪੜਚੋਲ ਕਰੇ। ਸਕੂਲੀ ਸਲਾਹ-ਮਸ਼ਵਰੇ ਨੂੰ ਵਿਦਿਆਰਥੀਆਂ ਨੂੰ ਸਮੱਸਿਆ ਦੀ ਮਦਦ ਦੀ ਪਛਾਣ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ, ਅਤੇ ਵਿਸ਼ਵਾਸਾਂ ਨੂੰ ਰੋਕਣ ਵਿੱਚ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ। ਸਕੂਲੀ ਸਲਾਹ-ਮਸ਼ਵਰੇ ਨਾਲ ਵਿਦਿਆਰਥੀਆਂ ਨੂੰ ਉਹਨਾਂ ਦੀ ਗੰਭੀਰਤਾ ਦੇ ਅਨੁਸਾਰ ਸਮੱਸਿਆਵਾਂ ਦੀ ਪਛਾਣ ਕਰਨ ਅਤੇ ਉਹਨਾਂ ਦੀਆਂ ਚਿੰਤਾਵਾਂ ਨੂੰ ਉਸ ਅਨੁਸਾਰ ਦਰਜਾ ਦੇਣ ਵਿੱਚ ਲਾਭ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਕਾਉਂਸਲਿੰਗ ਦੇ ਪ੍ਰਭਾਵ ਨੂੰ ਸਮਝਣ ਅਤੇ ਉਹਨਾਂ ਦੀਆਂ ਸੰਭਾਵਨਾਵਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਸੈਸ਼ਨ ਦੇ ਅੰਤ ਵਿੱਚ ਮੁਲਾਂਕਣ, ਸੰਖੇਪ ਦੀ ਯੋਜਨਾ ਬਣਾਈ ਜਾਣੀ ਚਾਹੀਦੀ ਹੈ। ਸਕੂਲ ਕਾਉਂਸਲਿੰਗ ਦੀ ਲੋੜ ਹੈ ਅਕਾਦਮਿਕ ਸਬੰਧਤ ਇੱਕ ਸਕੂਲ ਵਿੱਚ, ਵਿਦਿਆਰਥੀ ਵੱਖ-ਵੱਖ ਤਰੀਕਿਆਂ ਨਾਲ ਵੱਖ-ਵੱਖ ਹੁੰਦੇ ਹਨ। ਉਨ੍ਹਾਂ ਦੀਆਂ ਯੋਗਤਾਵਾਂ ਇਕ ਦੂਜੇ ਤੋਂ ਵੱਖਰੀਆਂ ਹਨ। ਅਕਸਰ ਅਧਿਆਪਕ ਹਰ ਬੱਚੇ ਨੂੰ ਉਸ ਦੀਆਂ ਯੋਗਤਾਵਾਂ ਦੇ ਆਧਾਰ 'ਤੇ ਵਿਅਕਤੀਗਤ ਧਿਆਨ ਦੇਣ ਦੇ ਯੋਗ ਨਹੀਂ ਹੁੰਦਾ। ਇਸ ਤਰ੍ਹਾਂ, ਘੱਟ ਵਿੱਦਿਅਕ ਯੋਗਤਾਵਾਂ ਵਾਲੇ ਬੱਚਿਆਂ ਨੂੰ ਮਦਦ ਦੀ ਲੋੜ ਹੁੰਦੀ ਹੈ। ਇੱਕ ਬੱਚੇ ਦੇ ਅਕਾਦਮਿਕ ਕਈ ਕਾਰਕਾਂ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ। ਉਦਾਹਰਨ ਲਈ, ਵਿਵਹਾਰ ਸੰਬੰਧੀ ਮੁੱਦੇ: ਜਿੱਥੇ ਬੱਚੇ ਦਾ ਵਿਵਹਾਰ ਸਿੱਧੇ ਤੌਰ 'ਤੇ ਉਸਦੇ ਅਕਾਦਮਿਕ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰਦਾ ਹੈ। ਇੱਥੇ, ਕਾਉਂਸਲਿੰਗ ਬੱਚੇ ਵਿੱਚ ਵਿਵਹਾਰ ਸੰਬੰਧੀ ਸਮੱਸਿਆਵਾਂ ਦੇ ਕਾਰਨਾਂ ਨੂੰ ਪਛਾਣਨ ਅਤੇ ਠੀਕ ਕਰਨ ਵਿੱਚ ਮਦਦ ਕਰਦੀ ਹੈ। ਕਾਉਂਸਲਿੰਗ ਵਿਵਹਾਰ ਸੰਬੰਧੀ ਮੁੱਦਿਆਂ ਦੇ ਮੂਲ ਕਾਰਨ ਨੂੰ ਲੱਭਣ ਵਿੱਚ ਵੀ ਮਦਦ ਕਰਦੀ ਹੈ।

**ਤੰਤੂ ਸੰਬੰਧੀ ਸਮੱਸਿਆਵਾਂ:** ਇੱਕ ਬੱਚਾ ਸਿੱਖਣ ਵਿੱਚ ਅਸਮਰਥਤਾਵਾਂ ਜਿਵੇਂ ਕਿ ਡਿਸਲੈਕਸੀਆ ਆਦਿ ਤੋਂ ਪੀੜਤ ਹੋ ਸਕਦਾ ਹੈ। ਇਹ ਸਥਿਤੀਆਂ ਗੈਰ-ਸਿਖਿਅਤ ਲੋਕਾਂ ਲਈ ਬਹੁਤ ਸਪੱਸ਼ਟ ਨਹੀਂ ਹੁੰਦੀਆਂ ਹਨ ਅਤੇ ਅਣਜਾਣ ਹੋ ਸਕਦੀਆਂ ਹਨ। ਅਜਿਹੀਆਂ ਸਥਿਤੀਆਂ ਨੂੰ ਵਿਵਹਾਰਕ ਤੌਰ 'ਤੇ ਗਲਤ ਸਿੱਟਾ ਕੱਢਿਆ ਜਾ ਸਕਦਾ ਹੈ ਜੋ ਬੱਚੇ ਲਈ ਬਹੁਤ ਜ਼ਿਆਦਾ ਤਣਾਅ ਦਾ ਕਾਰਨ ਬਣ ਸਕਦਾ ਹੈ। ਇੱਕ ਸਲਾਹਕਾਰ ਇਹਨਾਂ ਸਥਿਤੀਆਂ ਦੀ ਪਛਾਣ ਕਰਨ ਵਿੱਚ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਹੈ ਅਤੇ ਲੋੜ ਅਨੁਸਾਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਦਾ ਹੈ।

**ਸਰੀਰਕ ਅਯੋਗਤਾ:** ਸਰੀਰਕ ਤੌਰ 'ਤੇ ਅਪਾਹਜ ਬੱਚਿਆਂ ਨੂੰ ਵਧੇਰੇ ਮਾਤਰਾ ਵਿੱਚ ਕਾਉਂਸਲਿੰਗ ਦੀ ਲੋੜ ਹੁੰਦੀ ਹੈ। ਉਹਨਾਂ ਨੂੰ ਘੱਟ ਸਵੈ-ਮਾਣ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ ਅਤੇ ਉਹਨਾਂ ਨੂੰ ਵਧੇਰੇ ਮਦਦ ਦੀ ਲੋੜ ਹੁੰਦੀ ਹੈ। ਉਹਨਾਂ ਨੂੰ ਰੋਜ਼ਾਨਾ ਦੀਆਂ ਬੁਨਿਆਦੀ ਗਤੀਵਿਧੀਆਂ ਵਿੱਚ ਵੀ ਮਦਦ ਦੀ ਲੋੜ ਪਵੇਗੀ। ਪਰਿਵਾਰ ਨਾਲ ਸਬੰਧਤ: ਇੱਕ ਬੱਚੇ ਦਾ ਪਰਿਵਾਰ ਉਸਦੇ ਵਿਵਹਾਰ ਨੂੰ ਢਾਲਣ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਂਦਾ ਹੈ ਜੋ ਸਿੱਧੇ ਤੌਰ 'ਤੇ ਸਕੂਲ ਵਿੱਚ ਉਸਦੇ ਆਚਰਣ ਨੂੰ ਪ੍ਰਭਾਵਿਤ ਕਰਦਾ ਹੈ। ਘਰ ਦੀਆਂ ਸਮੱਸਿਆਵਾਂ ਬੱਚੇ ਨੂੰ ਤਣਾਅ ਦਿੰਦੀਆਂ ਹਨ ਅਤੇ ਇਹ ਸਿੱਧਾ ਉਸਦੇ ਅਕਾਦਮਿਕ ਪ੍ਰਦਰਸ਼ਨ 'ਤੇ ਦਿਖਾਈ ਦਿੰਦੀਆਂ ਹਨ। ਉਦਾਹਰਨ ਲਈ, ਮਾਪੇ ਤਲਾਕ ਤੋਂ ਗੁਜ਼ਰ ਰਹੇ ਹਨ, ਬੱਚੇ ਨੂੰ ਘਰ ਵਿੱਚ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੀਆਂ ਨਕਾਰਾਤਮਕ ਘਟਨਾਵਾਂ ਬੱਚਿਆਂ ਨੂੰ ਬਹੁਤ ਮਾੜਾ ਪ੍ਰਭਾਵ ਪਾ ਸਕਦੀਆਂ ਹਨ। ਇੱਕ ਸਲਾਹਕਾਰ ਅਜਿਹੇ ਮੁੱਦਿਆਂ ਦੀ ਪਛਾਣ ਕਰਨ ਵਿੱਚ ਮਦਦ ਕਰ ਸਕਦਾ ਹੈ ਅਤੇ ਲੋੜੀਂਦੀ ਮਦਦ ਪ੍ਰਦਾਨ ਕਰ ਸਕਦਾ ਹੈ। ਵਿਦਿਆਰਥੀ ਦੀ ਦੂਜਿਆਂ ਨਾਲ ਗੱਲਬਾਤ ਵੀ ਉਸ ਦੇ ਘਰ ਦੀਆਂ ਸਥਿਤੀਆਂ ਤੋਂ ਕਾਫੀ ਹੱਦ ਤੱਕ ਪ੍ਰਭਾਵਿਤ ਹੁੰਦੀ ਹੈ। ਇਹ ਜ਼ਰੂਰੀ ਹੈ ਕਿ ਘਰ ਵਿੱਚ ਇੱਕ ਅਨੁਕੂਲ ਮਾਹੌਲ ਬਣਾਈ ਰੱਖਿਆ ਜਾਵੇ ਜੋ ਬੱਚੇ ਦੀ ਪਰਵਰਿਸ਼ ਵਿੱਚ ਮਦਦ ਕਰੇਗਾ।

**ਮਨੋ-ਸਮਾਜਿਕ ਸਮੱਸਿਆਵਾਂ ਦਾ ਹੱਲ:** ਤਣਾਅ, ਇਕੱਲਤਾ, ਧੱਕੇਸ਼ਾਹੀ, ਰੈਗਿੰਗ, ਪੀਅਰ ਐਡਜਸਟਮੈਂਟ, ਮਾਤਾ-ਪਿਤਾ ਅਤੇ ਅਧਿਆਪਕ ਦਾ ਦਬਾਅ ਵਿਦਿਆਰਥੀਆਂ ਦੀਆਂ ਕੁਝ ਸੰਭਾਵਿਤ ਮਨੋ-ਸਮਾਜਿਕ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਸਕੂਲ ਦੇ ਸਲਾਹਕਾਰ ਦੁਆਰਾ ਹੱਲ ਕੀਤਾ ਜਾ ਸਕਦਾ ਹੈ। ਅਤਿਅੰਤ ਮਾਮਲਿਆਂ ਵਿੱਚ, ਸਲਾਹਕਾਰ ਵਿਦਿਆਰਥੀਆਂ ਨੂੰ ਮਨੋਵਿਗਿਆਨੀ, ਮਨੋਵਿਗਿਆਨੀ ਜਾਂ ਹੋਰ ਵਿਸ਼ੇਸ਼ ਕਰਮਚਾਰੀਆਂ ਕੋਲ ਭੇਜ ਸਕਦਾ ਹੈ।

ਮਾਪਿਆਂ ਲਈ ਸਲਾਹ: ਇੱਕ ਬਹੁਤ ਮਹੱਤਵਪੂਰਨ ਖੁਲਾਸਾ ਇਹ ਹੈ ਕਿ ਮਾਪਿਆਂ ਨੂੰ ਵੀ ਸਲਾਹ ਦੇਣ ਦੀ ਲੋੜ ਹੈ। ਵਿਦਿਆਰਥੀ ਸਲਾਹਕਾਰ ਹੇਠਾਂ ਦਿੱਤੇ ਮੁੱਦਿਆਂ 'ਤੇ ਮਾਪਿਆਂ ਨੂੰ ਸਲਾਹ ਦੇ ਸਕਦਾ ਹੈ: ਬੱਚੇ ਨੂੰ ਸਵੀਕਾਰ ਕਰਨ ਦੀ ਜ਼ਰੂਰਤ ਉਸ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੇ ਨਾਲ ਹੈ।

ਅਕਾਦਮਿਕ ਤੌਰ 'ਤੇ ਉੱਤਮ ਹੋਣ ਲਈ ਬੱਚੇ 'ਤੇ ਬੇਲੋੜੇ ਦਬਾਅ ਅਤੇ ਤਣਾਅ ਦੇ ਮਾੜੇ ਪ੍ਰਭਾਵ- ਬੱਚੇ ਦੀਆਂ ਰੁਚੀਆਂ ਅਤੇ ਯੋਗਤਾ ਅਤੇ ਉਸਦੀ ਅਨੁਕੂਲਤਾ ਅਤੇ ਕਰੀਅਰ ਦੀ ਚੋਣ ਵਿਚ ਬੱਚੇ ਦੀ ਸਿੱਖਣ ਵਿੱਚ ਅਸਮਰਥਤਾਵਾਂ, ਜੇਕਰ ਕੋਈ ਹੈਅਤੇ ਮੁਕਾਬਲਾ ਕਰਨ ਦੀਆਂ ਰਣਨੀਤੀਆਂ। ਵ।ਬੱਚੇ ਦੀਆਂ ਮਨੋ-ਸਮਾਜਿਕ ਸਮੱਸਿਆਵਾਂ, ਜੇ ਕੋਈ ਹਨ ਅਤੇ ਉਹਨਾਂ ਨਾਲ ਨਜਿੱਠਣ ਦੀਆਂ ਰਣਨੀਤੀਆਂ। ਵਿ।ਕਾਉਂਸਲਿੰਗ ਨਾਲ ਜੁੜੇ ਕਲੰਕ ਨੂੰ ਹਟਾਉਣਾ। ਅਧਿਆਪਕਾਂ ਅਤੇ ਸਕੂਲ ਸਟਾਫ ਲਈ ਕਾਉਂਸਲਿੰਗ: ਅਧਿਆਪਕਾਂ ਅਤੇ ਸਕੂਲ ਦੇ ਸਟਾਫ਼ ਨੂੰ ਵੀ ਵੱਖ-ਵੱਖ ਪਿਛੋਕੜਾਂ ਤੋਂ ਆਉਣ ਵਾਲੇ ਅਤੇ ਵਿਲੱਖਣ ਸ਼ਖ਼ਸੀਅਤਾਂ ਰੱਖਣ ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਕਾਉਂਸਲਿੰਗ ਦੀ ਲੋੜ ਹੁੰਦੀ ਹੈ। ਸਲਾਹਕਾਰ ਨੂੰ ਹੇਠ ਲਿਖੇ ਮੁੱਦਿਆਂ 'ਤੇ ਧਿਆਨ ਦੇਣਾ ਚਾਹੀਦਾ ਹੈ: ਸਰੀਰਕ ਸਜ਼ਾ ਦੀ ਵਿਅਰਥਤਾ ਦੀ ਸਮਝ- ਬੱਚੇ ਨੂੰ ਸਿਖਾਉਣ ਨੂੰ ਸਮਝਣਾ ਵਿਲੱਖਣ ਹੈ ਅਤੇ ਹਰ ਵਿਦਿਆਰਥੀ ਨੂੰ ਜਿਵੇਂ ਉਹ ਹੈ ਉਸ ਨੂੰ ਸਵੀਕਾਰ ਕਰਨਾ। ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਅਸਮਰਥਤਾਵਾਂ ਦੀ ਪਛਾਣ ਕਰਨਾ। ਬੱਚੇ ਦੀਆਂ ਮਨੋ-ਸਮਾਜਿਕ/ਅਡਜਸਟਮੈਂਟ ਸਮੱਸਿਆਵਾਂ ਦੀ ਪਛਾਣ ਕਰਨਾ। ਹਰੇਕ ਵਿਦਿਆਰਥੀ ਵਿੱਚੋਂ ਸਭ ਤੋਂ ਵਧੀਆ ਲਿਆਉਣ ਦੇ ਤਰੀਕੇ। ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਸਕੂਲ ਕਾਉਂਸਲਿੰਗ ਦਾ ਦਾਇਰਾ। ਕਾਉਂਸਲਿੰਗ ਸਕੂਲ ਕਾਉਂਸਲਿੰਗ ਫੰਕਸ਼ਨਾਂ ਵਿੱਚ ਇੱਕ ਦਖਲ ਅਤੇ ਰੋਕਥਾਮ ਸੇਵਾ ਪ੍ਰਦਾਨ ਕਰਨ ਲਈ ਵਿਅਕਤੀਗਤ, ਸਮੂਹ ਅਤੇ ਕਲਾਸ ਦਾ ਕੰਮ ਸ਼ਾਮਲ ਹੋ ਸਕਦਾ ਹੈ। ਕਾਉਂਸਲਿੰਗ ਸੇਵਾ ਦਾ ਇਰਾਦਾ ਹੈ ਭਾਵਨਾਤਮਕ, ਸਮਾਜਿਕ, ਬੌਧਿਕ, ਅਕਾਦਮਿਕ, ਕੈਰੀਅਰ, ਸਰੀਰਕ, ਸੁਰੱਖਿਆ ਅਤੇ ਸਿਹਤ ਲੋੜਾਂ ਨੂੰ ਵਿਕਾਸ ਪੱਖੋਂ ਢੁਕਵੇਂ ਢੰਗ ਨਾਲ ਜਵਾਬ ਦੇਣਾ ਨਿੱਜੀ ਵਿਲੱਖਣਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਵੈ-ਪੜਚੋਲ ਕਰਨ ਲਈ ਅਨੁਕੂਲ ਮਾਹੌਲ ਪ੍ਰਦਾਨ ਕਰੋ ਵਿਕਾਸ ਦੇ ਪੜਾਵਾਂ ਲਈ ਉਚਿਤ ਵਿਅਕਤੀਗਤ ਅਤੇ ਸਮਾਜਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਵਿਦਿਆਰਥੀਆਂ ਨੂੰ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਭਾਈਚਾਰੇ ਦੁਆਰਾ, ਸਵੈ-ਮਾਣ ਅਤੇ ਵਿਅਕਤੀਗਤ ਜ਼ਿੰਮੇਵਾਰੀ, ਅਤੇ ਫੈਸਲੇ ਲੈਣ ਅਤੇ ਸਮਾਜਿਕ ਸਬੰਧਾਂ ਵਰਗੇ ਹੁਨਰਾਂ ਵਿੱਚ ਵਿਕਾਸ ਕਰਨ ਵਿੱਚ ਮਦਦ ਕਰੋ ਵੱਖ-ਵੱਖ ਗਤੀਵਿਧੀਆਂ ਰਾਹੀਂ ਵਿਦਿਆਰਥੀ ਦੀ ਅਕਾਦਮਿਕ ਪ੍ਰਗਤੀ ਦਾ ਸਮਰਥਨ ਅਤੇ ਵਾਧਾ ਕਰਨਾ, ਜਿਸ ਵਿੱਚ ਵਿਅਕਤੀਗਤ ਮੁਲਾਂਕਣ, ਟੀਚਾ ਨਿਰਧਾਰਨ, ਅਧਿਐਨ ਦੀਆਂ ਆਦਤਾਂ ਅਤੇ ਸੰਗਠਨਾਤਮਕ ਹੁਨਰਾਂ ਵਿੱਚ ਹਿਦਾਇਤ, ਅਤੇ ਵਿਅਕਤੀਗਤ ਸਿੱਖਿਆ ਯੋਜਨਾਵਾਂ (IEPs) ਦੇ ਵਿਕਾਸ ਵਿੱਚ ਸਹਾਇਤਾ ਸ਼ਾਮਲ ਹੋ ਸਕਦੀ ਹੈ, ਜਿਸ ਵਿੱਚ ਵਿਵਹਾਰ ਦਖਲਅੰਦਾਜ਼ੀ ਯੋਜਨਾਵਾਂ (BIPs) ਸ਼ਾਮਲ ਹਨ।) ਅਤੇ ਵਿਅਕਤੀਗਤ ਪਰਿਵਰਤਨ ਯੋਜਨਾਵਾਂ (ITPs)। 2। ਰੋਕਥਾਮ ਸਕੂਲ ਦੇ ਸਲਾਹਕਾਰ ਤਿੰਨ ਤਰੀਕਿਆਂ ਨਾਲ ਵਿਦਿਆਰਥੀ ਦੀ ਸਫਲਤਾ ਦੀ ਸਹੂਲਤ ਲਈ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਵਿਕਸਤ ਅਤੇ ਲਾਗੂ ਕਰ ਸਕਦੇ ਹਨ: ਸਕੂਲ ਟੀਮ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਵਿਦਿਆਰਥੀ ਸਹਾਇਤਾ ਟੀਮ ਪ੍ਰਕਿਰਿਆ ਦੇ ਹਿੱਸੇ ਵਜੋਂ ਇੱਕ ਵਿਅਕਤੀਗਤ ਕਾਉਂਸਲਿੰਗ ਪ੍ਰਕਿਰਿਆ ਦੇ ਹਿੱਸੇ ਵਜੋਂ ਪ੍ਰਾਇਮਰੀ ਰੋਕਥਾਮ ਪੱਧਰ ਕਿਸੇ ਸਮੱਸਿਆ ਨੂੰ ਹੋਣ ਤੋਂ ਰੋਕਣ 'ਤੇ ਕੇਂਦ੍ਰਤ ਕਰਦਾ ਹੈ। ਸਕਾਰਾਤਮਕ ਸਕੂਲ ਮਾਹੌਲ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇੱਕ ਉਦਾਹਰਨ ਇੱਕ ਸੁਰੱਖਿਅਤ ਸਕੂਲ ਵਾਤਾਵਰਣ ਦੀ ਸਹੂਲਤ ਲਈ ਇੱਕ ਸਕੂਲ ਪ੍ਰੋਗਰਾਮ ਹੋ ਸਕਦਾ ਹੈ। ਰੋਕਥਾਮ ਦਾ ਸੈਕੰਡਰੀ ਪੱਧਰ ਸਮੱਸਿਆਵਾਂ ਦੇ ਸ਼ੁਰੂਆਤੀ ਸੂਚਕਾਂ 'ਤੇ ਕੇਂਦਰਿਤ ਹੈ। ਟੀਚਾ ਮਿਆਦ ਨੂੰ ਛੋਟਾ ਕਰਨ ਜਾਂ ਸਮੱਸਿਆ ਦੇ ਪ੍ਰਭਾਵ ਨੂੰ ਘਟਾਉਣ ਲਈ ਦਖਲ ਦੇਣਾ ਹੈ। ਉਦਾਹਰਨਾਂ ਵਿੱਚ ਗ੍ਰੈਜੂਏਟ ਨਾ ਹੋਣ ਦੇ ਖਤਰੇ ਵਿੱਚ ਇੱਕ ਵਿਦਿਆਰਥੀ ਨਾਲ ਦਖਲ ਦੇਣਾ, ਸਕੂਲ ਵਿੱਚ ਨਵੇਂ ਵਿਦਿਆਰਥੀਆਂ ਦੀ ਸਹਾਇਤਾ ਕਰਨਾ, ਅਤੇ ਵਿਦਿਆਰਥੀ ਨੂੰ ਸੰਘਰਸ਼ ਨਿਪਟਾਰਾ ਕਰਨ ਦੇ ਹੁਨਰਾਂ ਨੂੰ ਲਾਗੂ ਕਰਨ ਵਿੱਚ ਮਦਦ ਕਰਨਾ ਸ਼ਾਮਲ ਹੋ ਸਕਦਾ ਹੈ। ਤੀਜੇ ਦਰਜੇ ਦਾ ਪੱਧਰ ਮੌਜੂਦਾ ਗੰਭੀਰ ਸਮੱਸਿਆ ਦੇ ਤੁਰੰਤ ਨਤੀਜਿਆਂ ਨੂੰ ਘੱਟ ਕਰਨ 'ਤੇ ਕੇਂਦ੍ਰਤ ਕਰਦਾ ਹੈ। ਕਿਸੇ ਸਥਿਤੀ 'ਤੇ ਨਿਯੰਤਰਣ ਮੁੜ ਪ੍ਰਾਪਤ ਕਰਨ ਲਈ ਦਖਲ ਦੇਣ 'ਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਜੋ ਉਪਚਾਰ ਅਤੇ ਰੋਕਥਾਮ ਦੀਆਂ ਰਣਨੀਤੀਆਂ ਨੂੰ ਵਿਕਸਤ ਕੀਤਾ ਜਾ ਸਕੇ, ਲਾਗੂ ਕੀਤਾ ਜਾ ਸਕੇ ਅਤੇ ਮੁਲਾਂਕਣ ਕੀਤਾ ਜਾ ਸਕੇ। ਉਦਾਹਰਨਾਂ ਵਿੱਚ ਸਕੂਲ ਤੋਂ ਮੁਅੱਤਲੀ ਦਾ ਸਾਹਮਣਾ ਕਰ ਰਹੇ ਵਿਦਿਆਰਥੀ ਲਈ ਪਰਿਵਰਤਨਸ਼ੀਲ ਸਲਾਹ ਅਤੇ ਯੋਜਨਾਬੰਦੀ ਅਤੇ ਮੁਅੱਤਲੀ ਤੋਂ ਬਾਅਦ ਵਿਦਿਆਰਥੀ ਦਾ ਮੁੜ-ਏਕੀਕਰਨ, ਆਤਮ ਹੱਤਿਆ ਕਰਨ ਵਾਲੇ ਵਿਦਿਆਰਥੀ ਨੂੰ ਸਥਿਰ ਕਰਨਾ, ਅਤੇ ਵਿਸਫੋਟਕ ਵਿਵਹਾਰ ਦਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀ ਨੂੰ ਘੱਟ ਕਰਨਾ ਸ਼ਾਮਲ ਹੋ ਸਕਦਾ ਹੈ। ਰੋਕਥਾਮ ਅਤੇ ਰੋਕਥਾਮ ਦੀ ਯੋਜਨਾਬੰਦੀ ਦਾ ਪੂਰਾ ਖੇਤਰ ਜਟਿਲਤਾ ਜਾਂ ਗੰਭੀਰਤਾ ਦੀ ਇੱਕ ਸੀਮਾ ਦਾ ਜਵਾਬ ਦਿੰਦਾ ਹੈ। ਇਸ ਯੋਜਨਾ ਵਿੱਚ ਅਕਸਰ ਦੂਜਿਆਂ ਨਾਲ ਸਲਾਹ-ਮਸ਼ਵਰਾ ਕਰਨਾ ਅਤੇ ਸਕੂਲ ਡਿਵੀਜ਼ਨ ਦੇ ਡਾਕਟਰਾਂ ਜਾਂ ਬਾਹਰੀ ਏਜੰਸੀਆਂ ਨੂੰ ਰੈਫਰਲ ਕਰਨਾ ਸ਼ਾਮਲ ਹੁੰਦਾ ਹੈ। ਕਾਉਂਸਲਿਨ ਤੋਂ ਇਲਾਵਾਗ ਹੁਨਰ, ਰੋਕਥਾਮ ਦੀ ਯੋਜਨਾਬੰਦੀ ਵਿੱਚ ਮਦਦ ਕਰਨ ਵਾਲੇ ਸਹਾਇਕ ਵਿਸ਼ੇਸ਼ ਹੁਨਰ ਸੈਟ ਸ਼ਾਮਲ ਹੋ ਸਕਦੇ ਹਨ ਸਕੂਲ ਦੇ ਸਲਾਹਕਾਰਾਂ ਦੀਆਂ ਗਤੀਵਿਧੀਆਂ ਦੇ ਦਾਇਰੇ ਦੀਆਂ ਪੇਸ਼ੇਵਰ ਸੀਮਾਵਾਂ ਨੂੰ ਪਛਾਣਨ ਵਿੱਚ ਦੂਜਿਆਂ ਦੀ ਮਦਦ ਕਰਨਾ ਦੂਜਿਆਂ ਨੂੰ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰਨਾ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਲਈ ਵਿਸ਼ੇਸ਼

(ਬਾਕੀ ਅਗਲੇ ਸਫੇ 'ਤੇ)

# ਹਰਵਿੰਦਰ ਸਿੰਘ ਭੱਟੀ ਦਾ ਕਾਵਿ ਸੰਗ੍ਰਹਿ 'ਵੰਡਨਾਮਾ' ਰੂਹ ਦੀ ਆਵਾਜ਼




ਉਜਾਗਰ ਸਿੰਘ
91-94178 13072

1947 ਵਿੱਚ ਦੇਸ਼ ਦੀ ਹੋਈ ਵੰਡ ਸੰਬੰਧੀ ਬਹੁਤ ਸਾਰਾ ਸਾਹਿਤ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਰਚਿਆ ਜਾ ਚੁੱਕਿਆ ਹੈ। ਪੰਜਾਬੀ ਵਿੱਚ ਨਾਵਲ, ਕਹਾਣੀਆਂ ਅਤੇ ਕਵਿਤਾ ਦੀਆਂ ਪੁਸਤਕਾਂ ਵੱਡੀ ਮਾਤਰਾ ਵਿੱਚ ਮਿਲਦੀਆਂ ਹਨ। ਅੰਮ੍ਰਿਤਾ ਪ੍ਰੀਤਮ ਦੀ ਇੱਕ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ' ਨੇ ਹੀ ਹਲੂਣਕੇ ਰੱਖ ਦਿੱਤਾ ਸੀ ਪ੍ਰੰਤੂ ਹਰਵਿੰਦਰ ਸਿੰਘ ਭੱਟੀ ਦੇ ਵੰਡਨਾਮੇ ਨੇ ਤਾਂ ਹਰ ਪੰਜਾਬੀ ਦੀ ਮਾਨਸਿਕਤਾ ਨੂੰ ਕੁਰੇਦ ਕੇ ਰੱਖ ਦਿੱਤਾ ਹੈ, ਇਹ ਵੰਡਨਾਮਾ ਇੱਕ ਲੰਬੀ ਕਵਿਤਾ ਦੇ ਰੂਪ ਵਿੱਚ ਹੈ, ਪ੍ਰੰਤੂ ਇਸ ਵਿੱਚ 25 ਕਵਿਤਾਵਾਂ ਤਰਤੀਵ ਵਾਰ ਵੱਖ-ਵੱਖ ਸਥਿਤੀਆਂ ਅਤੇ ਸਮੇਂ ਅਨੁਸਾਰ ਹਨ। ਕਵਿਤਾਵਾਂ ਦੀ ਹਰ ਸਤਰ ਸੁਚੇਤ ਪੰਜਾਬੀਆਂ ਨੂੰ ਉਸ ਦੁੱਖਦਾਈ ਸਮੇਂ ਦੀ ਤਸਵੀਰ ਖਿੱਚ ਕੇ ਝੰਜੋੜ ਦਿੰਦੀ ਹੈ, ਜਿਸ ਨੇ ਅੰਗਰੇਜ਼ਾਂ ਦੀਆਂ ਚਾਲਾਂ ਦਾ ਪਰਦਾ ਫਾਸ਼ ਕਰਕੇ ਇਨਸਾਨੀਅਤ ਨੂੰ ਦਾਗ਼ਦਾਰ ਕਰਨ ਦੇ ਮਨਸੂਬੇ ਨੂੰ ਦਰਸਾਇਆ ਹੈ। ਇਹ ਵੰਡਨਾਮਾ ਸ਼ਾਹ ਮੁਹੰਮਦ ਵੱਲੋਂ ਐਂਗਲੋ ਸਿੱਖ ਵਾਰ ਬਾਰੇ ਲਿਖੇ ਜੰਗਨਾਮੇ ਦੀ ਤਰਜ 'ਤੇ ਲਿਖਿਆ ਗਿਆ ਹੈ। ਉਹ ਜੰਗਨਾਮਾ ਜੋਸ਼ ਪੈਦਾ ਕਰਦਾ ਸੀ ਪ੍ਰੰਤੂ ਇਹ ਵੰਡਨਾਮਾ ਹਿਰਦਿਆਂ ਨੂੰ ਤੜਪਣ ਲਾ ਦਿੰਦਾ ਹੈ। ਇਸ ਵੰਡ ਦਾ ਪ੍ਰਭਾਵ ਪੰਜਾਬੀਆਂ 'ਤੇ ਅਜਿਹਾ ਅਮਿਟ ਪ੍ਰਭਾਵ ਪਿਆ ਹੈ, ਜਿਹੜਾ ਕਦੀਂ ਵੀ ਭੁੱਲਿਆ ਨਹੀਂ ਜਾ ਸਕਦਾ ਤੇ ਹਮੇਸ਼ਾ ਆਪਣਿਆਂ ਦੇ ਵਿਛੋੜੇ ਅਤੇ ਖੋ ਜਾਣ ਦਾ ਸੰਤਾਪ ਦੁੱਖ ਦਿੰਦਾ ਰਹੇਗਾ। ਇਹ ਵੰਡ ਭਾਵੇਂ ਅੰਗਰੇਜ਼ਾਂ ਦਾ ਭਾਰਤੀਆਂ ਦੀ ਹਿੱਕ ਵਿੱਚ ਮਾਰਿਆ ਸਿਆਸੀ ਤੀਰ ਸੀ ਪ੍ਰੰਤੂ ਇਸ ਤੀਰ ਦੀ ਚੀਸ ਦਾ ਦੁਖ਼ਾਂਤ ਸਭ ਤੋਂ ਵੱਧ ਪੰਜਾਬੀਆਂ ਨੂੰ ਸਹਿਣਾ ਪਿਆ, ਜੋ ਏਧਰੋਂ ਧਰ ਤੇ ਧਰੋਂ ਏਧਰ ਆਏ ਸਨ। ਇੱਕ ਕਿਸਮ ਨਾਲ ਪੰਜਾਬੀਆਂ ਦੀ ਰੂਹ ਨੂੰ ਵੰਡਣ ਦੀ ਕੋਸ਼ਿਸ਼ ਸੀ। ਹੈਵਾਨੀਅਤ ਦਾ ਨੰਗਾ ਨਾਚ ਹੋਇਆ ਸੀ। ਜਿਵੇਂ ਗੁਰਬਾਣੀ ਵਿੱਚ ਆਉਂਦਾ ਹੈ 'ਕੋਈ ਹਰਿ ਬੂਟ ਰਹਿ ਰੀ' ਉਸੇ ਤਰ੍ਹਾਂ ਦੋਹਾਂ ਪਾਸਿਆਂ ਦੇ ਚੁਨਿੰਦਾ ਪੰਜਾਬੀਆਂ ਨੇ ਜ਼ਾਤ ਪਾਤ, ਧਰਮ ਅਤੇ ਨਸਲ ਤੋਂ ਉਪਰ ਉਠਕੇ ਇਕ ਦੂਜੇ ਦੀ ਬਾਂਹ ਫੜੀ ਸੀ। ਅੰਗਰੇਜ਼ਾਂ ਦਾ ਭਾਰਤ ਆ ਕੇ ਆਪਣਾ ਰਾਜ ਸਥਾਪਤ ਕਰਨ, ਉਸ ਤੋਂ ਬਾਅਦ ਦੀਆਂ ਸਿਆਸੀ ਚਾਲਾਂ, ਵੰਡ ਦੀਆਂ ਸਾਰੀਆਂ ਘਟਨਾਵਾਂ ਅਤੇ ਬਾਅਦ ਵਿੱਚ ਮੁੜ ਵਸੇਬੇ ਬਾਰੇ ਕਵਿਤਾਵਾਂ ਰਾਹੀਂ ਸਥਿਤੀਆਂ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਕਵਿਤਾਵਾਂ ਵਿੱਚ ਵੰਡ ਦਾ ਲੋਕਾਈ ਤੇ ਜਿਹੜਾ ਦੁਖਾਂਤਕ ਪ੍ਰਭਾਵ ਪਿਆ ਉਸ ਬਾਰੇ ਦਰਸਾਇਆ ਗਿਆ ਹੈ। ਇਨ੍ਹਾਂ ਕਵਿਤਾਵਾਂ ਦੀ ਇੱਕ ਖ਼ੂਬੀ ਹੈ ਕਿ ਇਹ ਸਾਰੀਆਂ ਹੀ ਪੰਜਾਬੀਆਂ ਦੇ ਦਿਲ ਤੇ ਰੂਹ ਦੀ ਆਵਾਜ਼ ਹਨ। ਭਾਵੇਂ ਹਰਵਿੰਦਰ ਸਿੰਘ ਭੱਟੀ ਦੀਆਂ ਇਹ ਕਵਿਤਾਵਾਂ ਬਜ਼ੁਰਗਾਂ ਤੋਂ ਸੁਣੀਆਂ ਅਤੇ ਇਤਿਹਾਸ ਤੋਂ ਪ੍ਰਾਪਤ ਕੀਤੀ ਜਾਣਕਾਰੀ ਤੇ ਅਧਾਰਤ ਹਨ ਪ੍ਰੰਤੂ ਇਉਂ ਲੱਗਦਾ ਹੈ ਕਿ ਜਿਵੇਂ ਇਹ ਸਾਰਾ ਕੁਝ ਸ਼ਾਇਰ ਨੇ ਅੱਖੀਂ ਵੇਖਿਆ ਹੋਵੇ। ਕਈ ਪਿੰਡਾਂ ਦੇ ਪਿੰਡ ਏਧਰੋਂ ਧਰ ਤੇ ਧਰੋਂ ਏਧਰ ਆਏ ਪ੍ਰੰਤੂ ਇਨ੍ਹਾਂ ਪਿੰਡਾਂ ਦੇ ਲੋਕ ਅਜੇ ਵੀ ਇੱਕ ਦੂਜੇ ਨੂੰ ਯਾਦ ਕਰਕੇ ਚੰਗੇ ਵਕਤਾਂ ਦੀ ਪ੍ਰਸੰਸਾ ਕਰਦੇ ਹੋਏ ਹ ਕੇ ਲੈਂਦੇ ਹਨ। ਹਰਵਿੰਦਰ ਸਿੰਘ ਭੱਟੀ ਦੇ ਆਪਣੇ ਪਿੰਡ 'ਛੋਟੀ ਹਰਿਉਂ' ਦਾ ਤੀਜਾ ਹਿੱਸਾ ਸੁੱਖੀਂ ਸਾਂਦੀਂ ਪਾਕਿਸਤਾਨ ਚਲਾ ਗਿਆ। ਉਨ੍ਹਾਂ ਦੀਆਂ ਅਜੇ ਵੀ ਸਾਂਝਾਂ ਪੀਡੀਆ ਹਨ। ਲੋਕ ਧਰਮ ਅਤੇ ਜ਼ਾਤ ਬਿਰਾਦਰੀ ਤੋਂ ਉਪਰ ਉਠਕੇ ਇਨਸਾਨੀਅਤ ਦੀ ਬਾਤ ਪਾਉਂਦੇ ਹਨ, ਜਿਨ੍ਹਾਂ ਵਿੱਚੋਂ ਮੋਹ ਮੁਹੱਬਤ ਦੀ ਮਹਿਕ ਆਉਂਦੀ ਹੈ। ਕੁਝ ਲੋਕ ਪੁਰਾਣੇ ਜ਼ਖ਼ਮਾਂ ਨੂੰ ਕੁਰੇਦਣ ਦੀ ਕੋਸ਼ਿਸ਼ ਕਰਦੇ ਹਨ। ਭੱਟੀ ਨੇ ਇਸ ਵੰਡਨਾਮਾ ਵਿੱਚ ਪੰਜਾਬ ਦੀ ਪ੍ਰਕ੍ਰਿਤੀ, ਬੋਲੀ, ਰਹਿਤਲ, ਪਹਿਰਾਵਾ ਅਤੇ ਭੂਗੋਲਿਕ ਸਥਿਤੀ ਬਾਰੇ ਲਿਖਿਆ ਹੈ ਕਿ ਪਰਮਾਤਮਾ ਨੇ ਕਿਤੇ ਜੰਗਲ, ਪਰਬਤ, ਸਮੁੰਦਰ ਬਣਾਏ, ਜਿਸ ਨਾਲ ਵਾਤਾਵਰਨ ਮਨਮੋਹਕ ਬਣ ਗਿਆ। ਪੰਜਾਬੀਆਂ ਦੀ ਫਿਤਰਤ ਬਾਰੇ ਉਨ੍ਹਾਂ ਲਿਖਿਆ ਕਿ ਉਹ ਦਰਵੇਸ਼, ਨਿਵੇਕਲੇ, ਅਣਖ਼ੀ, ਈਨ ਨਾ ਮੰਨਣ ਵਾਲੇ, ਧਰਮ ਕਰਮ ਦੇ ਪਹਿਰੇਦਾਰ, ਮਾਣ ਮੱਤੇ, ਕਿਰਤੀ, ਮੁਹੱਬਤੀ, ਮਨ ਮਰਜ਼ੀ ਦੇ ਮਾਲਕ, ਸੁਭਾਅ ਦੇ ਮਿੱਠੇ ਵੀ ਪ੍ਰੰਤੂ ਗੁਸੈਲੇ ਵੀ ਹਨ ਤੇ ਡਾਂਗ 'ਤੇ ਡੇਰਾ ਰੱਖਦੇ ਹਨ। ਸ਼ਾਇਰ ਨੇ ਲਿਖਿਆ ਹੈ ਘੁਗ ਵਸਦੇ ਪੰਜਾਬ ਵਿੱਚ ਅੰਗਰੇਜ਼ਾਂ ਨੇ ਆ ਕੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾ ਵਿੱਚ ਧਾਰਮਿਕ ਵੰਡੀਆਂ ਪਾਈਆਂ, ਬੰਦਸ਼ਾਂ ਲਗਾਈਆਂ, ਫ਼ਸਾਦ ਕਰਵਾਏ ਅਤੇ ਸ਼ਾਜ਼ਸ਼ ਤਹਿਤ ਸਕੂਲ ਆਪਣੇ ਬਣਾਏ। ਅਖ਼ੀਰ ਇਨ੍ਹਾਂ ਸਕੂਲਾਂ ਦੀ ਸਿਖਿਆ ਹੀ ਉਨ੍ਹਾਂ ਦੀਆਂ ਜੜ੍ਹਾਂ ਵਿੱਚ ਬੈਠੀ, ਜਦੋਂ ਪਰਵਾਸ ਵਿੱਚ ਜਾ ਕੇ ਪੰਜਾਬੀਆਂ ਨੇ ਗ਼ਦਰ ਲਹਿਰ ਸ਼ੁਰੂ ਕੀਤੀ। 1857 ਦਾ ਗ਼ਦਰ ਅੰਗਰੇਜ਼ਾਂ ਦੀਆਂ ਨੀਤੀਆਂ ਦੇ ਵਿਰੋਧ ਵਜੋਂ ਹੋਇਆ ਤੇ ਬਾਗ਼ੀਆਂ ਨੂੰ ਫਾਂਸੀਆਂ ਲਗਾਈਆਂ, ਵੰਡੋ ਤੇ ਰਾਜ ਕਰੋ ਦੀ ਨੀਤੀ ਅਪਣਾਈ। ਚਰਬੀ ਵਾਲੇ ਕਾਰਤੂਸਾਂ ਦੇ ਵਿਰੋਧ ਕਰਨ ਤੇ ਗਊ ਹੱਤਿਆਵਾਂ ਸ਼ੁਰੂ ਕਰਵਾਈਆਂ। ਗਊ ਹੱਤਿਆਵਾਂ ਵਿਰੁੱਧ ਨਾਮਧਾਰੀ ਲਹਿਰ ਦਾ ਆਗਮਨ ਹੋਇਆ। ਨਾਮਧਾਰੀਆਂ ਨੇ ਬੁੱਚੜ ਮਾਰ ਦਿੱਤੇ। ਅੰਗਰੇਜ਼ਾਂ ਨੇ ਨਾਮਧਾਰੀਆਂ ਨੂੰ ਮਾਲੇਰਕੋਟਲਾ ਵਿਖੇ ਤੋਪਾਂ ਨਾਲ ਉਡਾ ਦਿੱਤਾ, ਨਾ ਕੋਈ ਅਪੀਲ ਨਾ ਦਲੀਲ। ਪਹਿਲੇ ਸੰਸਾਰ ਯੁੱਧ ਸਮੇਂ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾ ਨੂੰ ਫ਼ੌਜ ਵਿੱਚ ਲੜਨ ਲਈ ਭਰਤੀ ਕਰ ਲਿਆ। ਜੰਗ ਖ਼ਤਮ ਹੋਣ ਤੇ ਅੰਗਰੇਜ਼ ਪੁਰਾਣੇ ਰੰਗ ਵਿੱਚ ਆ ਗਏ। ਭਗਤ ਸਿੰਘ ਨੂੰ ਫ਼ਾਂਸੀ ਲਗਾ ਦਿੱਤੀ ਗਈ। ਅੰਗਰੇਜ਼ਾਂ ਦੀ ਫ੍ਰਿਕਾਪ੍ਰਸਤੀ ਦੀ ਨੀਤੀ ਕਰਕੇ ਮਜ਼੍ਹਬੀ ਜਨੂਨ ਪੈਦਾ ਹੋ ਗਏ। ਮੁਸਲਮਾਨਾ ਵਿੱਚ ਡਰ ਪੈਦਾ ਹੋ ਗਿਆ। ਰਿਆਸਤਾਂ ਨੂੰ ਉਨ੍ਹਾਂ ਦੇ ਰਾਜ ਸੰਭਾਲ ਦਿੱਤੇ। ਕਾਂਗਰਸ ਵਿੱਚੋਂ ਜਿਨਹਾ ਨੂੰ ਤੋੜ ਲਿਆ। ਵੋਟਾਂ ਮਜ੍ਹਬ ਤੇ ਜ਼ਾਤ ਨਾਲ ਜੋੜ ਦਿੱਤੀਆਂ। ਦੂਜੇ ਸੰਸਾਰ ਜੰਗ ਵਿੱਚ ਅੰਗਰੇਜ਼ ਤੇ ਰੂਸ ਇਕੱਠੇ ਹੋ ਗਏ। ਮੁਸਲਮ ਲੀਗ ਅੱਗੇ ਕਰ ਲਈ। 1946 ਵਿੱਚ ਬੰਗਾਲ ਵਿੱਚ ਫਿਰਕੂ ਦੰਗੇ ਕਰਵਾ ਦਿੱਤੇ। ਨੇਤਾ ਕੁਰਸੀਆਂ ਲਈ ਲੜ ਪਏ। 47 ਵਿੱਚ ਹਿੰਦ ਹਿੰਦੂਆਂ ਅਤੇ ਪਾਕਿ ਮੁਸਲਮਾਨਾ ਦਾ ਬਣਾ ਦਿੱਤਾ। ਸਿੱਖ ਦੁਬਿਧਾ ਵਿੱਚ ਰਹੇ ਅਖੀਰ ਭਾਰਤ ਵਿੱਚ ਰਹਿਣਾ ਮਾਸਟਰ ਤਾਰਾ ਸਿੰਘ ਮੰਨ ਗਏ। ਫ਼ਿਰਕਾ ਪ੍ਰਸਤੀ ਭਾਰੂ ਹੋ ਗਈ, ਪਹਿਲਾਂ ਪੋਠੋਹਾਰ ਤੇ ਫਿਰ ਪੰਜਾਬ ਵਿੱਚ ਵੱਢ ਟੁੱਕ ਸ਼ੁਰੂ ਹੋ ਗਈ। ਧੀਆਂ ਭੈਣਾ ਦੀ ਇੱਜ਼ਤ ਮਿੱਟੀ ਵਿੱਚ ਰੁਲਣ ਲੱਗੀ। ਆਪਣੀ ਇੱਜ਼ਤ ਬਚਾਉਂਦੀਆਂ ਕੁਝ ਖੂਹਾਂ ਵਿੱਚ ਛਾਲਾਂ ਮਾਰ ਗਈਆਂ। ਬੇਗਾਨਗੀ ਦਾ ਅਹਿਸਾਸ ਹੋ ਗਿਆ। ਥੋੜ੍ਹਾ ਬਹੁਤਾ ਸਾਮਾਨ ਲੈਕੇ ਲੋਕ ਤੁਰ ਪਏ, ਖਾਨਾਬਦੋਸ਼ ਬਣ ਗਏ। ਜਿਹੜੇ ਬਾਰ ਦੇ ਜੰਗਲ ਕੱਟ ਕੇ ਵਾਹੀ ਯੋਗ ਜ਼ਮੀਨ ਬਣਾਈ ਸੀ, ਛੱਡ ਕੇ ਖਾਲ੍ਹੀ ਹੱਥ ਆ ਗਏ।

ਧਰ ਗੁਰਦੁਆਰਿਆਂ ਵਿੱਚ ਲੁਕਣਾ ਪਿਆ ਤੇ ਏਧਰ ਕੈਂਪਾਂ ਵਿੱਚ ਰੁਲਦੇ ਰਹੇ। ਬੁਰਛਾਗਰਦੀ ਨੇ ਬੱਚੇ, ਬਜ਼ੁਰਗ ਅਤੇ ਔਰਤਾਂ ਨੂੰ ਵੀ ਬਖ਼ਸ਼ਿਆ ਨਹੀਂ। ਲਾਸ਼ਾਂ ਰੁਲਦੀਆਂ ਰਹੀਆਂ। ਬੰਦੇ ਹੈਵਾਨ ਹੋ ਗਏ, ਔਰਤਾਂ ਦੀ ਦੁਰਗਤੀ ਹੁੰਦੀ ਰਹੀ। ਬੀਮਾਰੀਆਂ ਫ਼ੈਲ ਗਈਆਂ, ਕਈ ਰਸਤਿਆਂ ਵਿੱਚ ਦਮ ਤੋੜ ਗਏ। ਪੰਜਾਂ ਦਰਿਆਵਾਂ ਦੇ ਦੇਸ਼ ਜਿਥੇ ਕੰਜਕਾਂ ਪੂਜੀਆਂ ਜਾਂਦੀਆਂ ਸਨ, ਉਥੇ ਕਹਿਰ ਵਰਤਿਆ। ਕੁਝ ਕੁ ਨੇ ਧਰਮ ਬਦਲ ਲਏ। ਨੇਕੀ ਤੇ ਬਦੀ ਦੇ ਰਿਕਾਰਡ ਟੁੱਟ ਗਏ। ਚੋਰਾਂ ਤੇ ਠੱਗਾਂ ਦਾ ਬੋਲਬਾਲਾ ਰਿਹਾ। ਫਸਾਦ ਵੱਧ ਗਏ, ਨੇਤਾਵਾਂ ਨੇ ਬਲਦੀ 'ਤੇ ਤੇਲ ਪਾਏ। ਅਣਗਿਣਤ ਲੋਕ ਮਾਰੇ ਤੇ ਉਜੜ ਗਏ। ਖ਼ੂਨ ਦੇ ਦਾਗ਼ ਬਰਸਾਤਾਂ ਨੇ ਧੋਏ। ਚੰਗੇ ਭਲੇ ਜੀਵਨ ਬਸਰ ਕਰਦੇ ਰਿਫਿਊਜੀ ਕੈਂਪਾਂ ਜੋਗੇ ਰਹਿ ਗਏ। ਮਹਿੰਦਰ ਸਿੰਘ ਰੰਧਾਵਾ ਰੀਫਿਊਜੀਆਂ ਦੇ ਮੁੜ ਵਸੇਬੇ ਲਈ ਫਰਿਸ਼ਤਾ ਬਣਕੇ ਆਏ। ਰਿਫ਼ਿਊਜੀਆਂ ਨੇ ਸ਼ਹਿਰਾਂ ਵਿੱਚ ਹੱਟੀਆਂ ਪਾਈਆਂ ਤਾਂ ਸਥਾਨਕ ਦੁਕਾਨਦਾਰਾਂ ਨੇ ਗੁੱਸਾ ਕੀਤਾ। ਸਿੱਖ ਸਟੇਟ ਦੀ ਦੱਬਵੀਂ ਆਵਾਜ਼ ਆਉਂਦੀ ਰਹੀ। ਪੂਰਵ ਵਿੱਚ ਲੋਕ ਮੁੜ ਵਿਰਾਸਤ ਦੀ ਸਾਂਝ ਹੋਣ ਕਰਕੇ ਇਨਸਾਨੀਅਤ ਦੀ ਹਵਾ ਆਉਣ ਲੱਗੀ। ਏਕਮਕਾਰ ਤੋਂ ਦੂਰ ਹੋ ਕੇ ਦੁੱਖ ਭੋਗਿਆ। ਨਫਰਤ ਪਰ ਲਾ ਕੇ ਉਡ ਗਈ। ਆਪਣੇ ਆਪ ਨੂੰ ਸੁਧਾਰਨ ਲਈ ਆਤਮ ਗਿਆਨ ਜ਼ਰੂਰੀ ਹੈ। ਰੂਹਾਂ ਦਾ ਮੇਲ ਹੋ ਗਿਆ। ਵੰਡਨਾਮਾ ਦਾ ਪਹਿਲਾ ਐਡੀਸ਼ਨ 2015 ਵਿੱਚ ਛਪਿਆ ਸੀ। ਆਉਣ ਵਾਲੀ ਪੀੜ੍ਹੀ ਲਈ ਇਹ ਵੰਡਨਾਮਾ ਉਨ੍ਹਾਂ ਨੂੰ ਆਪਣੀ ਵਿਰਾਸਤ ਦੀ ਦੁੱਖਦਾਈ ਤਸਵੀਰ ਵਿਖਾਉਣ ਵਿੱਚ ਸਹਾਈ ਹੋਵੇਗਾ ਤੇ ਪ੍ਰੇਰਨਾ ਦੇਵੇਗਾ ਕਿ ਪੰਜਾਬੀ ਹਰ ਸਥਿਤੀ ਦਾ ਸਾਹਮਣਾ ਕਰਨ ਸਮੇਂ ਦਲੇਰੀ ਅਤੇ ਬਹਾਦਰੀ ਨਾਲ ਮੁਕਾਬਲੇ ਕਰਕੇ ਸਫਲਤਾ ਪ੍ਰਾਪਤ ਕਰਦੇ ਹਨ।

ਉਸ ਵਕਤ ਦੀਆਂ ਘਟਨਾਵਾਂ ਦੀਆਂ ਤਸਵੀਰਾਂ ਦੇ ਕੇ ਘਟਨਾਵਾਂ ਦੀ ਸਾਰਥਿਕਤਾ ਬਣਾਈ ਗਈ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬੀ ਦੇ ਨਾਲ ਹੀ ਅੰਗਰੇਜ਼ੀ ਅਨੁਵਾਦ ਪ੍ਰਕਾਸ਼ਤ ਕੀਤਾ ਗਿਆ ਹੈ, ਜਿਸਦੀ ਅਤਿਅੰਤ ਲੋੜ ਹੈ ਕਿਉਂਕਿ ਬਹੁਤੀ ਮਾਤਰਾ ਵਿੱਚ ਨਵੀਂ ਪੀੜ੍ਹੀ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਕਰ ਰਹੀ ਹੈ। ਅੰਗਰੇਜ਼ ਵਿੱਚ ਬਾਕਮਾਲ ਅਨੁਵਾਦ ਡਾ। ਕਮੂਲ ਅਬੀ ਨੇ ਕੀਤਾ ਹੈ, ਉਹ ਵਧਾਈ ਦੇ ਪਾਤਰ ਹਨ।

123 ਪੰਨਿਆਂ ਤੇ 695 ਰੁਪਏ ਕੀਮਤ ਵਾਲਾ ਸੁਚਿਤਰ ਕਾਵਿ ਸੰਗ੍ਰਹਿ ਯੂਨੀਸਟਾਰ ਬੁਕਸ ਮੋਹਾਲੀ ਨੇ ਪ੍ਰਕਾਸ਼ਤ ਕੀਤਾ ਹੈ।






Dr Harvinder Singh Bhatti, retired as Professor from Department of Sociology, P. U. Patiala. His Areas of interest include Punjabi Culture, Religion and Spirituality.

ਵੰਡਨਾਮਾ ਨਵੇਂ ਗੁਰਮੁਖੀ ਤੇ ਸ਼ਾਹਮੁਖੀ ਰੂਪ ਵਿੱਚ ਆਪਦੇ ਸਨਮੁਖ ਹੈ। ਇਹ ਦੇਸ਼ ਅਤੇ ਪੰਜਾਬ ਦੀ ਵੰਡ ਦੇ ਦਰਦ ਦਾ ਦਸਤਾਵੇਜ਼ ਹੈ। ਵੰਡ ਜਿਸਨੇ ਬਾਹਰ ਧਰਤੀ, ਅਸਮਾਨ, ਪੌਣ-ਪਾਣੀ ਤੇ ਅੰਦਰ ਦਿਲਾਂ, ਮਨਾਂ ਤੇ ਰੂਹਾਂ ਵਿੱਚ ਵੰਡ ਪਾਈ, ਬੜੀ ਬੇਤਰਸ, ਬੇਵਕਤ ਤੇ ਬੇਲੋੜੀ ਸੀ। ਇਹਦਾ ਜ਼ਖ਼ਮ ਤੇ ਦਰਦ ਬਹੁਤ ਗਹਿਰਾ ਸਾਡੇ ਸਭ ਦੇ ਅੰਦਰ ਹੈ। ਸਬੱਬ ਨਾਲ ਇਹ ਮੇਰੇ ਰਾਹੀਂ ਸ਼ਬਦਾਂ ਦੇ ਰੂਪ ਵਿੱਚ ਉਤਰ ਆਇਆ ਹੈ।

ਇਨਸਾਨੀ ਮਨ, ਨੇਹਰ ਤੇ ਨੂਰ ਵਿੱਚ ਆਦਿ ਕਾਲ ਤੋਂ ਵੰਡਿਆ ਰਿਹਾ ਹੈ। ਇਹ ਵੰਡ ਖੁਦੀ ਤੇ ਖੁਦਾ ਦੀ ਹੈ। ਇਹ ਬੰਦਿਆਂ ਦੀ, ਕੌਮਾਂ ਦੀ, ਧਰਮਾਂ ਦੀ, ਦੇਸ਼ਾਂ ਦੀ ਸ਼ਕਲ ਧਾਰਕੇ ਖੁਦ ਤੇ ਖੁਦਾ ਨੂੰ ਵੰਡ ਲੈਂਦੀ ਹੈ। ਪਰ ਇਹ ਵੀ ਸੱਚ ਹੈ ਕਿ ਨਫਰਤ ਦੀ ਮੁਹੱਬਤ ਨਾਲੋਂ, ਜੰਗ ਦੀ ਅਮਨ ਨਾਲੋਂ ਤੇ ਵੰਡ ਦੀ ਏਕਤਾ ਨਾਲੋਂ, ਹਮੇਸ਼ਾ ਉਮਰ ਛੋਟੀ ਹੁੰਦੀ ਹੈ, ਬਸ਼ਰਤੇ ਕਿ ਅਸੀਂ ਮੁਹੱਬਤ, ਅਮਨ ਤੇ ਏਕਤਾ ਨੂੰ ਦਿਲ 'ਚ ਵਸਾਈ ਰੱਖੀਏ।

ਮਨਾਂ ਨੂੰ ਵੰਡਣ ਵਾਲੇ ਨੇਹਰ ਨੂੰ ਆਪਣੇ ਰੂਹਾਨੀ ਨੂਰ ਦੇ ਰੂਬਰੂ ਕਰਨਾ ਬਹੁਤ ਜ਼ਰੂਰੀ ਹੈ। ਆਪਜੀ ਦੇ ਸਨਮੁਖ ਜੋ ਹੈ ਇਸਤਰਾਂ ਦੀ ਇੱਕ ਨਿਮਾਣੀ ਕੋਸ਼ਿਸ਼ ਹੈ।

# ਸਕੂਲ ਕਾਉਂਸਲਿੰਗ ਦੀ ਲੋੜ ਅਤੇ ਸਕੋਪ

(ਸਫਾ 28 ਦੀ ਬਾਕੀ)

ਗਿਆਨ ਅਤੇ ਹੁਨਰ ਰੋਕਥਾਮ ਦਾ ਮੁੱਖ ਫੋਕਸ ਸੁਰੱਖਿਅਤ, ਦੇਖਭਾਲ ਕਰਨ ਵਾਲੇ, ਪ੍ਰਭਾਵਸ਼ਾਲੀ ਸਕੂਲੀ ਵਾਤਾਵਰਨ ਨਾਲ ਸਬੰਧਤ ਹੈ। ਇਸ ਫੋਕਸ ਨਾਲ ਸਬੰਧਤ ਖੇਤਰ ਸ਼ਾਮਲ ਹਨ ਕਲਾਸਰੂਮ ਪ੍ਰੋਫਾਈਲ ਅਤੇ ਵਿਭਿੰਨ ਹਦਾਇਤਾਂ ਪੂਰਵ-ਪ੍ਰਾਇਮਰੀ, ਪ੍ਰਾਇਮਰੀ, ਅਤੇ ਸੈਕੰਡਰੀ ਸਕੂਲਿੰਗ ਵਿਚਕਾਰ ਪ੍ਰਭਾਵਸ਼ਾਲੀ ਪਰਿਵਰਤਨ ਯੋਜਨਾ ਸੁਰੱਖਿਅਤ ਸਕੂਲਾਂ ਦੀਆਂ ਪਹਿਲਕਦਮੀਆਂ, ਬੁਲਿੰਗ ਜਾਗਰੂਕਤਾ ਪ੍ਰੋਗਰਾਮਿੰਗ ਸਮੇਤ, ਸਕਾਰਾਤਮਕ ਵਿਵਹਾਰ ਪ੍ਰਣਾਲੀਆਂ, ਆਚਾਰ ਸੰਹਿਤਾ, ਅਤੇ ਸੰਕਟਕਾਲੀਨ ਤਿਆਰੀ ਦੀ ਯੋਜਨਾਬੰਦੀ ਸਕੂਲ ਭਾਈਚਾਰੇ ਦੇ ਸਾਰੇ ਪਹਿਲੂਆਂ ਵਿੱਚ ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ 3। ਮਾਰਗਦਰਸ਼ਨ ਸਿੱਖਿਆ ਸਕੂਲ ਦੇ ਸਲਾਹਕਾਰ ਵਿਦਿਆਰਥੀਆਂ ਨੂੰ ਪੀਅਰ ਦੀ ਮਦਦ, ਟਕਰਾਅ ਦਾ ਹੱਲ, ਸਮਾਜਿਕ ਹੁਨਰ, ਕਰੀਅਰ ਦੀ ਖੋਜ, ਅਤੇ ਸਿਹਤਮੰਦ ਜੀਵਨ ਸ਼ੈਲੀ ਦੀਆਂ ਚੋਣਾਂ ਵਰਗੇ ਖੇਤਰਾਂ ਵਿੱਚ ਸਿੱਧੀ ਹਿਦਾਇਤ ਪ੍ਰਦਾਨ ਕਰ ਸਕਦੇ ਹਨ। ਨਾਲ ਹੀ, ਸਕੂਲ ਦੇ ਸਲਾਹਕਾਰ ਨਿੱਜੀ ਯੋਜਨਾਬੰਦੀ ਨੂੰ ਲਾਗੂ ਕਰਨ, ਸਕਾਰਾਤਮਕ ਸਕੂਲੀ ਮਾਹੌਲ ਨੂੰ ਉਤਸ਼ਾਹਿਤ ਕਰਨ, ਅਤੇ ਵਿਦਿਆਰਥੀਆਂ ਦੀ ਭਾਵਨਾਤਮਕ/ਸਮਾਜਿਕ ਤੰਦਰੁਸਤੀ ਨੂੰ ਵਧਾਉਣ ਵਿੱਚ ਦੂਜੇ ਸਿੱਖਿਅਕਾਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ। ਸਕੂਲ ਦੇ ਸਲਾਹਕਾਰਾਂ ਦੀ ਵਿਦਿਅਕ ਭੂਮਿਕਾ ਵਿੱਚ ਇਹ ਵੀ ਸ਼ਾਮਲ ਹੋ ਸਕਦੇ ਹਨ: ਵਿਦਿਆਰਥੀਆਂ, ਮਾਪਿਆਂ, ਵਿਦਿਅਕ ਭਾਈਚਾਰੇ ਅਤੇ ਹੋਰ ਪੇਸ਼ੇਵਰਾਂ ਨੂੰ ਜਾਣਕਾਰੀ ਦਾ ਪ੍ਰਸਾਰ ਕਰਨਾ ਪੇਸ਼ੇਵਰ ਸਿਖਲਾਈ ਅਤੇ ਪਾਠਕ੍ਰਮ ਡਿਲੀਵਰੀ ਲਈ ਇੱਕ ਸਰੋਤ ਵਜੋਂ ਕੰਮ ਕਰਨਾ, ਖਾਸ ਤੌਰ 'ਤੇ ਮਾਨਸਿਕ ਸਿਹਤ, ਨਿੱਜੀ ਸੁਰੱਖਿਆ, ਅਤੇ ਸੰਵੇਦਨਸ਼ੀਲ ਮੁੱਦਿਆਂ ਨਾਲ ਸਬੰਧਤ ਖੇਤਰਾਂ ਵਿੱਚ ਸਕੂਲ ਅਤੇ/ਜਾਂ ਕਮਿਊਨਿਟੀ ਗਰੁੱਪਾਂ ਵਿੱਚ ਜਨਤਕ ਤੌਰ 'ਤੇ ਬੋਲਣਾ ਪੇਸ਼ੇਵਰ ਸਿਖਲਾਈ ਵਿੱਚ ਹਿੱਸਾ ਲੈਣਾ ਤਾਲਮੇਲ ਸਕੂਲ ਦੇ ਸਲਾਹਕਾਰ ਵਿਦਿਆਰਥੀਆਂ, ਹੋਰ ਸਿੱਖਿਅਕਾਂ, ਸਕੂਲ-ਅਧਾਰਤ ਵਿਦਿਆਰਥੀ ਸੇਵਾਵਾਂ ਟੀਮ, ਮਾਪਿਆਂ, ਅਤੇ ਹੋਰ ਭਾਈਚਾਰਕ ਏਜੰਸੀਆਂ ਅਤੇ ਬਾਹਰੀ ਪੇਸ਼ੇਵਰਾਂ ਦੇ ਨਾਲ ਭਾਵਨਾਤਮਕ, ਬੌਧਿਕ, ਸਮਾਜਿਕ, ਅਕਾਦਮਿਕ, ਅਤੇ ਕਰੀਅਰ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਟੀਚਿਆਂ ਅਤੇ ਪ੍ਰਭਾਵਸ਼ਾਲੀ ਰਣਨੀਤੀਆਂ ਦੀ ਯੋਜਨਾ ਬਣਾਉਣ ਵਿੱਚ ਸਹਿਯੋਗੀ ਤੌਰ 'ਤੇ ਸਲਾਹ ਅਤੇ ਯੋਜਨਾ ਬਣਾਉਂਦੇ ਹਨ। ਵਿਦਿਆਰਥੀ। ਸਲਾਹ-ਮਸ਼ਵਰਾ ਵਿਦਿਆਰਥੀਆਂ ਦੀਆਂ ਵਿਅਕਤੀਗਤ ਲੋੜਾਂ 'ਤੇ ਜਾਂ ਸਕੂਲ, ਵੰਡ, ਜਾਂ ਕਮਿਊਨਿਟੀ ਪ੍ਰੋਗਰਾਮਾਂ ਜਾਂ ਸੇਵਾਵਾਂ 'ਤੇ ਕੇਂਦ੍ਰਿਤ ਹੋ ਸਕਦਾ ਹੈ। ਮਾਪਿਆਂ ਅਤੇ ਅਧਿਆਪਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੀਟਿੰਗਾਂ ਅਤੇ ਸੈਸ਼ਨਾਂ ਦਾ ਵੀ ਪ੍ਰਬੰਧ ਕੀਤਾ ਜਾ ਸਕਦਾ ਹੈ। ਸਕੂਲਾਂ ਵਿੱਚ ਸਲਾਹਕਾਰ ਵੀ ਭਾਈਚਾਰੇ ਦੇ ਨਾਲ ਕੰਮ ਕਰਦੇ ਹਨ। ਸਕੂਲ ਮਾਰਗਦਰਸ਼ਨ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਸਕੂਲ ਭਾਈਚਾਰੇ ਵਿੱਚ ਜਾਗਰੂਕਤਾ ਫੈਲਾਉਣਾ ਸਕੂਲ ਦੇ ਸਲਾਹਕਾਰ ਦੀ ਇੱਕ ਮਹੱਤਵਪੂਰਣ ਭੂਮਿਕਾ ਹੈ। ਵਿਦਿਆਰਥੀਆਂ ਲਈ ਮੌਕਿਆਂ ਨੂੰ ਵਧਾਉਣ ਲਈ ਕਮਿਊਨਿਟੀ ਸਰੋਤ ਵਿਅਕਤੀਆਂ ਦੇ ਨਾਲ ਮਿਲ ਕੇ ਕੰਮ ਕਰਨਾ ਅਤੇ ਕਮਿਊਨਿਟੀ ਏਜੰਸੀਆਂ ਨੂੰ ਉਚਿਤ ਰੈਫਰਲ ਬਣਾਉਣਾ ਵਿਦਿਆਰਥੀਆਂ ਨੂੰ ਜੀਵਨ ਭਰ ਸਿੱਖਣ, ਤਬਦੀਲੀਆਂ, ਢੁਕਵੀਂ ਦੇਖਭਾਲ ਅਤੇ ਇਲਾਜ, ਅਤੇ ਸਫਲਤਾ ਵਿੱਚ ਸਹਾਇਤਾ ਕਰਦਾ ਹੈ।

ਸਿੱਟਾ ਭਾਰਤ ਵਿੱਚ ਸਕੂਲ ਕੌਂਸਲਿੰਗ ਦਾ ਖੇਤਰ ਇੱਥੇ ਰਹਿਣ ਲਈ ਹੈ। ਹਾਲਾਂਕਿ ਅਜੇ ਵੀ ਬਚਪਨ ਵਿੱਚ ਹੈ, ਇਸ ਵਿੱਚ ਵਿਕਾਸ ਦੀ ਬਹੁਤ ਸੰਭਾਵਨਾ ਹੈ। ਇਹ ਵਿਸ਼ਵੀਕਰਨ ਦੇ ਨਾਲ ਵਿਦਿਆਰਥੀ ਭਾਈਚਾਰੇ ਦੀਆਂ ਉਭਰਦੀਆਂ ਲੋੜਾਂ ਨੂੰ ਪੂਰਾ ਕਰ ਸਕਦਾ ਹੈ, ਪਰਿਵਾਰਕ ਢਾਂਚੇ ਵਿੱਚ ਭਾਰੀ ਤਬਦੀਲੀਆਂ, ਸਮਾਜਿਕ ਕਦਰਾਂ-ਕੀਮਤਾਂ ਨੂੰ ਬਦਲਦਾ ਹੈ ਜਿਸ ਨਾਲ ਵਿਦਿਆਰਥੀਆਂ 'ਤੇ ਬਹੁਤ ਜ਼ਿਆਦਾ ਤਣਾਅ ਅਤੇ ਤਣਾਅ ਪੈਦਾ ਹੁੰਦਾ ਹੈ। ਵਿਦਿਆਰਥੀਆਂ ਦੀਆਂ ਵੱਧ ਰਹੀਆਂ ਮਨੋ-ਸਮਾਜਿਕ ਸਮੱਸਿਆਵਾਂ ਨੂੰ ਰੋਕਣ ਅਤੇ ਉਨ੍ਹਾਂ ਦਾ ਇਲਾਜ ਕਰਨ ਅਤੇ ਵਿਦਿਆਰਥੀਆਂ ਨੂੰ ਸੰਪੂਰਨ ਵਿਕਾਸ ਪ੍ਰਦਾਨ ਕਰਨ ਲਈ ਸਕੂਲ ਕਾਉਂਸਲਰ ਦੇ ਵਿਸ਼ੇਸ਼ ਹੁਨਰ ਨੂੰ ਵਰਤਣ ਦੀ ਲੋੜ ਹੈ।

# ਦੋ ਗ਼ਜ਼ਲਾਂ

ਸਮਝਾਇਆਂ ਜਿਹੜੇ ਸਮਝੇ ਉਹ ਪਾਰ ਗਏ।
ਬਾਕੀ ਸਾਰੇ ਪਾਣੀ ਦੇ ਵਿਚਕਾਰ ਗਏ।
ਨੇਰ੍ਹੀ ਨਾਲ ਯਾਰਾਨੇ ਪਾ ਕੇ ਵੇਖ ਲਿਆ,
ਤਿਣਕਾ-ਤਿਣਕਾ ਕਰਕੇ ਸਭ ਗੁਲਜ਼ਾਰ ਗਏ।
ਲੱਖਾਂ ਸੱਪ ਸਪੋਲੀਏ ਉਭਰ ਆਏ ਨੇ,
ਤਿਉੜੀ ਵਾਲੀ ਵਰਮੀ ਵਿਚ ਇਕਰਾਰ ਗਏ।
ਦੁੱਖ ਦਾ ਤੂਫ਼ਾਂ ਅੰਬਰ ਤਕ ਨੂੰ ਛੂਹ ਚੁੱਕਾ,
ਪਹਿਲਾਂ ਦੁਸ਼ਮਣ, ਸੱਜਣ ਫਿਰ ਦਿਲਦਾਰ ਗਏ।
ਪਤਝੜ ਜੋਬਨ ਉਤੇ ਆ ਕੇ ਮੁਸਕਾਈ,
ਫੁੱਲ ਤੇ ਪੱਤੇ ਸੁੱਕੇ ਫਿਰ ਕਚਨਾਰ ਗਏ।
ਸ਼ਿਖ਼ਰ ਦੁਪਹਿਰਾਂ ਏਦਾਂ ਡੋਲੀ ਲੁੱਟੀ ਹੈ,
ਤੜਕ ਸਵੇਰੇ ਦੇ ਘੁੰਢ 'ਚੋਂ ਦੀਦਾਰ ਗਏ।
ਪੈਰੀਂਪੈਣਾਂ, ਸਿਰ ਤੋਂ ਚੁੰਨੀ, ਸ਼ਰਮ ਹਯਾ,
ਵਿਦਿਆ ਦੀ ਅਗਵਾਈ ਵਿਚ ਸਤਿਕਾਰ ਗਏ।
ਰਾਤ ਗਈ ਤਾਂ ਦਿਨ ਦੇ ਸੋਹਣੇ ਆਂਚਲ ਵਿਚ,
ਖ਼ਾਬਾਂ ਵਾਲੇ ਸਭ ਸੁੰਦਰ ਸੰਸਾਰ ਗਏ।
ਭੂੰ ਮੰਡਲੀਕਰਣ 'ਚ ਕੀ ਦੱਸਾ ਨਾ ਦੱਸਾਂ,
ਸ਼ਿਸ਼ਟਾਚਾਰ, ਚਰਿੱਤਰ, ਸਭਿਆਚਾਰ ਗਏ।
ਸ਼ਾਦੀ ਦਾ ਤਿਉਹਾਰ ਮਨਾਇਆ ਜਸ਼ਨਾਂ ਨਾਲ,
ਮਾਪਿਆਂ ਕੋਲੋਂ ਬੱਚਿਆਂ ਵਾਲੇ ਪਿਆਰ ਗਏ।
ਬਾਲਮ ਮਾਇਆ ਜਾਲ 'ਚ ਰਿਸ਼ਤੇ ਟੁਟ ਰਹੇ,
ਬੰਦੇ ਵਿੱਚੋਂ ਬੰਦੇ ਦੇ ਕਿਰਦਾਰ ਗਏ।

ਹੋਵਣਗੇ ਤੇਰੇ ਕੋਲ ਬਹੁਤ ਮਹਿਲ ਮੁਨਾਰੇ ਸ਼ੁਹਰਤ।
ਪਰ ਤੇਰੀ ਕਰਤੂਤ 'ਚ ਵੇਖੀ ਭੁੱਖ ਜ਼ਲਾਲਤ ਗ਼ੁਰਬਤ।
ਏਸੇ ਕਰਕੇ ਹਰ ਟਹਿਣੀਂ ਨਾਲ ਬਦਬੂ ਦੇ ਫੁਲ ਖਿੜ੍ਹਦੇ,
ਤੂੰ ਤੇ ਗੁਲਸ਼ਨ ਦੀ ਧਰਤੀ ਵਿਚ ਬੀਜੀ ਸਾਰੀ ਨਫ਼ਰਤ।
ਜਿਸ ਨੂੰ ਵੀਂ ਤੂੰ ਡੰਗ ਲਵੇਂ ਉਹ ਨਾ ਪਾਣੀ ਮੰਗੇ,
ਠੂੰਏਂ ਨਾਲੋਂ ਵੀ ਮਾੜੀ ਹੈ ਜੀਭ ਤਿਰੀ ਦੀ ਆਦਤ
ਸੁੱਕੇ ਦਰਿਆ ਨੂੰ ਵੀ ਬੱਦਲਾਂ ਅੱਗੇ ਝੁਕਣਾ ਪੈਂਦਾ,
ਕੀਕੀ ਫਿਰ ਕਰਵਾ ਦਿੰਦੀ ਹੈ ਸਮਿਆਂ ਨਾਲ ਜ਼ਰੂਰਤ।
ਸ਼ਬਨਮ ਦਾ ਨਾਂ ਐਵੇਂ ਹੀ ਬਦਨਾਮ ਕਰੇਗੀ ਵੇਖੀਂ,
ਕਿਰਣ ਸਵੇਰੇ ਛੂਹ ਕੇ ਕਰਦੀ ਇਸ ਦੇ ਨਾਲ ਸ਼ਰਾਰਤ।
ਆਚਾਰ ਅਤੇ ਸਤਿਕਾਰ 'ਚ ਬੰਦਾ ਪਰਖ ਲਿਆ ਜਾਂਦਾ,
ਜੇ ਸ਼ਬਦਾਂ ਵਿੱਚ ਘੁਲੀ ਹੋਵੇ ਖੁੰਦਕਦਾਰ ਕਿਆਮਤ।
ਰਹਿੰਦੀ ਦੁਨੀਆਂ ਤਕ ਚਮਕਣ ਬਣ ਕੇ ਫਿਰ ਚੰਨ ਸਿਤਾਰੇ,
ਪਾ ਜਾਂਦੇ ਨੇ ਦੇਸ਼ ਦੀ ਖ਼ਾਤਿਰ ਜਿਹੜੇ ਲੋਕ ਸ਼ਹਾਦਤ।
ਝੂਠ ਫਰੇਬ 'ਚ ਹਰ ਇਕ ਬੰਦਾ ਡੁੱਬਾ ਹੋਇਆ ਤੱਕਿਆ,
ਬਸ ਤੇਰੇ ਦਰਬਾਰ 'ਚ ਵੇਖੀ ਆਪਾਂ ਖ਼ੂਬ ਸਿਆਸਤ।
ਉਥੇ ਤੇਰੀਆਂ ਯਾਦਾਂ ਦਾ ਪਰਛਾਵਾਂ ਨਜ਼ਰੀ ਆਉਂਦਾ,
ਦਰਿਆ ਕੰਢੇ ਦਿਸਦਾ ਹੈ ਜੋ ਉਚਾ ਸਾਰਾ ਪਰਬਤ।
ਵੇਖ ਸਿਤਾਰਾ ਅੰਬਰ ਵਿਚੋਂ ਟੁਟ ਕੇ ਔਹ ਗਿਆ ਈ,
ਪਲ ਛਿਣ ਵਿਚ ਹੀ ਗੁੰਮ ਹੋ ਜਾਂਦੀ ਅੰਬਰ ਵਿਚਲੀ ਸ਼ੁਹਰਤ।
ਬਾਲਮ ਨੇ ਤਾਂ ਗ਼ਜ਼ਲਾਂ ਵਾਲੇ ਐਸੇ ਪੁੱਲ ਬਣਾਏ,
ਆਉਂਦੇ ਜਾਂਦੇ ਰਾਹੀ ਲੰਘਦੇ ਲੈ ਕੇ ਪਿਆਰ ਮੁਹੱਬਤ।



– ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਕਹਾਣੀ

# ਜਯੋਤੀ ਜਗ ਪਈ

ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409



ਦਰਸ਼ਨ ਇੱਕ ਗਰੀਬ ਪਿਤਾ ਦਾ ਪੁੱਤਰ । ਉਸ ਦਾ ਪਿਤਾ ਮਿਹਨਤ ਮਜ਼ਦੂਰੀ ਕਰਕੇ ਘਰਾ ਦਾ ਗੁਜ਼ਾਰਾ ਚਲਾਉਂਦਾ। ਦਰਸ਼ਨ ਆਮ ਗ਼ਰੀਬ ਲੜਕਿਆਂ ਵਰਗਾ ਲੜਕਾ ਸੀ । ਪੜ੍ਹਾਈ ਵਿਚ ਦਰਮਿਆਨੇ ਦਰਜ਼ੇ ਦਾ ਵਿਦਿਆਰਥੀ ਸੀ ਪਰ ਸੁੱਖ ਸਹੂਲਤਾਂ ਤੋਂ ਵਾਂਝਾ ਹੋਣ ਕਰਕੇ ਘਰ ਤੰਗੀਆਂ ਤੁਰਸੀਆਂ ਨਾਲ ਪੜ੍ਹਾਈ ਵੱਲ ਪੂਰਾ ਧਿਆਨ ਨਹੀਂ ਸੀ ਦੇ ਪਾਂਦਾ।

ਦਰਸ਼ਨ ਨੇ ਪਲੱਸ ਟੂ ਮੁਸ਼ਕਿਲ ਨਾਲ ਪਹਿਲੇ ਦਰਜ਼ੇ ਵਿੱਚ ਪਾਸ ਕੀਤੀ । ਔਖੇ-ਸੌਖੇ ਹੋ ਕੇ ਉਸ ਨੇ ਰਾਜ ਪੱਧਰ ਦੀ ਇੰਜੀਨੀਅਰਿੰਗ ਦਾ ਟੈਸਟ ਦਿੱਤਾ ਸੀ । ਪਿਤਾ ਨਾਲ ਉਹ ਮਿਹਨਤ ਮਜ਼ਦੂਰੀ ਕਰਨ ਵੀ ਜਾਂਦਾ । ਪਿੰਡ ਦੇ ਉਚੇ ਘਰਾਂ ਵਿੱਚ ਮਾੜੇ ਮੋਟੇ ਕੰਮ ਕਰਨ ਲਈ ਚਲਾ ਜਾਂਦਾ। ਤਿੰਨ ਭੈਣਾਂ ਤੇ ਇਕੱਲਾ ਭਰਾ ਸੀ ਉਹ।

ਇੰਜੀਨੀਅਰਿੰਗ ਦੇ ਟੈਸਟ 'ਚੋਂ ਦਰਸ਼ਲ ਫੇਲ੍ਹ ਹੋ ਗਿਆ ਸੀ । ਰੈਂਕ ਹੀ ਬਹੁਤ ਦੂਰ ਦਾ ਸੀ । ਉਹ ਬੜਾ ਮਾਯੂਸ ਹੋ ਗਿਆ । ਸਭ ਨੇ ਉਸ ਨੂੰ ਕੋਸਿਆ । ਖ਼ਾਸ ਕਰਕੇ ਉਸ ਦੇ ਪਿਤਾ ਨੇ ਉਸ ਨੂੰ ਖ਼ੂਬ ਡਾਂਟ ਫਟਕਾਰ ਲਗਾਈ ਸੀ ਕਿ ਤੂੰ ਪੜ੍ਹ ਕੇ ਕਿਹੜੇ ਖੋਹਣੇ ਖੋਹ ਲੈਣੇ ਸੀ, ਤੈਨੂੰ ਕਿਹਾ ਵੀ ਸੀ ਕਿ ਮਿਹਨਤ ਮਜ਼ਦੂਰੀ ਕਰਿਆ ਕਰ ਮੇਰੇ ਨਾਲ ਪਰ ਇਸ ਉਲੂ ਦੇ ਪੱਠੇ ਨੇ ਹਜ਼ਾਰਾ ਰੁਪਏ ਬਰਬਾਦ ਕਰ ਦਿੱਤੇ ਨੇ। ਇੱਥੇ ਪੜ੍ਹੇ-ਲਿਖੇ ਵਿਹਲੇ ਧੱਕੇ ਖਾਂਦੇ ਫਿਰਦੇ ਨੇ, ਤੂੰ ਕਿਹੜਾ ਅਫਸਰ ਬਣ ਜਾਣਾ ਏ।"

ਉਸ ਰਾਤ ਦਰਸ਼ਨ ਨੂੰ ਨੀਂਦ ਨਹੀਂ ਸੀ ਆਈ ਸਾਰੀ ਰਾਤ ਉਹ ਜਾਗਦਾ ਰਿਹਾ । ਸਾਰੀ ਰਾਤ ਬਿਨਾਂ ਚਾਦਰ-ਸਿਰਾਣੇਂ ਦੇ ਮੰਜੀ ਤੇ ਪਿਆ ਰਿਹਾ । ਉਹ ਛੱਤ ਤੇ ਬਾਲੇ ਗਿਣ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਮੈਂ ਵੀ ਬਾਪੂ ਦੇ ਵਾਂਗ ਸਾਰੀ ਉਮਰ ਲੋਕਾਂ ਦੀ ਚਾਕਰੀ ਕਰਾਂਗਾ । ਮਜ਼ਦੂਰੀ ਕਰਾਂਗਾ? ਮਾਂ ਮੇਰੀ ਸਾਰੀ ਉਮਰ ਲੋਕਾਂ ਦੇ ਭਾਂਡੇ ਮਾਝਦੀ ਰਹੇਗੀ, ਲੋਕਾਂ ਦੇ ਘਰਾਂ ਦਾ ਕੰਮ ਕਰਦੀ ਰਹੇਗੀ । ਲੋਕਾਂ ਦੀਆਂ ਚੰਗੀਆਂ-ਮਾੜੀਆਂ ਗੱਲਾਂ ਸੁਣਦੀ ਹੈ ਬੜੀ ਮੁਸ਼ਕਿਲ ਘਰ ਦਾ ਰੋਟੀ ਟੁਕ ਚਲਦਾ ਹੈ । ਮੈਂ ਨਹੀਂ ਮਜ਼ਦੂਰੀ ਕਰਨੀ । ਮਜ਼ਦੂਰੀ ਨਹੀਂ ਕਰਾਂਗਾ । ਕੀ ਉਹ ਕਿਹੜੇ ਹਨ ਜੋ ਇੰਜੀਨੀਅਰਿੰਗ ਚੋਂ ਪਾਸ ਹੁੰਦੇ ਹਨ । ਮੇਰੇ ਵਿਚ ਕੀ ਕਮੀ ਹੈ । ਉਹ ਸਾਰੀ ਰਾਤ ਸੋਚਦਾ ਰਿਹਾ । ਉਸ ਦੀ ਨੀਂਦ ਜਿਵੇਂ ਖੰਭ ਲਗਾ ਕੇ ਉਡ ਗਈ ਹੋਵੇ । ਉਸ ਦੇ ਅੰਦਰ ਉਸ ਦੇ ਆਪੇ ਦੀ ਜਯੋਤੀ ਜਗ ਪਈ । ਉਸ ਦੀ ਹਿੰਮਤ ਵਿਚ ਚੜਦੇ ਸੂਰਜ ਦੀ ਲਾਲੀ ਨੇ ਜਨਮ ਲੈ ਲਿਆ । ਉਸ ਦੀ ਸੋਚ ਵਿਚ ਹਜ਼ਾਰਾਂ ਲੱਖਾਂ ਦੇਵੀ ਜਗਣ, ਲੱਗੇ । ਇਕ ਰੌਸ਼ਨੀ ਉਸ ਦੇ ਹਿਰਦੇ 'ਚੋਂ ਨਿਕਲ ਕੇ ਉਸ ਦੇ ਸਰੀਰ ਵਿੱਚ ਪਰਸਿਰਤ ਹੋ ਗਈ ।

ਉਹ ਸਵੇਰੇ ਤੜਕੇ ਉਠਿਆ । ਪ੍ਰਭੂ ਦਾ ਨਾਮ ਲਿਆ। ਨਹਾਤਾ ਧੋਤਾ, ਤਿਆਰ ਹੋਇਆ । ਉਸ ਦੇ ਬਾਪੂ ਨੇ ਕਿਹਾ, "ਓਏ ਦਰਸ਼ਨਾਂ ਸਵੇਰੇ ਸਵੇਰੇ ਤਿਆਰ ਹੋ ਕੇ ਕਿੱਥੇ ਚਲਿਆ ਏ? ਮੇਰੇ ਨਾਲ ਚਲ ਮਜ਼ਦੂਰੀ ਕਰਨ ਲਈ ।"

ਦਰਸਨ ਨੇ ਨਿਰਮਲ ਮਨ ਨਾਲ ਕਿਹਾ, "ਬਾਪੂ, ਮੈਂ ਤੇਰੇ ਨਾਲ ਮਜ਼ਦੂਰੀ ਕਰਨ ਲਈ ਨਹੀਂ ਜਾਣਾ । ਮੈਂ ਕਿਤੇ ਕੰਮ ਚਲਿਆ ਵਾਂ ।" ਉਹ ਬੇਜ਼ੋਰ ਹੋ ਕੇ ਘਰੋਂ ਨਿਕਲ ਪਿਆ। ਪਿੰਡ ਦੇ ਸਰਪੰਚ ਦੇ ਘਰ ਚਲਾ ਗਿਆ । ਸਰਪੰਚ ਪੜ੍ਹੇ ਲਿਖੇ ਪਰਿਵਾਰ ਦਾ ਸੀ । ਰੱਜੇ-ਪੁੱਜੇ ਘਰ ਦਾ ਸੀ ਸਰਪੰਚ । ਉਸ ਦੀ ਪਤਨੀ ਵੀ ਸੌਖੇ ਘਰ ਦੀ ਪੜੀ ਲਿਖੀ ਔਰਤ ਸੀ।

ਦਰਸ਼ਨ ਨੇ ਸਰਪੰਚ ਨੂੰ ਹੱਥ ਜੋੜ ਕੇ ਕਿਹਾ,"ਚਾਚਾ, ਸਿਰਫ ਇੱਕ ਪੰਜ ਸੌ ਰੁਪਏ ਦੇ-ਦੇ ਉਧਾਰੇ, ਤੈਨੂੰ ਮਜ਼ਦੂਰੀ ਕਰਕੇ ਦੇ ਦਵਾਂਗਾ ।"

ਸਰਪੰਚ ਨੇ ਕਿਹਾ, "ਓਏ ਦਰਸ਼ਨ ਤੂੰ ਪੰਜ ਸੌ ਰੁਪਏ ਕੀ ਕਰਨੇ ਹਨ? ਤੈਥੋਂ ਕਿੱਥੇ ਕਿਤੇ ਜਾਣੇ ਨੇ ਪੰਜ ਸੌ ਰੁਪਏ । ਤੇਰਾ ਪਿਉ ਦਿਹਾੜੀਆਂ ਲਗਾਉਂਦਾ ਹੈ ਕਿਥੋਂ ਦੇਵੇਗਾ ਪੰਜ ਸੌ ਰੁਪਏ?

ਦਰਸ਼ਨ ਨੇ ਫਿਰ ਹੱਥ ਜੋੜਦੇ ਸਰਪੰਚ ਨੂੰ ਕਿਹਾ, " ਚਾਚਾ ਮੈਂ ਇੰਜੀਨੀਅਰਿੰਗ ਦਾ ਦੁਬਾਰਾ ਟੈਸਟ ਦੇਣਾ ਹੈ । ਹੱਥ ਜੋੜ ਕੇ ਬੇਨਤੀ ਚਾਚਾ ਮੈਨੂੰ ਪੰਜ ਸੌ ਰੁਪਏ ਦੇ-ਦੇ । ਤੁਹਾਨੂੰ ਜ਼ਰੂਰੀ ਵਾਪਿਸ ਮੋੜ ਦਵਾਂਗਾ । ਮੈਂ ਟੈਸਟ ਦੇਣਾ ਏ ਚਾਚਾ ।"

ਸਰਪੰਚ ਨੇ ਕਿਹਾ, "ਜਾ-ਜਾ ਕੇ ਅਪਣੇ ਪਿਉ ਨਾਲ ਮਿਹਨਤ-ਮਜਦੂਰੀ ਕਰ ਜਾਕੇ । ਇੰਜੀਨੀਅਰਿੰਗ ਦੇ ਟੈਸਟ 'ਚੋਂ ਤੂੰ ਅੱਗੇ ਫੇਲ੍ਹ ਹੋ ਚੁੱਕਾ ਏ । ਤੂੰ ਪਾਸ ਹੋ ਜਾਵੇਗਾ? ਜਾ ਮਿਹਨਤ-ਮਜ਼ਦੂਰੀ ਕਰ ਜਾ ਕੇ । ਓਧਰ ਕੋਠੇ-ਕੋਠੇ ਜਿੱਡੀਆਂ ਤੇਰੀਆਂ ਭੈਣਾਂ ਜਵਾਨ ਹਨ । ਦਿਹਾੜੀ-ਧੱਪਾ ਕਰਕੇ ਉਨ੍ਹਾਂ ਦੇ ਹੱਥ ਪੀਲੇ ਕਰਨ ਦੀ ਚਿੰਤਾ ਕਰ ਜਾ ਕੇ" ।

ਗ਼ਪਰ ਦਰਸ਼ਨ ਲੇ ਇੱਕ ਲਿਲਕੜੀ ਇਕ ਤਰਲਾ ਲੈਂਦਿਆਂ ਕਿਹਾ, "ਚਾਚਾ, ਰੱਬ ਦੀ ਸਹੁੰ, ਇੱਕ ਵਾਰੀ ਸਿਰਫ ਪੰਜ ਸੌ ਰੁਪਏ ਦੇ-ਦੇ । ਪਾਈ-ਪਾਈ ਚੁਾ ਦੇਵਾਂਗਾ ਚਾਚ ।

ਸਰਪੰਚ ਦੇ ਨਾਲ ਖੜੀ ਉਸ ਦੀ ਪਤਨੀ ਨੇ ਕਿਹਾ, "ਦੇ ਦਵੋ ਮੁੰਡੇਨੂੰ ਪੰਜ ਸੌ ਰੁਪਏ, ਕਿਹੜੀ ਆਿਖ਼ਰ ਆ ਗਈ ਏ । ਹੁੰਦਾ ਫੇਲ੍ਹ ਤਾਂ ਹੋ ਜਾਏ । ਪੰਜ ਸੌ ਰੁਪਏ ਨਾਲ ਕਿਹੜਾ ਫ਼ਰਕ ਪੈਣ ਲੱਗਾ ਏ । ਸ਼ਾਇਦ ਵਿਚਾਰਾ ਪਾਸ ਹੋ ਜਾਵੇ ।"

ਰਿਸ਼ਨ ਨੇ ਕਿਹਾ, " ਚਾਚੀ ਮੈਂ ਤੇਰਾ ਅਹਿਸਾਨ ਸਾਰੀ ਉਮਰ ਨਹੀਂ ਭੁਲਾਂਗਾ । ਪੰਜ ਸੌ ਰੁਪਏ ਦਿਉ । ਆਿਖ਼ਰ ਸਰਪੰਚਣੀ ਨੇ ਜ਼ੋਰਾ-ਜ਼ੋਰੀ ਪੰਜ ਸੌ ਰੁਪਏ ਦਰਸ਼ਨ ਨੂੰ ਦੇ ਦਿੱਤੇ।

ਬਸ ਫੇਰ ਕੀ ਸੀ । ਦਰਸ਼ਨ ਨੇ ਇੰਜੀਨੀਅਰਿੰਗ ਦੇ ਟੈਸਟ ਦਾ ਦਾਖਲਾ ਭਰ ਦਿੱਤਾ । ਕੁਝ ਮਹੀਨਿਆਂ ਤੋਂ ਬਾਅਦ ਉਸ ਦਾ ਟੈਸਟ ਹੋਣਾ ਸੀ । ਉਸ ਦਾ ਪਿਤਾ ਉਸ ਨੂੰ ਕੋਸਦਾ ਰਹਿੰਦਾ ਪਰ ਦਰਸ਼ਨ ਦੀ ਮਾਂ ਦੇ ਕਹਿਣ ਤੇ ਉਹ ਚੁੱਕ ਰਹਿਣ ਲੱਗ ਪਿਆ। ਦਰਸ਼ਨ ਦੇ ਹਿਰਦੇ ਦੀ ਜਯੋਤ ਜਗ ਚੁੱਕੀ ਸੀ । ਉਸ ਨੂੰ ਸਾਰੀ-ਸਾਰੀ ਰਾਤ ਨੀਂਦ ਨਾ ਆਉਂਦੀ । ਉਹ ਸਾਰਾ-ਸਾਰਾ ਦਿਨ ਤੇ ਸਾਰੀ-ਸਾਰੀ ਰਾਤ ਕਿਤਾਬਾਂ ਵਿਚ ਖੁੱਭਿਆ ਰਹਿੰਦਾ । ਨੀਂਦ ਉਸ ਦੀ ਖੰਭ ਲਗਾ ਕੇ ਉਡ ਗਈ ਸੀ । ਸ਼ਾਇਦ ਹੀ ਉਹ ਰਾਤ ਨੂੰ ਘੰਟਾ-ਅੱਧਾ ਘੰਟਾ ਸੌਂਦਾ ਹੋਵੇ । ਦਿਨ-ਰਾਤ ਇੱਕ ਕਮਰੇ ਵਿਚ ਬੰਦ । ਉਸ ਦੇ ਮਨ ਵਿਚ ਇੱਕ ਸੰਘਰਸ਼, ਇੱਕ ਸ਼ਕਤੀ ਦਾ ਸੰਕਲਪ ਸੰਪੂਰਨ ਕਰਮ ਵਿਚ ਬਦਲ ਚੁੱਕਿਆ ਸੀ ।

ਆਿਖ਼ਰ ਟੈਸਟ ਦਾ ਦਿਨ ਆ ਗਿਆ । ਉਸ ਦਾ ਟੈਸਟ ਚੰਗਾ ਹੋ ਗਿਆ ਸੀ । ਉਹ ਆਪਣੇ ਪਿਉ ਨਾਲ ਮਿਹਨਤ ਮਜਦੂਰੀ ਕਰਨ ਜਾਣ ਲੱਗ ਪਿਆ, ਇਸ ਕਰਕੇ ਜੇ ਪਾਸ ਨਾਲ ਹੋਇਆ ਤਾਂ ਸਰਪੰਚ ਦੇ ਪੰਜ ਸੌ ਰੁਪਏ ਦੇਣੇ ਹਨ ।

ਕੁਝ ਹਫਤਿਆਂ ਬਾਅਦ ਇੱਕ ਚਿੱਟੇ ਰੰਗ ਦੀ ਕਾਰ ਦੁਪਹਿਰ ਦੇ ਸਮੇਂ ਦਰਸ਼ਨ ਦੇ ਘਰ ਅੱਗੇ ਆ ਖੜੀ ਹੋਈ । ਦਰਸ਼ਨ ਤੇ ਉਸ ਦਾ ਬਾਪੂ ਪਿੰਡ 'ਚ ਮਜ਼ਦੂਰੀ ਕਰਕੇ ਘਰ ਰੋਟੀ ਖਾਣ ਆਏ ਸੀ । ਦਰਵਾਜ਼ਾ ਦੇ ਖਟਪਟਾਉਣ ਦੀ ਅਵਾਜ਼ ਸੁਣ ਕੇ ਦਰਸ਼ਨ ਦਾ ਪਿਤਾ ਬਾਹਰ ਨਿਕਲਿਆ ।

ਕਾਰ ਵਾਲਿਆਂ ਨੇ ਕਿਹਾ, "ਦਰਸ਼ਨ ਕੁਮਾਰ ਇਥੇ ਰਹਿੰਦਾ ਹੈ?" ਉਸ ਦੇ ਪਿਤਾ ਨੇ ਕਿਹਾ, "ਹਾਂ ਜੀ ਸਾਬ, ਇਥੇ ਹੀ ਰਹਿੰਦਾ ਹੈ ।" ਏ ਕਹਿ ਕੇ ਉਹ ਅੰਦਰ ਦੌੜ ਆਇਆ, 'ਤੇ ਦਰਸ਼ਨ ਨੂੰ ਕਹਿਣ ਲੱਗਾ, "ਓਏ ਕੀ ਕਰਨਾਮਾਂ ਕਰਕੇ ਆਇਆ ਹੈਂ ਵੱਡੇ-ਵੱਡੇ ਲੋਕ ਵੱਡੀ ਸਾਰੀ ਗੱਡੀ 'ਚ ਤੈਨੂੰ ਲੈਣ ਆਏ ਨੇ । ਕੀ ਕਰਕੇ ਆਇਆ ਏ ਬਾਹਰ ।"

ਦਰਸ਼ਨ ਉਸ ਕੇ ਬਾਹਰ ਗਿਆ ਤਾਂ ਉਹ ਲੋਕ ਅੰਦਰ ਆ ਚੁੱਕੇ ਸਨ । ਉਨ੍ਹਾਂ ਕਿਹਾ, "ਕਾਕਾ, ਦਰਸ਼ਨ ਕੁਮਾਰ ਤੇਰਾ ਹੀ ਨਾਮ ਹੈ? ਤੁਸੀਂ ਇੰਜੀਨੀਅਰਿੰਗ ਦੇ ਟੈਸਟ 'ਚੋਂ ਰਾਜ 'ਚੋਂ ਪਹਿਲੇ ਨੰਬਰ 'ਤੇ ਆਏ ਹੋ । ਅਸੀਂ ਤੁਹਾਡੇ ਬਾਰੇ ਕੁਝ ਲਿਖਣ ਆਏ ਹਾਂ ਅਤੇ ਅਪਣੀਆਂ ਕੁਝ ਫੋਟੋ (ਤਸਵੀਰਾਂ) ਦੇਵੋ।" ਰਾਜ ਭਰ 'ਚੋਂ ਪਹਿਲੇ ਨੰਬਰ 'ਤੇ ਆਇਆ ਹਾਂ । ਦਰਸ਼ਨ ਸੁਣ ਕੇ ਹੈਰਾਨ ਸੀ । ਉਸ ਨੂੰ ਇਤਬਾਰ ਨਹੀਂ ਸੀ ਆ ਰਿਹਾ। ਉਸ ਦੇ ਸਾਰੇ ਸਰੀਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ । ਖੁਸ਼ੀ ਵਿੱਚ ਉਸ ਦੇ ਰੋਂਗਟੇ ਖੜੇ ਹੋ ਗਏ । ਜਿਵੇਂ ਉਹ ਹਵਾ ਵਿਚ ਉਡ ਰਿਹਾ ਹੋਵੇ । ਉਸ ਦਾ ਬਾਪੂ ਜਿਵੇਂ ਦਿਨ ਤਾਰੇ ਵੇਖ ਰਿਹਾ ਹੋਵੇ । ਉਸ ਦੀ ਮਾਂ, ਉਸ ਦੀਆਂ ਭੈਣਾਂ ਖੁਸ਼ੀ ਵਿਚ ਖਾਮੋਸ਼ ਹੋ ਗਈਆਂ । ਜਿਵੇਂ ਖੁਸ਼ੀ ਅਭਿਵਿਅਕਤ ਕਰਨੀ ਮੁਸ਼ਕਿਲ ਹੋਵੇ। ਕੋਈ ਠੰਡੀ ਹਵਾ ਵਾਲੀ ਅਚਾਨਕ ਖਿੜਕੀ ਖੁਲ੍ਹ ਗਈ ਹੋਵੇ। ਜੋ ਰੱਬ ਤੋਂ ਮੰਗਿਆ ਨਹੀਂ, ਉਸ ਨਾਲ ਰੱਬ ਨੇ ਅਚਾਨਕ ਝੋਲੀ ਭਰ ਦਿੱਤੀ ਜਾਵੇ । ਖੁਸ਼ੀ ਵਿਚ ਸਾਰਾ ਪਰਿਵਾਰ ਇੱਕ ਵੱਡੇ ਸਾਗਰ ਵਿਚ ਆਜ਼ਾਦ ਤਰਦੀਆਂ ਮਛਲੀਆਂ ਵਾਂਗ ਨਜ਼ਰ ਆ ਰਿਹਾ ਸੀ।

ਸਾਰੇ ਪਿੰਡ ਵਿਚ ਕਿਸੇ ਅਲੋਕਿਕ ਖੁਸ਼ਬੂ ਦਾ ਨਜ਼ਾਰਾ ਪਸਰ ਗਿਆ । ਦਰਸ਼ਨ ਦੀ ਪ੍ਰਾਪਤੀ ਦੀ ਖੁਸ਼ਬੂ ਸਾਰੇ ਪਿੰਡ ਵਿੱਚ ਫੈਲ ਗਈ । ਕਣ-ਕਣ ਸੁਗੰਧਿਤ ਕਰ ਗਈ । ਜਦ ਸਰਪੰਚ ਤੇ ਸਰਪੰਚਣੀਆਂ ਨੂੰ ਪਤਾ ਚੱਲਿਆ । ਸਰਪੰਚ ਨੇ ਦਰਸ਼ਨ ਦੇ ਘਰ ਸਾਹਮਣੇ ਆਉਂਦੇ ਸਾਰ ਹੀ ਉਚੀ ਜਿਹੀ ਕਿਹਾ, "ਓਏ ਮੰਡਿਓ, ਢੋਲ ਲਿਆਉ ਓਏ । ਢੋਲ ਦੇ ਢਗੇ ਅਸਮਾਨ ਨੂੰ ਛੂਹ ਗਏ । ਦੇ ਭੰਗੜ ਤੇ ਭੰਗੜ। ਸਰਪੰਚ, ਸਰਪੰਚਣੀ, ਪੰਚ ਕੀ ਸਾਰਾ ਨੱਚ ਉਠਿਆ। ਸਾਰੇ ਪਿੰਡ ਵਿਚ ਲੱਡੂ ਵੰਡੇ ਜਾ ਰਹੇ ਸਨ।


ਸਭ ਤੋਂ ਪਹਿਲਾਂ ਦਰਸ਼ਨ ਨੇ ਸਰਪੰਚਣੀ ਦੇ ਪੈਰੀ ਹੱਥ ਲਾਏ, ਉਸ ਨੇ ਦਰਸ਼ਨ ਨੂੰ ਅਸ਼ੀਰਵਾਦ, ਪਿਆਰ ਦਿੱਤਾ। ਸਰਪੰਚ ਨੇ ਛਾਤੀ ਨਾਲ ਲਗਾ ਲਿਆ। ਦਰਸ਼ਨਾਂ ਪਿੰਡ ਦਾ ਨਾਂਅ ਰੌਸ਼ਨ ਕਰ ਦਿੱਤਾ ਏ ਤੂੰ ਬੱਚਿਆਂ। ਦਰਸ਼ਨ ਦੀ ਹਿਰਦੇ ਦੀ ਲੋਅ ਨੇ ਸੰਘਰਸ਼, ਸ਼ਕਤੀ ਤੇ ਵਿਦਿਅਕ ਤਪਸਿਆ ਨੂੰ ਸਾਰਥਿਕ ਰੂਪ ਦੇ ਦਿੱਤਾ ਸੀ, ਜਿਸ ਦੀ ਰੌਸ਼ਨੀ ਨਾਲ ਇਲਾਕਾ ਜਮਗਾਉਂਦਾ ਰਵੇਗਾ।

# ਬੱਚਿਆਂ ਵਿੱਚ ਸਕ੍ਰੀਨ ਦੀ ਲਤ ਨੂੰ ਰੋਕਣ ਲਈ ਡਿਜੀਟਲ ਹਾਈਜੀਨ ਗਾਈਡ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜਦੋਂ ਤਕਨੀਕੀ ਵਰਤੋਂ ਦੀ ਗੱਲ ਆਉਂਦੀ ਹੈ ਤਾਂ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ ਲਈ ਸੀਮਾਵਾਂ ਨਿਰਧਾਰਤ ਕਰਨਾ ਮਹੱਤਵਪੂਰਨ ਹੁੰਦਾ ਹੈ। ਇੱਥੇ ਇੱਕ ਮਾਹਰ ਗਾਈਡ ਹੈ ਜੋ ਤੁਹਾਨੂੰ ਦਿਖਾਉਂਦੀ ਹੈ ਕਿ ਕਿਵੇਂ ਸਕ੍ਰੀਨ ਦੀ ਲਤ, ਪਦਾਰਥਾਂ ਦੀ ਲਤ ਵਾਂਗ, ਡੋਪਾਮਾਈਨ ਦੇ ਪੱਧਰਾਂ ਵਿੱਚ ਵਾਧਾ ਕਰਨ ਲਈ ਜਾਣੀ ਜਾਂਦੀ ਹੈ। ਜਿੰਨਾ ਜ਼ਿਆਦਾ ਸਕ੍ਰੀਨ ਸਮਾਂ ਹੁੰਦਾ ਹੈ, ਬੱਚੇ ਦੇ ਡਿਜੀਟਲ ਡਿਵਾਈਸ ਨਾਲ ਜੁੜੇ ਹੋਣ ਦਾ ਜ਼ਿਆਦਾ ਜੋਖਮ ਹੁੰਦਾ ਹੈ ਸਕ੍ਰੀਨ ਦੀ ਲਤ, ਪਦਾਰਥਾਂ ਦੀ ਲਤ ਵਾਂਗ, ਡੋਪਾਮਾਈਨ ਦੇ ਪੱਧਰਾਂ ਵਿੱਚ ਵਾਧਾ ਕਰਨ ਲਈ ਜਾਣੀ ਜਾਂਦੀ ਹੈ। ਜਿੰਨਾ ਜ਼ਿਆਦਾ ਸਕ੍ਰੀਨ ਸਮਾਂ ਹੁੰਦਾ ਹੈ, ਬੱਚੇ ਦੇ ਡਿਜੀਟਲ ਡਿਵਾਈਸ ਨਾਲ ਜੁੜੇ ਹੋਣ ਦਾ ਜ਼ਿਆਦਾ ਜੋਖਮ ਹੁੰਦਾ ਹੈ ਛੋਟੇ ਬੱਚਿਆਂ ਵਿੱਚ ਸਕ੍ਰੀਨ ਦੀ ਲਤ ਇੱਕ ਪ੍ਰਮੁੱਖ ਮੁੱਦਾ ਬਣ ਰਹੀ ਹੈ। ਸੰਯੁਕਤ ਰਾਜ ਵਿੱਚ, ਸਕੂਲ ਦੀ ਵੱਧ ਰਹੀ ਗਿਣਤੀ, ਜੇ ਪੂਰੀ ਤਰ੍ਹਾਂ ਪਾਬੰਦੀ ਨਹੀਂ ਲਗਾਈ ਜਾਂਦੀ, ਮੋਬਾਈਲ ਫੋਨ ਦੀ ਵਰਤੋਂ 'ਤੇ ਪਾਬੰਦੀ ਲਗਾ ਰਹੀ ਹੈ। ਇਹ ਲੇਖ ਇਸ ਗੱਲ 'ਤੇ ਡੂੰਘਾਈ ਨਾਲ ਵਿਚਾਰ ਕਰਦਾ ਹੈ ਕਿ ਬੱਚਿਆਂ ਵਿੱਚ ਸਕ੍ਰੀਨ ਦੀ ਲਤ ਦਾ ਕਾਰਨ ਕੀ ਹੈ ਅਤੇ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪੇ ਇਸ ਆਦਤ ਨੂੰ ਕਾਬੂ ਤੋਂ ਬਾਹਰ ਹੋਣ ਤੋਂ ਰੋਕਣ ਲਈ ਕਿਵੇਂ ਕੁਝ ਕਰ ਸਕਦੇ ਹਨ। ਪਹਿਲਾਂ, ਮੈਂ ਇੱਕ ਉਦਾਹਰਣ ਦੇ ਨਾਲ ਸ਼ੁਰੂ ਕਰਦਾ ਹਾਂ: 'ਰਿਆ ਇੱਕ ਜੋਸ਼ੀਲਾ ਵਿਦਿਆਰਥੀ ਸੀ ਜਿਸ ਨੂੰ ਆਪਣਾ ਹੋਮਵਰਕ ਤੁਰੰਤ ਪੂਰਾ ਕਰਨ ਵਿੱਚ ਮਜ਼ਾ ਆਉਂਦਾ ਸੀ। ਪਰ ਹਾਲ ਹੀ ਵਿੱਚ ਉਸਦੇ ਗ੍ਰੇਡ ਫਿਸਲਣ ਲੱਗੇ ਹਨ। ਉਸਦੀ ਪੜ੍ਹਾਈ ਵਿੱਚ ਲਗਾਇਆ ਸਮਾਂ ਅਤੇ ਮਿਹਨਤ ਹੁਣ ਡਿਜੀਟਲ ਡਿਵਾਈਸਾਂ 'ਤੇ ਖਰਚ ਕੀਤੀ ਜਾ ਰਹੀ ਹੈ। ਸਕੂਲ ਜਾਣ ਵਿੱਚ ਦਿਲਚਸਪੀ ਘੱਟ ਗਈ ਹੈ, ਬਾਹਰ ਖੇਡਣ ਵਿੱਚ ਦਿਲਚਸਪੀ ਨਹੀਂ ਹੈ, ਅਤੇ ਛੁੱਟੀ ਵਾਲੇ ਦਿਨਾਂ ਵਿੱਚ, ਉਹ ਆਪਣਾ ਜ਼ਿਆਦਾਤਰ ਸਮਾਂ ਵੀਡੀ ਗੇਮਾਂ ਖੇਡਣ ਵਿੱਚ ਬਿਤਾਉਂਦਾ ਹੈ, ਕਈ ਵਾਰ ਰਾਤ ਨੂੰ ਵੀ। ਨਤੀਜੇ ਵਜੋਂ, ਉਹ ਸਕੂਲ ਲਈ ਸਮੇਂ ਸਿਰ ਜਾਗਣ ਲਈ ਸੰਘਰਸ਼ ਕਰਦਾ ਹੈ, ਜਿਸ ਨਾਲ ਦਿਨ ਭਰ ਥਕਾਵਟ ਅਤੇ ਚਿੜਚਿੜਾਪਨ ਪੈਦਾ ਹੁੰਦਾ ਹੈ। ਜਦੋਂ ਉਹ ਆਪਣੇ ਸਕ੍ਰੀਨ ਸਮੇਂ ਬਾਰੇ ਸਾਹਮਣਾ ਕਰਦਾ ਹੈ ਤਾਂ ਉਹ ਰੱਖਿਆਤਮਕ ਅਤੇ ਪਰੇਸ਼ਾਨ ਹੋ ਜਾਂਦਾ ਹੈ। ਸੰਚਾਰ ਟੁੱਟਣ ਕਾਰਨ ਘਰ ਵਿੱਚ ਤਣਾਅ ਵਧ ਗਿਆ ਹੈ, ਰਿਆ ਨੂੰ ਗਲਤਫਹਿਮੀ ਮਹਿਸੂਸ ਹੋ ਰਹੀ ਹੈ ਅਤੇ ਉਸਦੇ ਮਾਪੇ ਨਿਰਾਸ਼ ਹਨ।' ਨਸ਼ਾ ਕਰਨ ਵਾਲੇ ਪਦਾਰਥ ਦਿਮਾਗ ਵਿੱਚ ਇੱਕ ਬਾਹਰੀ ਪ੍ਰਤੀਕ੍ਰਿਆ ਨੂੰ ਚਾਲੂ ਕਰਦੇ ਹਨ। ਦੁਰਵਿਵਹਾਰ ਦੀਆਂ ਨਸ਼ੀਲੀਆਂ ਦਵਾਈਆਂ — ਜਿਵੇਂ ਕਿ ਪੀਔਡਜ਼, ਕੋਕੀਨ, ਜਾਂ ਨਿਕੋਟੀਨ — ਡੋਪਾਮਾਈਨ ਇਨਾਮ ਦੇ ਰਸਤੇ ਨੂੰ ਹੜ੍ਹ ਦੇਣ ਦਾ ਕਾਰਨ ਬਣਦੀਆਂ ਹਨ, ਇੱਕ ਕੁਦਰਤੀ ਇਨਾਮ (ਅਭਿਆਸ, ਪੜ੍ਹਨਾ, ਚਾਕਲੇਟ) ਨਾਲੋਂ ਕਈ ਗੁਣਾ ਜ਼ਿਆਦਾ। ਦਿਮਾਗ ਇਸ ਵਾਧੇ ਨੂੰ ਯਾਦ ਰੱਖਦਾ ਹੈ ਅਤੇ ਇਸਨੂੰ ਨਸ਼ਾ ਕਰਨ ਵਾਲੇ ਪਦਾਰਥ ਨਾਲ ਜੋੜਦਾ ਹੈ ਅਤੇ ਇੱਕ ਇਨਾਮੀ ਮਾਰਗ ਸਥਾਪਤ ਕਰਦਾ ਹੈ, ਇੱਕ ਦੁਸ਼ਟ ਚੱਕਰ ਬਣਾਉਂਦਾ ਹੈ, ਅਤੇ ਉਪਭੋਗਤਾ ਨੂੰ ਵਾਰ-ਵਾਰ ਪਦਾਰਥ ਦਾ ਸੇਵਨ ਕਰਨ ਲਈ ਉਤਸ਼ਾਹਿਤ ਕਰਦਾ ਹੈ। ਸਕ੍ਰੀਨ ਦੀ ਲਤ ਵਿੱਚ ਪਦਾਰਥਾਂ ਦੇ ਸਮਾਨ ਵਿਧੀ ਹੁੰਦੀ ਹੈ, ਜੋ ਡੋਪਾਮਾਈਨ ਵਿੱਚ ਇੱਕ ਸਮਾਨ ਸਪਾਈਕ ਬਣਾਉਂਦੀ ਹੈ। ਸਕਰੀਨ ਦੀ ਵਰਤੋਂ ਵਿੱਚ ਇੱਕ ਗੰਭੀਰ ਵਾਧੇ ਦੇ ਨਾਲ, ਦਿਮਾਗ ਦੇ ਸਰਕਟ ਅਨੁਕੂਲ ਬਣ ਜਾਂਦੇ ਹਨ ਅਤੇ ਡੋਪਾਮਾਈਨ ਪ੍ਰਤੀ ਘੱਟ ਸੰਵੇਦਨਸ਼ੀਲ ਹੋ ਜਾਂਦੇ ਹਨ। ਸਿੱਟੇ ਵਜੋਂ, ਜੋ ਤੁਸੀਂ ਦੇਖਦੇ ਹੋ ਉਹੀ ਖੁਸ਼ੀ ਦਾ ਅਨੁਭਵ ਕਰਨ ਲਈ ਵਧੇਰੇ ਖਪਤ ਕਰਨ ਦੀ ਵੱਧਦੀ ਲੋੜ ਹੈ। ਇੱਕ ਆਮ ਗਲਤ ਧਾਰਨਾ ਇਹ ਹੈ ਕਿ ਨਸ਼ਾ ਇੱਕ ਚੋਣ ਜਾਂ ਨੈਤਿਕ ਸਮੱਸਿਆ ਹੈ। ਸੱਚਾਈ ਤੋਂ ਅੱਗੇ ਕੁਝ ਵੀ ਨਹੀਂ ਹੋ ਸਕਦਾ। ਇੱਕ ਨਿਸ਼ਚਤ ਬਿੰਦੂ ਤੋਂ ਬਾਅਦ, ਨਸ਼ਾ ਸਰੀਰਕ ਅਤੇ ਭਾਵਨਾਤਮਕ ਤੰਦਰੁਸਤੀ 'ਤੇ ਪ੍ਰਭਾਵ ਦੇ ਨਾਲ ਇੱਕ ਜੈਵਿਕ ਸਮੱਸਿਆ ਬਣ ਜਾਂਦੀ ਹੈ। ਮਾਪਿਆਂ ਨੂੰ ਦਖਲ ਦੇਣ, ਸਹੀ ਵਿਵਹਾਰ ਨੂੰ ਮਾਡਲ ਬਣਾਉਣ ਅਤੇ ਆਪਣੇ ਬੱਚਿਆਂ ਨੂੰ ਸਕ੍ਰੀਨ ਪ੍ਰਬੰਧਨ ਨੂੰ ਜੀਵਨ ਹੁਨਰ ਵਜੋਂ ਸਿਖਾਉਣ ਦੀ ਸਪੱਸ਼ਟ ਲੋੜ ਹੈ। ਸੀਮਾਵਾਂ ਨਿਰਧਾਰਤ ਕਰਨ ਵਿੱਚ ਮੁਸ਼ਕਲ ਛੋਟੇ ਬੱਚਿਆਂ ਦੇ ਮਾਪੇ ਅਕਸਰ ਸੀਮਾਵਾਂ ਤੈਅ ਕਰਨ ਵਿੱਚ ਸੰਘਰਸ਼ ਕਰਦੇ ਹਨ। ਇਸਦੀ ਜੜ੍ਹ ਕਈ ਕਾਰਕਾਂ ਵਿੱਚ ਹੈ, ਜਿਸ ਵਿੱਚ ਵਰਤੋਂ ਦੀ ਨਿਗਰਾਨੀ ਕਰਨ ਲਈ ਲਗਾਇਆ ਗਿਆ ਸਮਾਂ, ਬੱਚੇ ਨਾਲ ਘਰ ਵਿੱਚ ਝਗੜੇ, ਜਾਂ ਸਮਾਜਿਕ ਨਿਯਮਾਂ ਜਿੱਥੇ ਦੂਜੇ ਬੱਚਿਆਂ ਦੀ ਡਿਵਾਈਸਾਂ ਤੱਕ ਪਹੁੰਚ ਹੈ। ਮਾਤਾ-ਪਿਤਾ ਅਕਸਰ ਮਹਿਸੂਸ ਕਰਦੇ ਹਨ ਕਿ ਉਹਨਾਂ ਕੋਲ ਵਰਤੋਂ ਦੀ ਨਿਗਰਾਨੀ ਕਰਨ ਲਈ ਹੁਨਰਾਂ ਅਤੇ ਮੁਹਾਰਤ ਦੀ ਘਾਟ ਹੈ ਜਿਸਦੀ ਸੀਮਾਵਾਂ ਨੂੰ ਅਕਸਰ ਰੋਕਿਆ ਜਾਂਦਾ ਹੈ। ਦੂਜੇ ਮਾਮਲਿਆਂ ਵਿੱਚ, ਇਸ ਗੱਲ 'ਤੇ ਮਾਪਿਆਂ (ਜੇ ਦੋਵੇਂ ਉਪਲਬਧ ਹਨ) ਵਿਚਕਾਰ ਸਹਿਮਤੀ ਦੀ ਘਾਟ ਹੈ ਕਿ ਕਿਵੇਂ ਸਖਤ ਮਾਪੇ ਕਹਾਣੀ ਦਾ "ਖਲਨਾਇਕ" ਬਣ ਕੇ ਵਰਤੋਂ ਦੀ ਨਿਗਰਾਨੀ ਕਰਦੇ ਹਨ। ਸੋਸ਼ਲ ਮੀਡੀਆ, ਜਾਂ ਸਕੂਲੀ ਮਾਪਿਆਂ ਦੇ ੱਹਅਟਸਓਪਪ ਸਮੂਹਾਂ ਵਿੱਚ, ਉਹ ਵਿਦਿਆਰਥੀ ਜਿਨ੍ਹਾਂ ਦੇ ਮਾਪੇ ਬੋਲਦੇ ਹਨ ਸਕੂਲ ਵਿੱਚ ਆਪਣੇ ਸਾਥੀਆਂ ਤੋਂ ਅਕਸਰ ਪ੍ਰਤੀਕਰਮ ਦਾ ਅਨੁਭਵ ਹੁੰਦਾ ਹੈ। ਸਖਤ ਸੀਮਾਵਾਂ ਕਿਵੇਂ ਨਿਰਧਾਰਤ ਕੀਤੀਆਂ ਜਾਣਸਿਹਤਮੰਦ ਸਕ੍ਰੀਨ ਸਮੇਂ ਲਈ ਹਾਲਾਂਕਿ ਸੀਮਾਵਾਂ ਨਿਰਧਾਰਤ ਕਰਨ ਵਿੱਚ ਅੰਦਰੂਨੀ ਮੁਸ਼ਕਲਾਂ ਹੋ ਸਕਦੀਆਂ ਹਨ, ਇੱਥੇ ਕੁਝ ਕਦਮ ਹਨ ਜੋ ਤੁਸੀਂ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਚੁੱਕ ਸਕਦੇ ਹੋ: ਸਫਾਈ ਨੂੰ ਬਰਕਰਾਰ ਰੱਖਣਾ: ਯਕੀਨੀ ਬਣਾ ਕਿ ਤੁਹਾਡੇ ਘਰ ਦੇ ਸਾਰੇ ਉਪਕਰਣ ਪਛਾਣੇ ਗਏ ਹਨ ਅਤੇ ਪਾਸਵਰਡ ਸੁਰੱਖਿਅਤ ਹਨ। ਅਕਸਰ, ਪੁਰਾਣੇ ਯੰਤਰ ਅਕਸਰ ਛੋਟੇ ਬੱਚਿਆਂ ਦੁਆਰਾ ਵਰਤੇ ਜਾਂਦੇ ਪਾਏ ਜਾਂਦੇ ਹਨ। ਛੋਟੇ ਬੱਚਿਆਂ ਲਈ ਮਾਪਿਆਂ ਦੇ ਨਿਯੰਤਰਣ ਨੂੰ "ਚਾਲੂ" ਕਰਨ ਦੀ ਲੋੜ ਹੈ। ਹਾਲਾਂਕਿ ਇਹ ਉਹਨਾਂ ਬੱਚਿਆਂ ਲਈ ਚੁਣੌਤੀਪੂਰਨ ਲੱਗ ਸਕਦਾ ਹੈ ਜਿਨ੍ਹਾਂ ਕੋਲ ਫ਼ੋਨ ਹੈ, ਪਰ ਤੁਹਾਡੇ ਬੱਚੇ ਨੂੰ ਉਹਨਾਂ ਦੇ ਫ਼ੋਨ ਪਾਸਵਰਡ ਸਾਂਝੇ ਕਰਨ ਲਈ ਕਹਿਣਾ ਅਸੰਭਵ ਨਹੀਂ ਹੈ। ਨੋਟ: ਇਹ ਗੋਪਨੀਯਤਾ ਦੀ ਉਲੰਘਣਾ ਨਹੀਂ ਹੈ, ਇਹ ਉਹਨਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਹੈ, ਜੋ ਕਿ ਡੈਸਕਟਾਪ ਬਨਾਮ ਲੈਪਟਾਪ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਨਿੱਜੀ ਡਿਵਾਈਸਾਂ ਦੇ ਉਲਟ ਟੀਵੀ 'ਤੇ ਸਮੱਗਰੀ ਦੇਖਣਾ ਨੁਕਸਾਨਦੇਹ ਸਮੱਗਰੀ ਦੀ ਖਪਤ ਵਿੱਚ ਆਟੋਮੈਟਿਕ ਰੁਕਾਵਟਾਂ ਪੈਦਾ ਕਰਦਾ ਹੈ। ਸੰਤੁਲਨ ਸਥਾਪਤ ਕਰਨਾ: ਜਦੋਂ ਤੁਹਾਡਾ ਬੱਚਾ ਸਕ੍ਰੀਨ ਦੀ ਵਰਤੋਂ ਕਰ ਰਿਹਾ ਹੋ ਸਕਦਾ ਹੈ, ਇਹ ਦੇਖਣਾ ਮਹੱਤਵਪੂਰਨ ਹੈ ਕਿ ਕੀ ਉਸਦੇ ਜੀਵਨ ਦੇ ਹੋਰ ਪਹਿਲੂ ਜਿਵੇਂ ਕਿ ਖੇਡਾਂ ਖੇਡਣਾ, ਉਹਨਾਂ ਦੀ ਦੋਸਤੀ, ਵਿਦਿਅਕ, ਸਿਹਤ, ਨੀਂਦ, ਭੁੱਖ ਅਤੇ ਸਵੈ-ਮਾਣ ਪ੍ਰਭਾਵਿਤ ਨਹੀਂ ਹਨ। ਵਾਜਬ ਸੀਮਾਵਾਂ ਨਿਰਧਾਰਤ ਕਰਨਾ: ਡਿਜੀਟਲ ਪਹੁੰਚ ਤੋਂ ਪੂਰੀ ਤਰ੍ਹਾਂ ਇਨਕਾਰ ਕਰਨ ਤੋਂ ਬਚੋ; ਇਸ ਦੀ ਬਜਾਏ, ਇਨਾਮਾਂ ਨਾਲ ਸਕਾਰਾਤਮਕ ਵਿਵਹਾਰ ਨੂੰ ਮਜ਼ਬੂਤ ਕਰੋ। ਸਹਿਮਤੀ ਵਾਲੀਆਂ ਸੀਮਾਵਾਂ ਦੀ ਅਣਦੇਖੀ ਕਰਨ ਦੇ ਨਤੀਜੇ ਲਾਗੂ ਕਰੋ, ਜਿਵੇਂ ਕਿ ਨਿਯਮਾਂ ਨੂੰ ਤੋੜਨ ਲਈ ਸਕ੍ਰੀਨ ਸਮਾਂ ਘਟਾਉਣਾ। ਉਦਾਹਰਨ ਦੁਆਰਾ ਅਗਵਾਈ ਕਰਦੇ ਹੋਏ: ਬੱਚੇ ਆਪਣੇ ਵਿਵਹਾਰ ਨੂੰ ਮਾਡਲ ਬਣਾਉਣ ਲਈ ਆਪਣੇ ਮਾਪਿਆਂ ਵੱਲ ਦੇਖਦੇ ਹਨ। ਤੁਸੀਂ ਕੀ ਕਹਿੰਦੇ ਹੋ ਇਸ ਤੋਂ ਵੱਧ ਮਹੱਤਵਪੂਰਨ ਹੈ ਕਿ ਤੁਸੀਂ ਇੱਕ ਮਾਤਾ ਜਾਂ ਪਿਤਾ ਵਜੋਂ ਕੀ ਕਰਦੇ ਹੋ। ਸਿਹਤਮੰਦ ਡਿਜੀਟਲ ਆਦਤਾਂ ਦਾ ਮਾਡਲ ਬਣਾਉਣਾ, ਡਿਜੀਟਲ ਤਕਨਾਲੋਜੀ ਨਾਲ ਤੁਹਾਡੇ ਆਪਣੇ ਸੰਘਰਸ਼ਾਂ ਅਤੇ ਪ੍ਰਬੰਧਨ ਤਕਨੀਕਾਂ ਨੂੰ ਸਹੀ ਢੰਗ ਨਾਲ ਸਾਂਝਾ ਕਰਨਾ ਤੁਹਾਡੇ ਬੱਚੇ ਨੂੰ ਆਪਣੀਆਂ ਮੁਸ਼ਕਲਾਂ ਬਾਰੇ ਬੋਲਣ ਅਤੇ ਤੁਹਾਡੀ ਮਿਸਾਲ ਦੀ ਪਾਲਣਾ ਕਰਨ ਦੀ ਇਜਾਜ਼ਤ ਦੇ ਸਕਦਾ ਹੈ। ਮਾਰਗ 'ਤੇ ਬਣੇ ਰਹਿਣਾ: ਸ਼ੁਰੂਆਤੀ ਵਿਰੋਧ ਦੀ ਉਮੀਦ ਕਰੋ। ਵਿਵਹਾਰ ਦੇ ਅੰਤ ਵਿੱਚ ਘਟਣ ਤੋਂ ਪਹਿਲਾਂ, ਤੁਹਾਡਾ ਬੱਚਾ ਪਹਿਲਾਂ ਵਧੇਰੇ ਤੀਬਰਤਾ ਨਾਲ ਵਧੇਰੇ ਗੁੱਸੇ ਵਿੱਚ ਆ ਸਕਦਾ ਹੈ ਜਾਂ ਸਕ੍ਰੀਨ ਦੇ ਸਮੇਂ ਲਈ ਬੇਨਤੀ ਕਰ ਸਕਦਾ ਹੈ। ਇਸਨੂੰ ਰੋਕੇ ਜਾਣ ਵਾਲੇ ਰੀਨਫੋਰਸਮੈਂਟ (ਅਸੀਮਤ ਸਕ੍ਰੀਨ ਸਮਾਂ) ਦੇ ਜਵਾਬ ਵਿੱਚ "ਵਿਸਥਾਪਨ ਬਰਸਟ" ਕਿਹਾ ਜਾਂਦਾ ਹੈ। ਪਾਲਣਾ ਲਈ ਸ਼ੁਰੂਆਤ ਵਿੱਚ ਵਧੀਆ ਇਨਾਮ ਦੇਣਾ ਮਹੱਤਵਪੂਰਨ ਹੈ। ਪੇਸ਼ਾਵਰ ਮਦਦ ਦੀ ਮੰਗ ਕਰਨਾ: ਰਿਆ ਦੇ ਮਾਮਲੇ ਦੀ ਤਰ੍ਹਾਂ, ਜੇਕਰ ਤੁਹਾਨੂੰ ਆਪਣੇ ਬੱਚੇ ਦੇ ਗ੍ਰੇਡਾਂ ਵਿੱਚ ਚਿੰਤਾਜਨਕ ਗਿਰਾਵਟ, ਸਕੂਲ ਤੋਂ ਲਗਾਤਾਰ ਇਨਕਾਰ ਜਾਂ ਸੀਮਾਵਾਂ ਨਿਰਧਾਰਤ ਕਰਦੇ ਸਮੇਂ ਮਾਤਾ-ਪਿਤਾ-ਬੱਚੇ ਦੇ ਰਿਸ਼ਤਿਆਂ ਵਿੱਚ ਦੋਸ਼ ਲੱਗੇ ਟਕਰਾਅ ਦਾ ਪਤਾ ਲੱਗਦਾ ਹੈ, ਤਾਂ ਪੇਸ਼ੇਵਰ ਮਦਦ ਲੈਣੀ ਅਕਲਮੰਦੀ ਦੀ ਗੱਲ ਹੋਵੇਗੀ। ਛੋਟੇ ਬੱਚਿਆਂ ਤੋਂ ਲੈ ਕੇ ਕਿਸ਼ੋਰਾਂ ਦੇ ਮਾਪਿਆਂ ਲਈ ਇੱਕ ਡਿਜੀਟਲ ਸਫਾਈ ਗਾਈਡ ਜੇਕਰ ਤੁਹਾਡੇ ਕੋਲ 0-6 ਸਾਲ ਦੀ ਉਮਰ ਦਾ ਬੱਚਾ ਹੈ: ਨਿਊਨਤਮ ਸਕ੍ਰੀਨ ਸਮਾਂ ਸੈੱਟ ਕਰੋ। ਮਾਪਿਆਂ ਦੀ ਸ਼ਮੂਲੀਅਤ ਤੋਂ ਬਿਨਾਂ ਹੈਂਡਹੈਲਡ ਡਿਵਾਈਸਾਂ ਤੱਕ ਬਿਲਕੁਲ ਕੋਈ ਪਹੁੰਚ ਨਹੀਂ ਹੋਣੀ ਚਾਹੀਦੀ। ਇਸ ਵਿੱਚ ਤੁਹਾਡੇ ਬੱਚੇ ਨੂੰ ਸਮਾਜਿਕ ਰੁਝੇਵਿਆਂ ਦੌਰਾਨ ਜਾਂ ਕਿਸੇ ਰੈਸਟੋਰੈਂਟ ਵਿੱਚ ਫ਼ੋਨ ਦੇਣਾ ਸ਼ਾਮਲ ਹੈ। ਗੱਲ ਕਰੋ ਅਤੇ ਆਪਣੇ ਬੱਚੇ ਨਾਲ ਉਸ ਸਮੱਗਰੀ ਬਾਰੇ ਉਤਸੁਕ ਬਣੋ ਜੋ ਉਹ ਦੇਖ ਰਿਹਾ ਹੈ। ਇਹ ਬੋਧਾਤਮਕ ਵਿਕਾਸ ਵਿੱਚ ਮਦਦ ਕਰਦਾ ਹੈ। ਜੇ ਤੁਹਾਡਾ ਬੱਚਾ 6 ਤੋਂ 12 ਸਾਲ ਦੇ ਵਿਚਕਾਰ ਹੈ: ਸਕ੍ਰੀਨ ਸਮੇਂ ਦੇ ਆਲੇ-ਦੁਆਲੇ ਨਿਯਮ ਅਤੇ ਨਿਯਮ ਬਣਾ । ਉਹ ਕਿਹੜੀ ਸਮੱਗਰੀ ਦੇਖ ਰਹੇ ਹਨ, ਖੋਜ ਰਹੇ ਹਨ ਅਤੇ ਸੁਣ ਰਹੇ ਹਨ, ਇਸ 'ਤੇ ਨਜ਼ਦੀਕੀ ਨਜ਼ਰ ਰੱਖੋ। ਯਕੀਨੀ ਬਣਾ ਕਿ ਉਹ ਤੁਹਾਡੀ ਨਿਗਰਾਨੀ ਤੋਂ ਬਿਨਾਂ ਐਪਾਂ ਨੂੰ ਡਾਊਨਲੋਡ ਨਹੀਂ ਕਰ ਸਕਦੇ ਹਨ। 13-18 ਸਾਲ ਦੇ ਬੱਚਿਆਂ ਲਈ: ਵੱਡੀ ਉਮਰ ਦੇ ਕਿਸ਼ੋਰਾਂ ਨੂੰ ਉਹਨਾਂ ਦਾ ਸਕ੍ਰੀਨ ਸਮਾਂ ਡਾਟਾ ਸਾਂਝਾ ਕਰਨ ਲਈ ਸੱਦਾ ਦਿ । ਚਰਚਾ ਕਰੋ ਕਿ ਸਕ੍ਰੀਨ ਸਮਾਂ ਤੁਹਾਡੀ ਉਤਪਾਦਕਤਾ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ। ਉਹਨਾਂ ਨੂੰ ਆਪਣੇ ਕਮਰੇ ਦੇ ਦਰਵਾਜ਼ੇ ਨੂੰ ਜਿੰਨਾ ਸੰਭਵ ਹੋ ਸਕੇ ਬੰਦ ਰੱਖਣ ਲਈ ਉਤਸ਼ਾਹਿਤ ਕਰੋ ਪਰ ਕਮਰੇ ਵਿੱਚ ਬਹੁਤ ਵਾਰ ਦਾਖਲ ਨਾ ਹੋਵੋ। ਸਕ੍ਰੀਨ ਦੀ ਲਤ ਇੱਕ ਅਸਲ ਸਮੱਸਿਆ ਹੈ ਜੋ ਮਹਾਂਮਾਰੀ ਦੁਆਰਾ ਬਾਲਗਾਂ ਅਤੇ ਬੱਚਿਆਂ ਨੂੰ ਇੱਕੋ ਜਿਹੇ ਪ੍ਰਭਾਵਿਤ ਕਰਦੀ ਹੈ। ਮਾਪਿਆਂ ਨੂੰ ਆਪਣੇ ਬੱਚੇ ਦੇ ਸਕ੍ਰੀਨ ਖਪਤ ਦੇ ਪੈਟਰਨਾਂ ਵਿੱਚ ਸੁਚੇਤ, ਕਿਰਿਆਸ਼ੀਲ ਅਤੇ ਰੁੱਝੇ ਰਹਿਣ ਦੀ ਲੋੜ ਹੈ। ਡਿਜੀਟਲ ਪਲੇਟਫਾਰਮਾਂ ਦੀ ਪੜਚੋਲ ਕਰਨਾ ਅਤੇ ਤੁਹਾਡੇ ਬੱਚੇ ਦੀ ਦੁਨੀਆਂ ਬਾਰੇ ਇੱਕ ਸੂਝਵਾਨ ਦ੍ਰਿਸ਼ਟੀਕੋਣ ਰੱਖਣਾ ਤੁਹਾਨੂੰ ਤੁਹਾਡੀਆਂ ਚਿੰਤਾਵਾਂ ਬਾਰੇ ਉਹਨਾਂ ਨਾਲ ਗੱਲ ਕਰਨ ਲਈ ਬਿਹਤਰ ਭਾਸ਼ਾ ਪ੍ਰਦਾਨ ਕਰ ਸਕਦਾ ਹੈ। ਥੋੜ੍ਹੇ ਸਮੇਂ ਵਿੱਚ ਸੀਮਾਵਾਂ ਤੈਅ ਕਰਨਾ ਔਖਾ ਲੱਗ ਸਕਦਾ ਹੈ ਪਰ ਇਸ ਤੋਂ ਵੱਧ ਲੰਬੇ ਸਮੇਂ ਲਈ ਵੱਡੇ ਲਾਭਅੰਸ਼ ਦਾ ਭੁਗਤਾਨ ਕੀਤਾ ਜਾਵੇਗਾ।





ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਨੀਰੂ ਬਾਜਵਾ, ਘੁੱਗੀ ਤੇ ਦੇਵ ਖਰੋੜ ਦੀ ਫ਼ਿਲਮ "ਮਧਾਣੀਆਂ"

ਪੰਜਾਬੀ ਫ਼ਿਲਮਾਂ ਦਾ ਵਿਸ਼ਾ ਵਸਤੂ ਬਦਲ ਰਿਹਾ ਹੈ ਤੇ ਨਵ ਬਾਜਵਾ ਸੁਨੱਖਾ ਹੀਰੋ ਤੇ ਨਿਰਦੇਸ਼ਕ ਇਸ ਵੇਲੇ ਫ਼ਿਲਮ "ਮਧਾਣੀਆਂ" ਬਣਾ ਰਿਹਾ ਹੈ। ਨਵ ਨੇ ਇਸ ਦੀ ਕਹਾਣੀ ਆਪ ਤਿਆਰ ਕੀਤੀ ਹੈ ਤੇ ਜਿੱਥੇ ਉਹ ਫ਼ਿਲਮ ਵਿੱਚ ਅਦਾਕਾਰੀ ਕਰੇਗਾ ਉਥੇ ਉਸ ਨੇ ਦੇਵ ਖਰੋੜ ਨੂੰ ਲਿਆ ਹੈ। ਦੇਵ ਖਰੋੜ ਦੀ ਇਹ ਵੱਖਰੀ ਦਿੱਖ ਫ਼ਿਲਮ ਪੇਸ਼ ਕਰੇਗੀ ਤੇ ਨਾਲ ਗੁਰਪ੍ਰੀਤ ਘੁੱਗੀ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ। ਫ਼ਿਲਮ ਦੀ ਨਾਇਕਾ ਨੀਰੂ ਬਾਜਵਾ ਹੈ।



ਦੇਵ ਖਰੋੜ ਇਸ ਚਣੌਤੀ ਨੂੰ ਸਵੀਕਾਰ ਕਰ ਦਰਸ਼ਕਾਂ ਨੂੰ ਅਹਿਸਾਸ ਹੈ ਕਰਵਾ ਦੇਣਗੇ ਕਿ ਹ ਐਕਸ਼ਨ ਹੀਰੋ ਦੇ ਨਾਲ ਬੇਜੋੜ ਅਭਿਨੇਤਾ ਵੀ ਹਨ । ਬਾਕੀ ਨੀਰੂ ਬਾਜਵਾ ਅੱਜ ਵੀ ਸੋਲਾਂ ਸਾਲ ਦੀ ਲੱਗਦੀ ਹੈ। ਬਾਕੀ ਨਵ ਬਾਜਵਾ ਫ਼ਿਲਮ ਨੂੰ ਹਰ ਪੱਖ ਤੋਂ ਮਨੋਰੰਜਨ ਭਰਪੂਰ ਬਣਾ ਦੇਣਗੇ ਇਹੀ ਉਮੀਦ ਹੈ। ਦੀਵਾਲੀ ਤੇ ਇਹ ਨਵ ਬਾਜਵਾ ਦਾ ਤੋਹਫ਼ਾ ਨੀਰੂ ਤੇ ਦੇਵ ਦੇ ਨਾਲ ਘੁੱਗੀ ਲਈ ਵੀ ਅਮੁੱਲ ਹੈ।

## "ਮੀਆਂ ਬੀਵੀ ਰਾਜੀ ਤੇ ਕੀ ਕਰਨਗੇ ਭਾਜੀ" ਰਾਜਨ ਬੱਤਰਾ ਕਰਨਗੇ ਰਲੀਜ਼

ਬੱਤਰਾ ਸ਼ੋਅਬਿਜ ਫਿਰ ਪਾਲੀਵੁੱਡ ਵਿੱਚ ਸਰਗਰਮ ਹੋਈ ਹੈ ਤੇ ਸਨੇਹ ਮਹਿਤਾ ਅਨਿਲ ਮਹਿਤਾ ਦੀ ਨਵੀਂ ਫ਼ਿਲਮ "ਮੀਆਂ ਬੀਵੀ ਰਾਜੀ ਤੇ ਕੀ ਕਰਨਗੇ ਭਾਜੀ" ਦੀਵਾਲੀ ਬਾਅਦ ਇਸ ਨਵੰਬਰ ਨੂੰ ਆ ਰਹੀ ਹੈ। ਰਾਜਨ ਬੱਤਰਾ ਪਾਲੀਵੁੱਡ ਦੇ ਦਿੱਗਜ ਵਿਤਰਕ ਹਨ ਤੇ ਉਹ ਇਸ ਫ਼ਿਲਮ ਨੂੰ ਰਲੀਜ਼ ਕਰਨਗੇ। ਫ਼ਿਲਮ ਵਿੱਚ ਸ਼ਹਿਨਾਜ਼ ਸੇਹਰ ਹੀਰੋਇਨ ਹੈ ਤੇ ਨਾਲ ਹੀਰੋ ਯੁਵਰਾਜ ਹੰਸ ਹੈ। ਫ਼ਿਲਮ ਦੇ ਨਾਚ ਨਿਰਦੇਸ਼ਕ ਪੱਪੂ ਖੰਨਾ ਹਨ ਜਦ ਕਿ ਪਿੱਠਵਰਤੀ ਸੰਗੀਤ ਮਨੋਜ ਸਿੰਘ ਨੇ ਤਿਆਰ ਕੀਤਾ ਹੈ। ਫ਼ਿਲਮ ਦੇ ਪੋਸਟਰ ਨੂੰ ਮਿਲ ਰਹੇ ਹੁੰਗਾਰੇ ਨੇ ਸਪੱਸ਼ਟ ਕੀਤਾ ਹੈ ਕਿ ਫ਼ਿਲਮ ਚਲੇਗੀ ਤੇ ਦਰਸ਼ਕ ਇਸ ਤੋਂ ਪੈਸਾ ਵਸੂਲ ਟਿਕਟ ਦਾ ਕਰਨਗੇ।




ਫ਼ਿਲਮ ਦੇ ਗੀਤ ਕਾਲਾ ਨਿਜ਼ਾਮਪੁਰੀ ਨੇ ਲਿਖੇ ਹਨ ਤੇ ਇਸ ਤਰ੍ਹਾਂ ਫ਼ਿਲਮ ਸੰਗੀਤਕ ਵੀ ਕਾਫੀ ਹੋਏਗੀ ਤੇ ਬਾਕੀ ਹਸਾ ਹਸਾ ਕਿ ਲੋਟ ਪੋਟ ਵੀ ਕਰੇਗੀ।

## ਗੋਗੀ ਘੁਮਾਣ ਦੇ ਗਾਣੇ ਇੱਕ ਤੋਂ ਬਾਅਦ ਇੱਕ

ਕੁਲਦੀਪ ਪਾਰਸ ਨਾਲ ਕੀਤੀਆਂ ਸਟੇਜਾਂ ਨੇ ਨਿੱਖਰ ਕਿ ਲਿਆਂਦਾ ਹੈ ਆਵਾਜ਼ ਦੇ ਧਨੀ ਗਾਇਕ ਗੋਗੀ ਘੁਮਾਣ ਨੂੰ ਜਿਸ ਦੀ ਆਵਾਜ਼ ਹਰ ਤਰਾਂ ਦੇ ਗੀਤ ਗਾ ਕਿ ਕਾਮਯਾਬੀ ਪ੍ਰਾਪਤ ਕਰ ਰਹੀ ਹੈ। ਪ੍ਰਵਾਸੀ ਗਾਇਕ ਗੋਗੀ ਘੁਮਾਣ ਨੇ ਹੁਣ ਪੰਦਰਾਂ ਦਿਨ ਬਾਅਦ ਨਵਾਂ ਗਾਣਾ ਦੇਣ ਦਾ ਮਨ ਬਣਾਇਆ ਹੈ। ਉਹ ਆਪਣਾ ਗਾਇਕੀ ਕੈਰੀਅਰ ਮਜ਼ਬੂਤ ਕਰਨ ਲਈ ਅਮਰੀਕਾ ਦੇ ਸੰਗੀਤਕਾਰਾਂ ਤੇ ਗਾਇਕ ਲੋਕਾਂ ਦੀ ਸਲਾਹ ਲੈਂਦਾ ਹੈ। ਖੁਦ ਉਹ ਗੀਤ ਲਿਖ ਲੈਂਦਾ ਹੈ ਤੇ ਤਰਜ਼ ਵੀ ਬਣਾ ਲੈਂਦਾ ਹੈ। ਗੋਗੀ ਘੁਮਾਣ ਨੇ "ਬਿਟਰ ਤਰੁੱਥ" ਨਾਲ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ ਹੈ ਤੇ ਹੁਣ ਉਹ ਦੋਗਾਣੇ ਵੀ ਕਰ ਰਿਹਾ ਹੈ। ਗੋਗੀ ਘੁਮਾਣ ਨੇ ਫ਼ਿਲਮ ਛੱਡ ਦਿੱਤੀ ਸੀ ਕਿਉਂ ਕਿ ਅਚਾਨਕ ਯੂ ਐਸ ਏ ਆਉਣ ਦਾ ਉਸ ਦਾ ਪ੍ਰੋਗਰਾਮ ਬਣ ਗਿਆ ਸੀ। ਗੋਗੀ ਘੁਮਾਣ ਹੁਣ ਫਿਰ ਸਰਗਰਮ ਹੈ ਤੇ ਨਿਸ਼ਾਨਾ ਅਗਲਾ ਫ਼ਿਲਮਾਂ ਹੀ ਹਨ। ਬੌਬੀ ਉੱਤਮ ਤੇ ਵਿਜੇ ਪਾਹਵਾ ਉਸ ਦੇ ਪੰਜਾਬ ਤੋਂ ਸੰਗੀਤ ਤੇ ਵੀਡਿਓ ਦੇ ਸਾਥੀ ਹਨ।



## ਦੀਵਾਲੀ ਤੇ ਉਹ ਨਵਾਂ ਗੀਤ ਰਲੀਜ਼ ਕਰਨ ਵਾਲਾ ਹੈ। ਕੁਲਜੀਤ ਗ਼ਜ਼ਲ ਪੰਜਾਬੀਅਤ ਦੀ ਸ਼ਾਨ ਹੈ

ਬਹੁਤ ਪਿਆਰੀ ਕਵਿੱਤਰੀ ਕੁਲਜੀਤ ਕੌਰ ਗ਼ਜ਼ਲ ਹੈ ਤੇ ਗ਼ਜ਼ਲ ਜਿਹੀ ਪਿਆਰੀ ਉਸ ਦੀ ਸਖਸ਼ੀਅਤ ਹੈ। ਸਾਹਿਤ ਉਸ ਦੇ ਖ਼ੂਨ ਵਿੱਚ ਰਚਿਆ ਹੋਇਆ ਹੈ ਤੇ ਗੀਤ ਉਸ ਦੇ ਦਿਲ ਦੀ ਤਰਜ਼ਮਾਨੀ ਕਰਦੇ ਹਨ। ਆਸਟ੍ਰੇਲੀਆ ਰਹਿ ਕਿ ਕਿਸ ਕਦਰ ਉਹ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਸੰਗੀਤ ਨੂੰ ਉਤਸ਼ਾਹਿਤ ਕਰ ਰਹੀ ਹੈ ਤਰੀਫ ਦੇ ਕਾਬਿਲ ਹੈ। ਮਧੂ ਤਨਹਾ ਜਿਹੀ ਸ਼ਾਇਰ ਉਸ ਦੀ ਮਿੱਤਰ ਹੈ। ਕੁਲਜੀਤ ਕੌਰ ਗ਼ਜ਼ਲ ਦੇ ਗੀਤ ਤੇ ਗ਼ਜ਼ਲ ਬਿਲਕੁਲ ਗੁਲਜ਼ਾਰ ਦੇ ਗੀਤਾਂ ਦੀ ਤਰਾਂ ਫ਼ਿਲਮਾਂ ਦਾ ਹਿੱਸਾ ਬਣ ਸਕਦੇ ਹਨ । ਉਹ ਕਿਸੇ ਵੀ ਸਥਿਤੀ ਤੇ ਕਾਫੀ, ਗੀਤ, ਗ਼ਜ਼ਲ ਤੇ ਕਵਾਲੀ ਫ਼ਿਲਮਾਂ ਲਈ ਲਿਖ ਸਕਦੀ ਹੈ।



## ਗੁਰਦੀਪ ਸਿੰਘ ਸੰਧੂ ਤਹਿਸੀਲਦਾਰ ਸ਼ਾਹਕੋਟ ਦੀ "ਰਾਮ" ਬਾਣ ਸਿਲਵਰ ਜੁਬਲੀ

ਪੰਜਾਬ ਦੇ ਅੰਗਰੇਜ਼ੀ ਮੀਡੀਆ ਨੇ ਸ਼ਾਹਕੋਟ ਦੇ ਤਹਿਸੀਲਦਾਰ ਗੁਰਦੀਪ ਸਿੰਘ ਸੰਧੂ ਨੂੰ ਜਨਤਾ ਦੇ ਰੂ ਬ੍ਰੂ ਰੂ ਕਲਾਕਾਰ ਤੌਰ ਤੇ ਕਰ ਕਮਾਲ ਕਰ ਦਿਖਾਈ ਹੈ। ਪਤਾ ਚਲਿਆ ਕਿ ਕਾਰਜਕਾਰੀ ਮੈਜਿਸਟਰੇਟ ਨਕੋਦਰ ਤੇ ਤਹਿਸੀਲਦਾਰ ਸ਼ਾਹਕੋਟ ਗੁਰਦੀਪ ਸਿੰਘ ਸੰਧੂ ਬੇਹਤਰੀਨ ਕਲਾਕਾਰ ਵੀ ਹਨ। ਉਹ ਢਿੱਲਵਾਂ ਦੀ ਰਾਮ ਲੀਲਾ ਵਿੱਚ ਰਾਮ ਬਣਨ ਦੀ ਸਿਲਵਰ ਜੁਬਲੀ ਮਨਾ ਚੁੱਕੇ ਹਨ। ਕਈ ਵੀਡਿਓ ਗੀਤਾਂ ਦੇ ਮਾਡਲ ਤੇ ਦੂਰਦਰਸ਼ਨ ਦੇ ਡਰਾਮਾ ਨਾਇਕ ਰਹੇ ਤਹਿਸੀਲਦਾਰ ਗੁਰਦੀਪ ਸਿੰਘ ਸੰਧੂ ਬਾਬਤ ਟ੍ਰਿਬਿਊਨ ਦੀ ਅਪਰਣਾ ਬੈਨਰਜੀ ਨੇ ਖਾਸ ਮੌਜ਼ ਲਿਖਿਆ। ਗੁਰਦੀਪ ਸਿੰਘ ਸੰਧੂ "ਇਸ਼ਕ ਮੁਹੱਬਤ" ਫ਼ਿਲਮ ਦੇ ਹੀਰੋ ਹਨ ਤੇ ਬਲਕਾਰ ਅਣਖੀਲਾ ਮਨਜਿੰਦ ਰ ਗੁਲਸ਼ਨ ਦੇ ਐਲਬਮ ਦੋਗਾਣੇ ਦੇ ਵੀ ਹੀਰੋ ਰਹੇ ਹਨ ।ਤਹਿਸੀਲਦਾਰ ਤੇ ਕਲਾਕਾਰ, ਰਾਮ ਲੀਲਾ ਤੇ ਲਗਾਤਾਰ 25 ਸਾਲ ਰਾਮ ਵਾਹ ਤੇ ਰਾਮ ਜੀ ਦੀ ਵੀ ਲੱਗਦਾ ਉਹਨਾਂ ਤੇ ਪੂਰੀ ਦਯਾ ਦ੍ਰਿਸ਼ਟੀ ਹੈ।



## ਅਸ਼ੋਕ ਪੁਰੀ, ਫਿਲਮੀ ਗੱਲ ਅੱਗੇ ਤੁਰੀ ਤੇ ਹੋਊ ਪੁਰੀ-ਪੁਰੀ

ਇੱਕ ਦਮ ਜਿਵੇਂ ਸ਼ੇਅਰ ਬਾਜ਼ਾਰ ਵਿੱਚ ਉਛਾਲ ਆਉਂਦਾ ਹੈ ਐਕਟਰ ਅਸ਼ੋਕ ਪੁਰੀ ਨਾਲ ਵੀ ਇੰਜ ਹੀ ਹੀ ਹੋ ਰਿਹਾ ਹੈ। ਦਰਜ਼ਨ ਪੰਜਾਬੀ ਫ਼ਿਲਮਾਂ ਤੇ ਸੈਂਕੜੇ ਟੈਲੀ ਫ਼ਿਲਮਾਂ ਤੇ ਸ਼ੋਰਟ ਫ਼ਿਲਮਾਂ ਦੇ ਅਭਿਨੇਤਾ ਅਸ਼ੋਕ ਪੁਰੀ ਨੇ ਡੀ ਡੀ ਪੰਜਾਬੀ ਤੇ "ਰੱਖੜੀ" ਫ਼ਿਲਮ ਕੀਤੀ ਜਿਸ ਨੂੰ ਹੱਥੀਂ ਛਾਂ ਓਟ ਬਜ਼ਾਰ ਨੇ ਕੀਤੀ ਹੈ। ਇਧਰ ਉਹਨਾਂ ਦੀ ਫ਼ਿਲਮ "ਕਰਮੀ ਆਪੋ ਆਪਣੀ" ਕਰਨ ਸਿੰਘ ਮਾਨ ਨਿਰਦੇਸ਼ਤ ਆ ਰਹੀ ਦੀਵਾਲੀ ਦਾ ਤੋਹਫ਼ਾ ਹੈ। ਵੱਡੀ ਗੱਲ ਕਿ ਇੱਕ ਹੋਰ ਫ਼ਿਲਮ ਉਹ ਕਰ ਰਹੇ ਹਨ ਤੇ ਅਵਿਨਾਸ਼ ਰਾਏ ਖੰਨਾ ਦੀ ਕਹਾਣੀ ਤੇ ਫ਼ਿਲਮ ਬਣਾ ਰਹੇ ਹਨ। ਅਹਿਮ ਗੱਲ ਕਿ ਉਹਨਾਂ ਨੇ ਸੰਜੇ ਮਿਸ਼ਰਾ ਦੀ ਹਿੰਦੀ, ਤਮਿਲ, ਤੇਲਗੂ, ਮਲਿਆਲਮ ਤੇ ਕੰਨੜ ਵਿੱਚ ਬਣ ਰਹੀ ਫ਼ਿਲਮ "ਕਹੀ ਭੀ ਕਭੀ ਭੀ" ਵਿੱਚ ਐਮ ਐਲ ਏ ਦੀ ਭੂਮਿਕਾ ਕਰ ਲਈ ਹੈ। ਗੱਲ ਕੀ ਸਦਕੇ ਜਾਵਾਂ ਅਸ਼ੋਕ ਪੁਰੀ ਦੇ ਕਿ ਬੱਲੇ ਬੱਲੇ ਜਾਰੀ ਹੈ, ਇਸ ਤੋਂ ਵਧੀਆ ਹੋਰ ਕੀ ਦੀਵਾਲੀ ਹੋਏਗੀ।



# ਪੁਸਤਕ ਸਮੀਖਿਆ

## ਖੇਡਾਂ ਮਿੰਕੂ ਤੇ ਚਿੰਟੂ ਦੀਆਂ

**ਕਥਾਕਾਰ: ਬਲਜਿੰਦਰ ਮਾਨ, ਚਿੱਤਰਕਾਰ: ਸੁਖਮਨ ਸਿੰਘ**

**ਪ੍ਰਕਾਸ਼ਕ: ਯੂਨੀਸਟਾਰ ਬੁਕਸ ਮੋਹਾਲੀ, ਪੰਨੇ: 32,ਮੁੱਲ: 125/-**

ਬਲਜਿੰਦਰ ਮਾਨ ਸਾਹਿਤ ਜਗਤ ਵਿੱਚ ਤਿੰਨ ਚਾਰ ਦਹਾਕਿਆਂ ਤੋਂ ਸਰਗਰਮ ਹੈ। ਸਾਹਿਤ, ਸੱਭਿਆਚਾਰ, ਸਮਾਜਿਕ, ਵਿੱਦਿਅਕ ਅਤੇ ਖੇਡ ਖੇਤਰ ਵਿੱਚ ਉਸ ਦੀ ਦੇਣ ਕਾਬਲੇ ਗੌਰ ਹੈ। ਉਹ ਅੱਜ ਤੱਕ 21 ਮੌਲਿਕ ਪੁਸਤਕਾਂ, ਸੱਤ ਦਾ ਅਨੁਵਾਦ ਅਤੇ 35 ਦਾ ਸੰਪਾਦਨ ਕਰ ਚੁੱਕਾ ਹੈ। ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਸ਼ਾਮਿਲ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਨਾਲ ਉਸ ਨੇ ਬਾਲ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਅਤੇ ਪਾ ਰਿਹਾ ਹੈ। ਬਾਲ ਸਾਹਿਤ ਦੇ ਖੇਤਰ ਵਿੱਚ ਆਪ ਦੀ ਸਰਗਰਮ ਭੂਮਿਕਾ ਹੈ। ਕੁਝ ਬਾਲ ਪੁਸਤਕਾਂ ਨੂੰ ਵੱਕਾਰੀ ਸੰਸਥਾਵਾਂ ਵੱਲੋਂ ਸਨਮਾਨ ਵੀ ਦਿੱਤੇ ਜਾ ਚੁੱਕੇ ਹਨ। ਹੱਥਲੀ ਪੁਸਤਕ ਖੇਡਾਂ ਮਿੰਕੂ ਤੇ ਚਿੰਟੂ ਦੀਆਂ ਉਸ ਦਾ ਇੱਕ ਨਿਵੇਕਲਾ ਤਜਰਬਾ ਹੈ। ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿੱਚ ਬਾਲ ਚਿੱਤਰਕਾਰਥਾਵਾਂ ਦੀ ਵਿਸ਼ੇਸ਼ ਮਹੱਤਤਾ ਹੈ। ਪਰ ਇਸ ਖੇਤਰ ਵਿੱਚ ਕਾਰਜ ਬਹੁਤ ਘੱਟ ਹੋਇਆ ਲ ਇਸ ਮਹਾਨਤਾ ਨੂੰ ਦੇਖਦਿਆਂ ਬਲਜਿੰਦਰ ਮਾਨ ਨੇ ਨਿੱਕੀ ਪਨੀਰੀ ਵਾਸਤੇ ਇਹ ਰੰਗਦਾਰ ਬਾਲ ਚਿੱਤਰਕਾਥਾਂਵਾਂ ਦੀ ਪੁਸਤਕ ਪੇਸ਼ ਕੀਤੀ ਹੈ। ਹਥਲੀ ਪੁਸਤਕ ਵਿੱਚ ਜਿੱਥੇ ਕਥਾਵਾਂ ਬੜੀਆਂ ਰੌਚਕ ਹਨ ਉੱਥੇ ਸੁਖਮਨ ਸਿੰਘ ਦੇ ਚਿੱਤਰ ਵੀ ਕਮਾਲ ਦੇ ਹਨ। ਪ੍ਰਾਇਮਰੀ ਤੱਕ ਦੇ ਵਿਦਿਆਰਥੀਆਂ ਨੂੰ ਇਹ ਚਿੱਤਰ ਆਕਰਸ਼ਿਤ ਕਰਦੇ ਹਨ। ਚਿੱਤਰਾਂ ਨਾਲ ਕਥਾ ਪੜ੍ਹਦੇ ਪੜ੍ਹਦੇ ਬੱਚੇ ਮੰਤਰ ਮੁਗਧ ਹੋ ਜਾਂਦੇ ਹਨ। ਉਹਨਾਂ ਦਾ ਜਿੱਥੇ ਭਰਪੂਰ ਮਨੋਰੰਜਨ ਹੁੰਦਾ ਹੈ ਉੱਥੇ ਉਹਨਾਂ ਅੰਦਰ ਗਿਆਨ ਅਤੇ ਸਿੱਖਿਆ ਦਾ ਸੰਚਾਰ ਵੀ ਹੁੰਦਾ ਹੈ।

ਹੱਥਲੀ ਪੁਸਤਕ 'ਖੇਡਾਂ ਮਿੰਕੂ ਤੇ ਚਿੰਟੂ ਦੀਆਂ' ਵਿੱਚ ਬਲਜਿੰਦਰ ਮਾਨ ਦੀਆਂ 10 ਚਿੱਤਰ ਕਥਾਵਾਂ ਸ਼ਾਮਿਲ ਹਨ। ਆਰਟ ਪੇਪਰ ਤੇ ਛਪੀ ਇਹ ਰੰਗਦਾਰ ਪੁਸਤਕ ਬੱਚਿਆਂ ਲਈ ਇੱਕ ਸੁਗਾਤ ਹੈ। ਨਿੱਕੀਆਂ ਨਿੱਕੀਆਂ ਕਥਾਵਾਂ ਰਾਹੀਂ ਉਹਨਾਂ ਨੂੰ ਤੁਰਨ ਫਿਰਨ, ਬੋਲਣ ਚੱਲਣ, ਕਿਤਾਬਾਂ ਦੀ ਸਾਂਭ ਸੰਭਾਲ ਅਤੇ ਸਮਾਜ ਵਿੱਚ ਵਿਚਰਨ ਦੀਆਂ ਗੱਲਾਂ ਸਿਖਾਈਆਂ ਗਈਆਂ ਹਨ। ਇਹਨਾਂ ਕਥਾਵਾਂ ਦੇ ਬਾਲ ਪਾਤਰ ਬੱਚਿਆਂ ਨੂੰ ਆਪਣੇ ਨਾਲ ਉਂਗਲੀ ਫੜ ਕੇ ਤੋਰ ਲੈਂਦੇ ਹਨ। ਖੇਡਣ ਦਾ ਚਾਅ,ਖੇਡ ਤੇ ਪੜ੍ਹਾਈ, ਬੋਲ ਬਾਣੀ, ਕਿਤਾਬਾਂ, ਡਰਾਈਵਿੰਗ ਦਾ ਚਾਅ,ਖੇਡਾਂ ਮਿੰਕੂ ਅਤੇ ਜਿੰਟੂ ਦੀਆਂ, ਸਮਾਨਤਾ, ਖਿਲਾਰਾ ਅਤੇ ਰਾਹ ਦਸੇਰੇ ਚਿੱਤਰਕਥਾਂਵਾਂ ਬੜੀਆਂ ਰੌਚਕ ਅਤੇ ਪ੍ਰੇਰਨਾਦਾਇਕ ਹਨਲ ਨਿੱਕੇ ਨਿਆਣਿਆਂ ਲਈ ਇਹ ਪੁਸਤਕ ਇੱਕ ਰਾਹ ਦਸੇਰੇ ਦਾ ਕੰਮ ਵੀ ਕਰਦੀ ਹੈ। ਬਲਜਿੰਦਰ ਮਾਨ ਵੱਲੋਂ ਬਾਲ ਸਾਹਿਤ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦੇ ਸੁਨਹਿਰੀ ਪੰਨਿਆਂ ਵਿੱਚ ਇਹ ਪੁਸਤਕ ਇੱਕ ਹੋਰ ਸੁਨਹਿਰੀ ਪੰਨਾ ਜੋੜਦੀ ਹੈ। ਕੁਦਰਤ ਨਾਲ ਪਿਆਰ ਅਤੇ ਆਲੇ ਦੁਆਲੇ ਬਾਰੇ ਜਾਣਕਾਰੀ ਦਿੰਦੀ ਹੋਈ ਇਹ ਪੁਸਤਕ ਬਾਲ ਮਨਾਂ ਦੀ ਹਾਣੀ ਪੁਸਤਕ ਹੈ।

# ਨਸ਼ੇ ਲੱਖਾਂ ਪੁੱਤ ਮਾਰੇ, ਲੋਕ ਵਿਚਾਰੇ ਸੁਣ ਬੋਲੀਏ ਸਰਕਾਰ" ਗੀਤ ਨਾਲ ਚਰਚਿਤ "ਬਲੈਕ ਤਰੁਥ" ਵਾਲਾ ਗਾਇਕ ਜਿੰਦ ਕਾਹਲੋ

ਬਚਪਨ ਤੋਂ ਟਰੈਕਟਰ ਦੀਆਂ ਸੀਟਾਂ ਤੇ ਥਾਪ ਲਾਉਂਦਾ ਜਿੰਦ ਕਾਹਲੋ ਮਹਿਸੂਸ ਕਰਵਾਉਂਦਾ ਸੀ ਕਿ ਸ ਅੰਦਰ ਗਾਇਕ ਕਲਾਕਾਰ ਦੇ ਨਾਲ ਨਾਲ ਸੰਗੀਤ ਲਹਿਰਾਂ ਵੀ ਹਨ। ਇਹੀ ਕਾਰਣ ਕਿ ਦਿਨ ਨੂੰ ਖੇਤੀ ਬਾੜੀ ਤੇ ਰਾਤ ਨੂੰ ਤਰਜ਼ ਬਣਾਉਂਦਾ, ਗੀਤ ਦਾ ਸੰਗੀਤ ਤਿਆਰ ਕਰਦਾ ਉਹ ਤਰਜ਼ ਨਿਗਾਰ ਤੇ ਸੰਗੀਤਕਾਰ ਬਣ ਗਿਆ। ਬਟਾਲਾ ਦੇ ਕਿਸਾਨ ਪਰਿਵਾਰ ਨਾਲ ਸਬੰਧਿਤ ਜਿੰਦ ਨੇ ਫਿਰ ਮੇਲਿਆਂ ਵਿੱਚ ਗਾਉਣਾ ਤੇ ਫਿਰ ਉਸ ਆਪਣਾ ਰਿਕਾਰਡਿੰਗ ਸਟੂਡੀਓ ਬਟਾਲਾ ਵਿਖੇ ਖੋਹਲ ਲਿਆ। ਸਟਾਰ ਐਂਕਰ ਕੰਵਲਜੀਤ ਮਾਨਾਂਵਾਲਾ ਨੇ ਸਾਰੇ







ਵੱਡੇ ਸੱਭਿਆਚਾਰਕ ਮੇਲਿਆਂ ਵਿੱਚ ਜਿੰਦ ਕਾਹਲੋ ਨੂੰ ਸਮਾਂ ਦੇ ਕਿ ਚਰਚਿਤ ਗਾਇਕ ਬਣਨ ਦੇ ਆਖ਼ਿਰ ਅਜਿਹੇ ਰਾਹ ਪਾਇਆ ਕਿ ਹ ਨਾ ਸਿਰਫ ਦੇਸ਼ ਦਾ ਬਲ ਕਿ ਵਿਦੇਸ਼ ਦਾ ਵੀ ਚਰਚਿਤ ਗਾਇਕ ਹੈ। ਆਸਟ੍ਰੇਲੀਆ, ਇੰਗਲੈਂਡ ਤੇ ਕਨੇਡਾ ਸ਼ੋ ਕਰਦੇ ਰਹਿਣ ਵਾਲੇ ਜਿੰਦ ਕਾਹਲੋ ਦੀ ਇੱਕ ਦਮ ਚਰਚਾ ਅੱਜ ਕਲ ਉਸ ਦੇ ਨਵੇਂ ਗੀਤ "ਬਲੈਕ ਟਰੁਥ" ਨੇ ਅਜਿਹੀ ਕਰਵਾਈ ਹੈ ਕਿ ਕਈ ਧਰਮ ਦੇ ਅਖੌਤੀ ਠੇਕੇਦਾਰ ਉਸ ਨੂੰ ਧਰਮ ਦੀ ਦਖ਼ਲਅੰਦਾਜ਼ੀ ਤੱਕ ਦੇ ਦੋਸ਼ ਲਾ ਰਹੇ ਹਨ। ਦਰਅਸਲ ਇਸ "ਬਲੈਕ ਤਰੁਠ" ਵਿੱਚ ਉਸ ਅੰਤਰਾ ਗਾਇਆ ਹੈ ਕਿ "ਵੰਡੇ ਇਹਨਾਂ ਧਰਮ, ਕਰਨ ਕੁਕਰਮ, ਚੋਰ ਬਣੇ ਗਿਆਨੀ ਬੜੇ ਵਿਦਵਾਨੀ, ਜਹਾਜਾਂ ਵਿੱਚ ਰਹਿੰਦੇ ਲੋਕਾਂ ਨੂੰ ਕਹਿੰਦੇ, ਬੀਬੀ ਜੀ ਆਓ ਦਰਸ਼ਨ ਪਾਓ। ਮਤਲਬ ਇਹਨਾਂ ਅਖੌਤੀ ਬਾਬਿਆਂ ਦੀ ਪੋਲ ਖੋਹਲਣ ਕਾਰਨ ਇਹ ਲੋਕ ਜਿੰਦ ਕਾਹਲੋ ਨੂੰ ਧਰਮ ਖਿਲਾਫ ਗੀਤ ਕਹਿ ਕਿ ਗੱਲ ਦੂਜੀ ਦਿਸ਼ਾ ਵੱਲ ਲਿਜਾ ਰਹੇ ਹਨ। ਜਿੰਦ ਕਾਹਲੋ ਨੇ ਕਿਹਾ ਕਿ ਉਸ ਦੀ ਕੰਪਨੀ ਜੇ ਐਮ ਐਸ ਰਿਕਾਰਡਜ਼ ਨੇ "ਬਲੈਕ ਟਰੁਠ" ਦੀ ਰਿਲਿਜ਼ਿੰਗ ਸ਼ਾਨਦਾਰ ਕੀਤੀ ਹੈ। ਸੌਹਿਲ ਸ਼ਾਹੋਤਾਜ ਨੇ ਇਸ ਪ੍ਰੋਜੈਕਟ ਨੂੰ ਖ਼ੂਬ ਵਧੀਆ ਬਣਾਉਣ ਲਈ ਸੋਨੂੰ ਲਾਲਕਾ ਤੇ ਰੋਬਿਨ ਮਸੀਹ ਤੋਂ ਵੀਡਿਓ ਬਣਾਇਆ ਹੈ ਜਿਸ ਨੇ ਪੰਜਾਬ ਦੇ ਪੁਰਾਤਨ ਗਾਇਕੀ ਮਾਹੌਲ, ਤੂੰਬੀ ਤੇ ਅਧਨਿਕ ਮਾਹੌਲ ਦਾ ਸ਼ਾਨਦਾਰ ਸੰਗਮ ਦਿਖਾ ਦਿੱਤਾ ਹੈ। ਜਿੰਦ ਕਾਹਲੋ ਦੱਸਦੇ ਨੇ ਕਿ ਹੁਣ ਉਹ ਕਨੇਡਾ ਦੇ ਨਾਗਰਿਕ ਨੇ ਪਰ ਜਨਮ ਭੂਮੀ ਦਾ ਮੋਹ ਖਿੱਚ ਪੰਜਾਬ ਲਿਆਉਂਦਾ ਹੈ। ਇਸ ਤੋਂ ਪਹਿਲਾਂ "ਸਨ ਆਫ ਪੰਜਾਬ" ਤੇ "ਸ਼ਗਨ ' ਉਹਨਾਂ ਦੇ ਗੀਤ ਕਾਮਯਾਬ ਰਹੇ ਹਨ। ਬੌਬੀ ਸ਼ਰਮਾ ਤੇ ਤਰੁਣ ਦੇ ਲੋਕ ਰੰਗ ਦੇ ਸੰਗੀਤ ਨਾਲ ਇਹ ਆਧੁਨਿਕ ਲੋਕ ਤੱਥ ਵਾਲਾ ਗੀਤ ਬਣ ਗਿਆ ਹੈ। ਜਿੰਦ ਕਾਹਲੋ ਦੇ ਇਸ ਗੀਤ ਨੇ ਨਸ਼ੇ ਦੀ ਗੱਲ ਕੀਤੀ ਹੈ, ਸਰਕਾਰ ਤੇ ਸਿਆਸਤ ਦੀ ਗੱਲ ਕੀਤੀ ਹੈ ਤੇ ਅਜਿਹੇ ਗੀਤ ਲੋਕ ਦਰਦ ਨੂੰ ਵੀ ਸਾਹਮਣੇ ਲਿਆ ਕਿ ਜਿੰਦ ਕਾਹਲੋ ਰਾਹੀਂ ਸਬੂਤ ਹੈ ਕਿ ਕਲਾਕਾਰ ਚਾਹੁਣ ਤਾਂ ਮਨੋਰੰਜਨ ਲੋਕ ਮਸਲਿਆਂ ਨੂੰ ਰੋਮਾਂਚਿਕ ਦਿਸ਼ਾ ਦੇ ਕਿ ਕਰ ਸਕਦੇ ਹਨ। ਖੈਰ ਜਿੰਦ ਕਾਹਲੋ ਦਾ ਇਹ ਗੀਤ ਜਦ ਬੋਲ ਆਓਂਦੇ ਨੇ ਕਿ "ਨਸ਼ੇ ਨੇ ਲੱਖਾਂ ਪੁੱਤ ਹੀ ਮਾਰੇ, ਲੋਕ ਵਿਚਾਰੇ ਸੁਣ ਲੈ ਬੋਲੀਏ ਸਰਕਾਰੇ" ਤਾਂ ਜਿੰਦ ਕਾਹਲੋ ਤੇ ਸਰੋਤੇ ਨੂੰ ਪੱਕੀ ਗੱਲ ਹੈ ਕਿ ਮਾਣ ਜਿਹਾ ਹੁੰਦਾ ਹੈ ਕਿ "ਬਲੈਕ ਤਰੁਥ" ਨਾਲ ਉਸ ਪੰਜਾਬ, ਪੰਜਾਬੀਆਂ ਦਾ ਕੌੜਾ ਸੱਚ ਬਿਆਨ ਕੀਤਾ ਹੈ। ਦਰਜ਼ਨ ਦੇ ਕਰੀਬ ਟਰੈਕ, ਬਹੁਤ ਸਾਰੇ ਗੀਤਾਂ ਦਾ ਸੰਗੀਤ ਤੇ ਮਾਨਾਂਵਾਲਾ ਦੀ ਫ਼ਿਲਮ ਲਈ ਪਲੇ ਬੈਕ ਦੇ ਰਹੇ ਗਾਇਕ ਜਿੰਦ ਕਾਹਲੋ ਤੋਂ ਪੰਜਾਬੀ ਗਾਇਕੀ ਨੂੰ ਬਹੁਤ ਆਸਾਂ ਨੇ ਕਿ ਅਸਲੀ ਲੋਕ ਗਾਇਕ ਬਣ ਉਹ ਇਸ ਤਰਾਂ ਹੀ ਵਿਚਰਦਾ ਰਹੇਗਾ ਤੇ ਉਸ। ਦੀ ਆਵਾਜ਼ ਨੂੰ ਕਪਿਲ ਸ਼ਰਮਾ ਜਿਹੇ ਸਟਾਰ ਵੀ ਸੁਰ ਭਰਪੂਰ ਅਵਾਜ਼ ਆਖਦੇ ਹਨ।"ਬਲੈਕ ਤਰੁੱਥ" ਗੀਤ ਵਿੱਚ ਰਾਜਨੀਤੀ, ਅਖੌਤੀ ਧਰਮ ਦੇ ਠੇਕੇਦਾਰ ਤੇ ਪੰਜਾਬ ਦੇ ਚਲੰਤ ਮੁੱਦੇ " ਲੋਕ ਤੱਥ ਬਣਾ ਪੇਸ਼ ਕਰ ਛਾ ਗਿਆ ਹੈ ਜਿੰਦ ਕਾਹਲੋ ਜਿਸ "ਦਿਲ ਦੀਆਂ ਗੰਢਾਂ ਖੋਹਲ ਕਿਸ ਨੂੰ ਸੁਣਾਵਾਂ ਨਾਲ ਹਿਨੋਰਾ ਮਾਰਿਆ ਹੈ। ਸੋਸ਼ਲ ਮੀਡੀਆ ਤੇ ਗੀਤ ਪੂਰਾ ਵਾਇਰਲ ਹੈ।

**ਪੇਸ਼ਕਸ਼ - ਅੰਮ੍ਰਿਤ ਪਵਾਰ**

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

